
RNI 61816/95
INTERNATIONAL MAGAZINE
Licence to Post without prepayment No. PP/CHD-3/0003
PB/0360/2006-08
Postal Regd. No. CHD/0081/2006
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
Atam Marg Monthly Magazine
December 2007
20/-
ਆਤਮ ਮਾਰਗ

ਸਾਲ ਤੇਰ੍ਹਵਾਂ, ਮਹੀਨਾ ਦਸੰਬਰ, 2007
ਫਾਊਂਡਰ ਚੇਅਰਮੈਨ
ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ
ਚੇਅਰਪਰਸਨ
ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust 'Atam Marg'
Gurdwara Ishar Parkash, Ratwara Sahib
(Near Chandigarh) P.O. Mullanpur
Garibdas, Teh. Kharar,
Distt. S.A.S. Nagar (Mohali) 140901 Pb.

Office 'Atam Marg' Ph. No. - 0160-2255002, 2255009

*Mobile* - 9417214391,79

**FOREIGN (ਵਿਦੇਸ਼) CONTACT NO.**

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains
Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur / Jagtar Singh Jagi
Phone : 0121-200-2818
Fax : 0121-200-2879, **Raj Mobile** : 07968734058
Australia - Bhai Jiwan Singh ji
Phone : 03-943-65865, Fax : 03-943-65867

For more information please visit us on internet at:-
Email : atammarg@yahoo.co.in, contact@ratwarasahib.org
Website: www.ratwarasahib.org

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤੱਤਕਰਾ

1 .ਸੰਪਾਦਕੀ 2
2 .ਚਉਥੈ ਪਹਿਰ ਸਬਾਹ ਕੈ 4
3. ਬਾਹਰਿ ਭੀਤਰਿ ਏਕੋ ਜਾਨਹੁ 10
4. ਸਾਕਾ ਸਰਹਿੰਦ 18
7. ਸੰਤ ਬਿਮਲਾ ਸਿੰਘ 38
6 .ਮਨੋਭਾਵਾਂ ਦੀ ਰਚਨਾਤਮਕ ਵਰਤ 50
9. ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ 55

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਰਤਵਾੜਾ ਸਾਹਿਬ | 98551-32009 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ - | 9417214378 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਜਰਨਲ - 9417214384, ਬੀ ਐਡ ਕਾਲਜ - | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9417214385 |
| ਅਖੰਡਪਾਠ ਬੁਕਿੰਗ | 9417214386 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ
ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

# ਸੰਪਾਦਕੀ

ਗੁਰੂ ਪੀਰਾਂ ਮਹਾਂਪੁਰਸ਼ਾਂ ਦੀ ਬਦੌਲਤ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਦੇ ਬਾਨੀ ਸੰਤ ਮਹਾਰਾਜ ਜੀ ਦੀ ਛੇਵੀਂ ਬਰਸੀ ਸਬੰਧੀ ਸਮਾਗਮ ਦੇਸ਼ਾਂ ਅਤੇ ਵਿਦੇਸ਼ਾਂ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਰਧਾ ਪਿਆਰ ਸਤਿਕਾਰ ਦੇ ਨਾਲ ਮਨਾਇਆ ਗਿਆ ਹੈ। ਹਰ ਸਾਲ ਵਾਂਗੂੰ ਵਿਦੇਸ਼ਾਂ ਦੀ ਸੰਗਤ ਦੇ ਨਾਲ ਹੋਰ ਵੀ ਪੂਰੇ ਪਰਿਵਾਰਾਂ ਸਮੇਤ ਸੰਗਤਾਂ ਬਹੁਤ ਹੀ ਸ਼ਰਧਾ ਦੇ ਨਾਲ ਆਪਣੇ ਪਿਆਰੇ ਦੇ ਪਿਆਰੇ ਅਸਥਾਨ ਤੇ ਨਤਮਸਤਕ ਹੋਈਆਂ ਹਨ। ਇਸ ਰੂਹਾਨੀ ਮਿਸ਼ਨ ਨਾਲ ਸਬੰਧਤ ਸੰਗਤਾਂ ਹੋਰਨਾਂ ਨੂੰ ਵੀ ਪ੍ਰੇਰ-ਪ੍ਰੇਰ ਕੇ ਸੇਵਾ ਸਿਮਰਨ ਦੇ ਕੁੰਭ ਵਿੱਚ ਮਹਾਨ ਯੋਗਦਾਨ ਪਾ ਰਹੀਆਂ ਹਨ। ਇਸ ਸਮਾਗਮ ਉਪਰ ਸਰੋਵਰ ਦੇ ਪਵਿੱਤਰ ਜਲ ਵਿੱਚ ਵੀ ਇਸ਼ਨਾਨ ਕਰਨ ਦਾ ਸੁਭਾਗ ਸੰਗਤਾਂ ਨੂੰ ਪ੍ਰਾਪਤ ਹੋਇਆ ਹੈ। ਇਸ ਵਾਰ ਅੱਗੇ ਨਾਲੋਂ ਵੀ ਵੱਧ ਸੰਗਤਾਂ ਨੇ ਚਾਰੇ ਦਿਨ ਸਤਿਸੰਗ ਵਿੱਚ ਸ਼ਮੂਲੀਅਤ ਕਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ। ਸੰਸਾਰ-ਸੁ-ਪ੍ਰਸਿੱਧ ਮਹਾਨ ਪਵਿੱਤਰ ਆਤਮਾਵਾਂ ਸਾਧੂ ਸੰਤ ਮਹਾਂਮੰਡਲੇਸ਼ਬਰ ਯੋਗੀ ਜਨਾਂ ਨੇ ਪਿਛਲੇ ਸਮਾਗਮਾਂ ਤੋਂ ਵੀ ਵੱਧ ਗਿਣਤੀ ਵਿੱਚ ਸਮਾਗਮਾਂ ਉਪਰ ਦਰਸ਼ਨ ਦੇ ਕੇ ਆਪਣੇ ਪ੍ਰਵਚਨਾਂ ਦੁਆਰਾ ਨਿਹਾਲ ਕੀਤਾ ਹੈ। ਛੇਵੀਂ ਬਰਸੀ ਦੇ ਸਮੇਂ ਪਰਮ ਪੂਜਯ ਸਤਿਕਾਰਯੋਗ ਬੀਜੀ ਨੇ ਆਪਣੇ ਪਿਆਰੇ ਨੂੰ ਸਮਰਪਿਤ ਇਸ ਤਰ੍ਹਾਂ ਦੇ ਨਾਲ ਨਵੀਆਂ ਪੁਸਤਕਾਂ ਰਲੀਜ਼ ਕਰਕੇ ਧਾਰਮਿਕ ਸਾਹਿਤਕ ਖੇਤਰ ਵਿੱਚ ਹੋਰ ਹੇਠ ਲਿਖੇ ਅਨੁਸਾਰ ਵਾਧਾ ਕੀਤਾ ਹੈ -

1. **'ਸੇਵਾ ਸਿਮਰਨ ਜੁਗਤੀਆਂ'** :- ਇਸ ਪੁਸਤਕ ਅੰਦਰ ਮਹਾਂਪੁਰਖਾਂ ਦੁਆਰਾ - ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ, ਖਾਲਸਾ ਅਕਾਲ ਪੁਰਖ ਕੀ ਫੌਜ, ਨਾਨਕ ਕੇ ਘਰਿ ਕੇਵਲੁ ਨਾਮੁ, ਮੰਝ ਪਿਆਰਾ ਗੁਰੂ ਕੋ, ਨਾਨਕ ਘਰ ਕੇ ਗੋਲੇ, ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ, ਆਪੇ ਗੁਰ ਚੇਲਾ, ਸੰਸਾ ਇਹੁ ਸੰਸਾਰੁ ਹੈ, ਗੁਰੂ ਅਰਜਨੁ ਪਰਤਖ ਹਰਿ, ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ, ਸੁ ਅੰਮ੍ਰਿਤ ਗੁਰ ਤੇ ਪਾਇਆ, ਗੁਰਹਿ ਦਿਖਾਓ ਲੋਇਨਾ, ਘਰ ਹੀ ਮਹਿ ਅੰਮ੍ਰਿਤੁ ਭਰਭੂਰ ਹੈ, ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ, ਕਲਿਜੁਗਿ ਨਾਨਕ ਨਾਮ ਸੁਖਾਲਾ, ਸਤਿਸੰਗ ਅਤੇ ਨਾਮ ਸਿਮਰਨ ਦੀ ਮਹਿਮਾ, ਭਗਤ ਰਵਿਦਾਸ ਜੀ, ਸਮਰਪਣ, ਹਉਮੈ ਦੀਰਘੁ ਰੋਗੁ ਹੈ, ਮੁਰਦਾ ਹੋਇ ਮੁਰੀਦ, ਸ੍ਰੀ ਗੁਰੂ ਨਾਨਕ ਦੇਵ ਜੀ, ਇਨ੍ਹਾਂ 21 ਸਿਰਲੇਖਾਂ ਹੇਠ ਖੋਲ ਖੋਲ ਕੇ ਨਾਮ ਸਿਮਰਨ ਦੀਆਂ ਜੁਗਤੀਆਂ ਦੱਸੀਆਂ ਗਈਆਂ ਹਨ। ਇਸ ਕਿਤਾਬ ਨੂੰ ਪੜ੍ਹ ਕੇ ਹਰ ਇੱਕ ਪ੍ਰਾਣੀ ਮਾਤਰ ਆਪਣੇ ਅਸਲੀ ਨਿਸ਼ਾਨੇ ਮੁੱਖ ਪ੍ਰਯੋਜਨ ਵੱਲ ਵੱਧ ਸਕਦਾ ਹੈ ਜੁਗਤੀ ਅਨੁਸਾਰ ਸੇਵਾ ਸਿਮਰਨ ਕਰਕੇ ਆਪਣਾ ਮਾਨਸ ਜਨਮ ਸਫਲ ਕਰ ਸਕਦਾ ਹੈ। ਇਹ ਕਿਤਾਬ 384 ਪੰਨਿਆਂ ਵਿੱਚ ਵੱਡੇ ਅਕਾਰ ਦੀ ਹੈ। ਜੋ ਕਿ ਰਤਵਾੜਾ ਸਾਹਿਬ ਤੋਂ ਉਪਲੱਬਧ ਹੋ ਸਕਦੀ ਹੈ।

2. **'ਮਾਨੁੱਖ ਤਨ ਦਾ ਪ੍ਰਯੋਜਨ'** :- ਇਸ ਕਿਤਾਬ ਅੰਦਰ ਮਹਾਂਪੁਰਖਾਂ ਦੇ ਪ੍ਰਵਚਨ - ਜੀਵਨ ਮਨੋਰਥ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਜੈਸਾ ਸੰਗ ਤੈਸਾ ਰੰਗ, ਅਮਰ ਸ਼ਹੀਦ, ਅਬ ਮੈ ਅਪਨੀ ਕਥਾ ਬਖਾਨੂੰ, ਤਿਨਿ ਤਿਆਗੀ ਮਾਇਆ..., ਸੰਸਾ ਇਹੁ ਸੰਸਾਰੁ ਹੈ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਵਿਸਾਖੀ, ਗੁਰ ਕੀ ਪ੍ਰਤੀਤ, ਗੁਰੂ ਅਰਜਨ ਦੇਵ ਜੀ, ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ, ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ, ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ, ਕੁੰਜੀ ਗੁਰ ਸਉਪਾਈ, ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ, ਦੋਸ ਕਰੰਮਾ ਆਪਣਿਆ, ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ, ਮਾਨੁੱਖ ਤਨ ਦਾ ਪ੍ਰਯੋਜਨ (ਤਿੰਨ ਭਾਗ) ਸਿਰਲੇਖਾਂ ਹੇਠ ਮਹਾਂਪੁਰਖਾਂ ਨੇ ਆਪਣੇ ਜੀਵਨ ਦੇ ਨਿੱਜੀ ਤਜਰਬੇ ਅਨੁਸਾਰ ਸੰਗਤਾਂ ਦੇ ਉਧਾਰ ਲਈ ਖੋਜ ਭਰਪੂਰ ਪ੍ਰਵਚਨ ਸਾਂਝੇ ਕੀਤੇ ਹਨ। ਇਹ ਕਿਤਾਬ ਵੱਡੇ ਅਕਾਰ ਵਿੱਚ 418 ਪੰਨਿਆਂ ਵਿੱਚ ਅੰਕਿਤ ਹੈ।

3. **'ਯੋਗਾ ਉਪਰ ਲੈਕਚਰ',** ਇਸ ਕਿਤਾਬ ਅੰਦਰ ਡਾ. ਸਵਾਮੀ ਰਾਮ ਜੀ ਦੁਆਰਾ ਕਰਮ ਯੋਗ - ਕਰਮ ਕਰਨਾ, ਭਗਤੀ ਯੋਗ - ਸ਼ਰਧਾ - ਨਿਸ਼ਠਾ ਲਗਨ, ਗਿਆਨ ਯੋਗ - ਗਿਆਨ ਦਾ ਮਾਰਗ, ਕੁੰਡਲਨੀ ਯੋਗ - ਅੰਦਰ ਦੀਆਂ ਸ਼ਕਤੀਆਂ ਨੂੰ ਜਗਾਉਣਾ, ਰਾਜ ਯੋਗ - ਰਾਜਸੀ ਮਾਰਗ ਅਤੇ ਇਸ ਪੁਸਤਕ ਵਿੱਚ ਰਾਜ ਯੋਗ ਦੀ ਸਿਖਿਆ ਦੱਸੀ ਗਈ ਹੈ। ਇਸ ਵਿੱਚ ਬਾਕੀ ਸਾਰੇ ਮਾਰਗ ਵੀ ਲਏ ਗਏ ਹਨ। ਇਸ ਵਿੱਚ ਤਿੰਨ ਵਿਮਾ ਡਈਮੈਸ਼ਨ ਲਈਆਂ ਗਈਆਂ ਹਨ, ਭਾਵ ਤਿੰਨ ਪੱਖ ਲਏ ਗਏ ਹਨ, ਸਰੀਰਕ, ਮਾਨਸਿਕ ਤੇ ਅਧਿਆਤਮਕ। ਰਾਜ ਯੋਗ ਦਾ ਅਭਿਆਸ ਕਰਕੇ ਤੁਸੀਂ ਤਿੰਨਾਂ ਪੱਖਾਂ ਤੇ ਕਾਬੂ ਪਾ ਲੈਂਦੇ ਹੋ ਤੇ ਪੂਰਨ ਮੁਕਤੀ ਪ੍ਰਾਪਤ ਕਰ ਲੈਂਦੇ ਇਹ ਪੁਸਤਕ' ਛੋਟੇ ਅਕਾਰ ਵਿੱਚ 106 ਪੰਨਿਆਂ ਤੇ ਅੰਕਿਤ ਹੈ।

**4. 'ਕਰਮ ਬੰਧਨ ਤੋਂ ਮੁਕਤੀ'** :- ਸਵਾਮੀ ਰਾਮ ਜੀ ਦੇ ਪ੍ਰਵਚਨ ਜੋ ਉਨ੍ਹਾਂ ਨੇ ਇਕ ਗੋਸ਼ਟੀ ਵਿੱਚ ਕੀਤੇ ਸੀ ਜੋ ਇੱਕ ਬਹੁਤ ਹੀ ਮਹੱਤਵਪੂਰਣ ਵਿਸ਼ਾ ਹੈ, ਉਸ ਨੂੰ ਕਰਮਬੱਧ ਕੀਤਾ ਗਿਆ ਹੈ, ਉਹ ਵਿਸ਼ਾ ਹੈ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਇਹ ਗੋਸ਼ਟੀ Center for Higher Consiciousness is Minneapolis ਨੇ ਕਰਾਈ ਸੀ। ਇਹ ਪੁਸਤਕ ਉਸ ਗੋਸ਼ਟੀ ਵਿੱਚ ਕੀਤੇ ਗਏ ਪ੍ਰਵਚਨ ਹਨ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਜੋ ਕੁਝ ਵੀ ਸਵਾਮੀ ਜੀ ਨੇ ਕਿਹਾ ਹੈ ਉਸ ਨੂੰ ਉਸੇ ਤਰ੍ਹਾਂ ਪਾਠਕਾਂ ਤੱਕ ਪਹੁੰਚਾਇਆ ਜਾਵੇ। ਇਹ ਪੁਸਤਕ ਛੋਟੇ ਅਕਾਰ ਵਿੱਚ 87 ਪੇਜਾਂ ਤੇ ਅੰਕਿਤ ਹੈ।

**5. Divine Word Contemplation Path'**, (ਸੁਰਤਿ ਸ਼ਬਦ ਮਾਰਗ) ਇਹ ਪੁਸਤਕ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਵਲੋਂ ਪੰਜਾਬੀ ਵਿੱਚ ਪਹਿਲੀ ਵਾਰ 1994 ਵਿੱਚ ਛੱਪੀ ਸੀ ਜਿਹੜੀ ਕਿ ਸੰਗਤਾਂ ਵਿੱਚ ਐਨੀ ਹਰਮਨ ਪਿਆਰੀ ਹੋਈ ਇਸ ਦੇ ਚਾਰ ਐਡੀਸ਼ਨ ਛਪ ਚੁਕੇ ਹਨ। ਹੁਣ ਇਸ ਦਾ ਉਲੱਥਾ ਅੰਗਰੇਜ਼ੀ ਵਿੱਚ ਪ੍ਰੋ. ਬੇਅੰਤ ਸਿੰਘ ਦੁਆਰਾ ਕੀਤਾ ਗਿਆ ਹੈ। ਇਹ ਰਤਵਾੜਾ ਸਾਹਿਬ ਤੋਂ ਉਪਲੱਬਧ ਹੈ।

ਭਾਈ ਭਾਗ ਸਿੰਘ ਖੈਰਪੁਰ ਮੁਹਾਲੀ ਵੱਲੋਂ ਚੌਥੀ ਧਾਰਮਿਕ ਕੈਸਿਟ 'ਮਾਵਾਂ ਠੰਡੀਆਂ ਛਾਵਾਂ' ਰਿਲੀਜ਼ ਹੋਈ ਜਿਸ ਵਿੱਚ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਦੀ ਯਾਦ ਵਿੱਚ ਇਸ ਕੈਸਿਟ ਦੇ ਗੀਤ ਲਿਖੇ ਗਏ ਹਨ ਅਤੇ ਇਹ ਕੈਸਿਟ ਸੰਤ ਮਹਾਰਾਜ ਦੀ ਧਰਮ ਸੁਪਤਨੀ ਮਾਤਾ ਰਣਜੀਤ ਕੌਰ ਜੀ ਜੋ ਟਰਸਟ ਚਲਾ ਰਹੇ ਹਨ ਨੂੰ ਸਮਰਪਿਤ ਹੈ। ਇਸ ਕੈਸਿਟ ਵਿੱਚ ਅੱਠ ਗੀਤ ਹਨ ਜਿਨ੍ਹਾਂ ਨੂੰ ਸੰਗੀਤ ਦਿੱਤਾ ਕੁਲਦੀਪ ਤੂਰ ਜੀ ਨੇ ਅਤੇ ਬੀਬੀ ਇਸਪ੍ਰੀਤ ਕੌਰ, ਬੀਬੀ ਪ੍ਰਭਜੋਤ ਕੌਰ ਅਤੇ ਬੀਬੀ ਹਰਭਜਨ ਕੌਰ ਅਤੇ ਕੁਲਦੀਪ ਤੂਰ ਨੇ ਗਾਇਨ ਕੀਤਾ ਹੈ।

ਇਸੇ ਤਰਾਂ ਤੱਖਰ ਪਰਿਵਾਰ ਇੰਗਲੈਂਡ ਵੱਲੋਂ ਹਰ ਸਾਲ ਤੀ ਤਰ੍ਹਾਂ ਇਸ ਸਾਲ ਵੀ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਮਿਤੀ 28 ਤੋਂ 31 ਅਕਤੂਬਰ ਤੱਕ ਅੱਖਾਂ ਦਾ ਫਰੀ ਕੈਂਪ ਲਗਾਇਆ ਗਿਆ ਜਿਸ ਵਿਚ 102 ਓਪਰੇਸ਼ਨ ਸਫਲ ਹੋਏ। 700 ਬੰਦਿਆਂ ਨੂੰ ਐਨਕਾਂ ਪ੍ਰਦਾਨ ਕੀਤੀਆਂ ਗਈਆਂ ਅਤੇ 1200 ਮਰੀਜਾਂ ਦਾ ਹਰ ਰੋਜ਼ ਅੱਖਾਂ ਦਾ ਚੈਕਅੱਪ ਕਰਕੇ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ। ਇਸੇ ਤਰ੍ਹਾਂ ਜੌਲੀਗਰਾਂਟ ਦੇਹਰਾਦੂਨ ਤੋਂ ਵੀ ਡਾਕਟਰਾਂ ਦੀ ਟੀਮ ਪਹੁੰਚੀ ਜਿਨ੍ਹਾਂ ਨੇ ਚੈਕ ਅਪ ਕਰਕੇ ਲੱਖਾਂ ਰੁਪਏ ਦੀਆਂ ਦਵਾਈਆਂ ਫਰੀ ਪ੍ਰਦਾਨ ਕੀਤੀਆਂ ਹਨ।

ਮਹਾਂਪੁਰਸ਼ਾਂ ਦੀ ਯਾਦ ਅੰਦਰ ਨਗਰ ਫੋਲੜੀਵਾਲ ਜਲੰਧਰ ਵਿਖੇ ਮਿਤੀ 6,7,8 ਨਵੰਬਰ ਨੂੰ ਮਹਾਨ ਗੁਰਮਤਿ ਸਮਾਗਮ ਨਗਰ ਫੋਲੜੀਵਾਲ ਦੀ ਸੰਗਤ ਅਤੇ ਐਨ.ਆਰ.ਆਈ. ਪ੍ਰੇਮੀਆਂ ਦੁਆਰਾ ਹਰ ਸਾਲ ਦੀ ਤਰ੍ਹਾਂ ਕਰਵਾਇਆ ਗਿਆ। ਜਿਸ ਵਿੱਚ ਵੱਖ ਵੱਖ ਸੰਪ੍ਰਦਾਇ ਦੇ ਸਾਧੂ ਸੰਤਾਂ ਤੋਂ ਇਲਾਵਾ ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਸਮਾਗਮ ਦੁਰਾਨ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਅੱਖਾਂ ਦਾ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ 700 ਮਰੀਜਾਂ ਨੂੰ ਫਰੀ ਐਨਕਾਂ ਅਤੇ 27 ਦੇ ਓਪਰੇਸ਼ਨ ਸਫਲਤਾ ਪੂਰਵਕ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਨਸ਼ਾ ਛਡਾਓ ਕੈਂਪ ਹੋਰ ਭਿਆਨ ਰੋਗਾਂ ਦੇ ਮਾਹਰ ਡਾਕਟਰ ਜਿਨ੍ਹਾਂ ਵਿਚ ਤਕਰੀਬਨ 15 ਡਾਕਟਰ ਵੱਖ ਵੱਖ ਰੋਗਾਂ ਦੇ ਮਾਹਰਾਂ ਨੇ ਸੰਗਤਾਂ ਦੀ ਸੇਵਾ ਕੀਤੀ ਅਤੇ ਫਰੀ ਦਵਾਈਆਂ ਦਿਤੀਆਂ ਹਨ। ਮਹਾਂਪੁਰਸ਼ਾਂ ਦੇ ਪਿਆਰਿਆਂ ਵੱਲੋਂ ਗੁਰ ਸ਼ਬਦ ਲੰਗਰ ਵਿੱਚ ਸਮੇਂ ਸਮੇਂ ਮਹਾਨ ਯੋਗਦਾਨ ਪਾਇਆ ਜਾ ਰਿਹਾ ਹੈ। ਛੇਵੀਂ ਬਰਸੀ ਸਮਾਗਮ ਸਮੇਂ ਵੀ ਆਤਮ ਮਾਰਗ ਦੇ ਸਲਾਨਾ ਅਤੇ ਲਾਈਫ ਮੈਂਬਰ ਬਣਨ ਵਾਸਤੇ ਅੱਧੀ ਭੇਟਾ ਦੀ ਸੇਵਾ ਮਹਾਂਪੁਰਸ਼ਾਂ ਦੇ ਪ੍ਰਵਾਸੀ ਪ੍ਰੇਮੀਆਂ ਵੱਲੋਂ ਕੀਤੀ ਗਈ ਹੈ।

ਮਹਾਂਪੁਰਸ਼ਾਂ ਦੀ ਸਰੀਰਕ ਗੈਰ ਹਾਜ਼ਰੀ ਦੇ ਬਾਵਜੂਦ ਉਨ੍ਹਾਂ ਨੂੰ ਹਾਜ਼ਰ ਨਾਜ਼ਰ ਸਮਝਦੇ ਹੋਏ ਰੂਹਾਨੀ ਮਿਸ਼ਨ ਦੇ ਸਮੂੰਹ ਸੇਵਾਦਾਰਾਂ ਨੇ ਬਹੁਤ ਹੀ ਸ਼ਰਧਾ ਸਹਿਤ ਆਪਣੀਆਂ ਜੁੰਮੇਵਾਰੀਆਂ ਨੂੰ ਸਮਾਗਮ ਸਮੇਂ ਸਫਲਤਾ ਪੂਰਵਕ ਨਿਭਾਇਆ ਗਿਆ ਹੈ। ਇਸ ਲਈ ਟਰਸਟ ਸਾਰੇ ਹੀ ਨਿਸ਼ਕਾਮ ਸੇਵਾਦਾਰ ਪ੍ਰੇਮੀਆਂ ਦਾ ਰਿਣੀ ਹੈ। ਛੇਵੀਂ ਬਰਸੀ ਦੇ ਸਬੰਧ ਵਿੱਚ ਜੋ ਵੀ ਓਪਰੋਕਤ ਸ਼ਬਦ ਲਿਖੇ ਗਏ ਹਨ, ਇਹ ਆਪਣੇ ਆਪ ਵਿੱਚ ਅਧੂਰੇ ਹਨ। ਮਹਾਂਪੁਰਸ਼ਾਂ ਦੀ ਮਹਿਮਾਂ ਅਪਰ ਅਪਾਰ ਹੈ ਜਿਸ ਨੂੰ ਸ਼ਬਦਾਂ ਦੇ ਅੰਦਰ ਬਿਆਨ ਕਰਨਾਂ ਬਹੁਤ ਹੀ ਮੁਸ਼ਕਲ ਕੰਮ ਹੈ। ਗੁਰੂ ਪਾਤਸ਼ਾਹ ਕ੍ਰਿਪਾ ਕਰਨ ਸਾਰਿਆਂ ਨੂੰ ਹੀ ਸੇਵਾ ਸਿਮਰਨ ਦਾ ਹੋਰ ਉਦਮ ਉਤਸ਼ਾਹ ਬਖਸ਼ਿਸ਼ ਕਰਨ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਪ੍ਰਉਪਕਾਰੀ ਕਾਰਜਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਦੀ ਨਿਰੰਤਰ ਕੋਸ਼ਿਸ਼ਾਂ ਕਰਦੇ ਰਹਿਣ ਦੀ ਕ੍ਰਿਪਾਲਤਾ ਕਰਨੀ ਜੀ। ਇਸ ਪਿਆਰ ਭਰੀ ਪਤ੍ਰਿਕਾ ਵਿੱਚ ਮਹਾਨ ਸ਼ਹੀਦਾਂ ਦੀ ਅਮਰ ਗਾਥਾ ਦੇ ਨਾਲ ਨਾਲ ਅੰਤਰੀਵ ਭਾਵ ਦੇ ਅੰਤਰੰਗ ਪ੍ਰਵਚਨ ਪੜ੍ਹਨ ਵਾਸਤੇ ਪ੍ਰਾਪਤ ਹੋਣਗੇ। ਇਸ ਲਈ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਸ਼ਬਦ ਦੀ ਸਾਝ ਵਧਾਉਣ ਵਾਸਤੇ ਇਸ ਪਿਆਰੀ ਪਤ੍ਰਿਕਾ ਨੂੰ ਹੋਰਨਾਂ ਤੱਕ ਪਹੁੰਚਾ ਕੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਦੇ ਪਾਤਰ ਬਣਨਾ ਚਾਹੀਦਾ ਹੈ।

(******)

# ਚਉਥੈ ਪਹਰਿ ਸਬਾਹ ਕੈ
## ਸੁਰਤਿਆ ਉਪਜੈ ਚਾਉ
### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

## ਹੁਕਮਨਾਮਾ

*ਗੋਂਡ ਮਹਲਾ ੫ ॥*
*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥*
*ਗੁਰ ਕੇ ਚਰਨ ਰਿਦੈ ਲੈ ਧਾਰਉ ॥*
*ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥੧॥*
*ਮਤ ਕੋ ਭਰਮਿ ਭੁਲੈ ਸੰਸਾਰਿ ॥*
*ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ਰਹਾਉ॥*
*ਭੂਲੇ ਕਉ ਗੁਰਿ ਮਾਰਗਿ ਪਾਇਆ ॥*
*ਅਵਰ ਤਿਆਗਿ ਹਰਿ ਭਗਤੀ ਲਾਇਆ ॥*
*ਜਨਮ ਮਰਨ ਕੀ ਤ੍ਰਾਸ ਮਿਟਾਈ ॥*
*ਗੁਰ ਪੂਰੇ ਕੀ ਬੇਅੰਤ ਵਡਾਈ ॥੨॥*
*ਗੁਰ ਪ੍ਰਸਾਦਿ ਊਰਧ ਕਮਲ ਬਿਗਾਸ ॥*
*ਅੰਧਕਾਰ ਮਹਿ ਭਇਆ ਪ੍ਰਗਾਸ ॥*
*ਜਿਨਿ ਕੀਆ ਸੋ ਗੁਰ ਤੇ ਜਾਨਿਆ ॥*
*ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ ॥੩॥*
*ਗੁਰੁ ਕਰਤਾ ਗੁਰੁ ਕਰਣੈ ਜੋਗੁ ॥*
*ਗੁਰੁ ਪਰਮੇਸਰੁ ਹੈ ਭੀ ਹੋਗੁ ॥*
*ਕਹੁ ਨਾਨਕ ਪ੍ਰਭਿ ਇਹੈ ਜਨਾਈ ॥*
*ਬਿਨੁ ਗੁਰ ਮੁਕਤਿ ਨ ਪਾਈਐ ਭਾਈ॥*

*ਅੰਗ - ੮੬੪*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ*
*ਵਾਹਿਗੁਰੂ ਜੀ ਕੀ ਫਤਹਿ*

ਆਪ ਨੇ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਉਪਰੰਤ_ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ ਉਸਨੂੰ ਸਰਵਣ ਕੀਤਾ ਹੈ। ਅੱਖਰਾਂ ਦੇ ਹਿਸਾਬ ਨਾਲ ਔਖੀ ਬਾਤ ਨਹੀਂ ਹੈ ਇਸਨੂੰ ਸਮਝਣਾ ਲੇਕਿਨ ਜੋ ਗੁਰੂ ਸਾਹਿਬ ਕਹਿ ਰਹੇ ਨੇ ਉਹ ਔਖੀ ਬਾਤ ਹੈ। ਕੋਈ ਵਿਰਲਾ ਹੈ ਜਿਸ ਦੀ ਸਮਝ ਵਿਚ ਇਹ ਬਚਨ ਆ ਜਾਵੇ ਕਿ ਗੁਰੂ ਮਹਾਰਾਜ ਕਿੱਥੇ ਸਾਨੂੰ ਲੈ ਜਾਣਾ ਚਾਹੁੰਦੇ ਨੇ, ਕਿੱਡਾ ਉਤਮ ਬਚਨ ਕਰ ਰਹੇ ਨੇ। ਸੋ ਗੁਰੂ ਮਹਾਰਾਜ ਜੀ ਨੇ ਦੋ ਚੀਜ਼ਾਂ ਦੱਸੀਆਂ ਨੇ ਇਸ ਦੇ ਵਿਚ। ਇਕ ਤਾਂ ਇਹ ਹੈ ਕਿ ਜਦੋਂ ਤੱਕ ਗੁਰੂ ਨਾ ਮਿਲੇ, ਸਾਫ ਹੀ ਫੈਸਲਾ ਕਰ ਦਿਤਾ ਕਿ ਮੁਕਤੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਦੂਸਰਾ ਹੈ ਕਿ ਗੁਰੂ ਨਾਲ ਕਿਸ ਤਰ੍ਹਾਂ ਦਾ ਵਰਤ-ਵਿਹਾਰ ਚਾਹੀਦਾ ਹੈ, ਕਿਸ ਤਰ੍ਹਾਂ ਦੇ ਨਾਲ ਗੁਰੂ ਨਾਲ ਪਿਆਰ ਚਾਹੀਦਾ ਹੈ। ਸੋ ਉਸ ਦੇ ਬਾਰੇ ਬਹੁਤ ਖੋਲ੍ਹ ਕੇ ਮਹਾਰਾਜ ਜੀ ਨੇ ਦੱਸਿਆ ਹੈ ਉਹ ਵੀ ਆਪ ਨੇ ਸਮਝਿਆ ਹੈ, ਸੁਣਿਆ ਹੈ।

ਪਹਿਲੀ ਜੋ ਚੀਜ਼ ਹੋਇਆ ਕਰਦੀ ਹੈ ਆਦਮੀ ਦੇ ਅੰਦਰ ਲਗਨ ਹੋਣੀ ਚਾਹੀਦੀ ਹੈ। ਜਦੋਂ ਤੱਕ ਦ੍ਰਿੜ੍ਹ ਲਗਨ ਪੈਦਾ ਨਹੀਂ ਹੁੰਦੀ ਓਨੀਂ ਦੇਰ ਤੱਕ ਧੁੰਦਲੀ ਹੈ ਉਸ ਦੀ ਮੰਜ਼ਲ, ਪਤਾ ਨਹੀਂ ਹੈ ਉਸਨੂੰ ਮੈਂ ਕੱਲ੍ਹ ਵੀ ਬੇਨਤੀ ਕਰੀ ਸੀ ਕਿ ਜੇ ਨਿਸ਼ਾਨਾ ਸਾਮ੍ਹਣੇ ਨਾ ਹੋਵੇ ਕਿ ਮੈਂ ਕਿੱਥੇ ਜਾਣਾ ਹੈ? ਮੇਰੀ ਮੰਜ਼ਲ ਕਿਹੜੀ ਹੈ? ਉਹ ਕਿਸ ਤਰ੍ਹਾਂ ਮੈਨੂੰ ਮਿਲੇਗੀ? ਫੇਰ ਇਹ ਹੁੰਦਾ ਹੈ ਕਿ ਅੰਦਰ ਦੇਖੇ ਕਿ ਸੱਚਮੁੱਚ ਹੀ ਉਥੇ ਜਾਣ ਦੀ ਲਗਨ ਹੈ ਜਾਂ ਮੈਂ ਐਵੇਂ ਹੀ ਸੁਣੀਆਂ-ਸੁਣਾਈਆਂ ਗੱਲਾਂ ਕਰੀ ਜਾਂਦਾ ਹਾਂ। ਸੰਗਤ ਵਿਚ ਆ ਜਾਂਦਾ ਹਾਂ, ਕੋਈ ਪੁਸਤਕ ਪੜ੍ਹ ਲਈ ਉਸ ਵੇਲੇ ਖਿਆਲ ਮਾੜਾ-ਮੋਟਾ ਆ ਗਿਆ ਜਾਂ ਇਸ ਤੋਂ ਵੱਧ ਮੈਨੂੰ ਦੁਨੀਆਂ ਦਾ ਖਿਆਲ ਹੈ ਕਿ ਦੁਨੀਆਂ ਬਣਾਵਾਂ, ਦੁਨੀਆਂ ਵਿਚ ਨਾਮ ਖੱਟਾਂ, ਦੁਨੀਆਂ ਵਿਚ ਧਨ ਖੱਟਾਂ, ਪਰਿਵਾਰ ਨੂੰ ਹੋਰ ਵੱਡਾ ਬਣਾਵਾਂ, ਬੜੀਆਂ-ਬੜੀਆਂ ਨੌਕਰੀਆਂ ਮਿਲਣ, ਵੱਡੀਆਂ-ਵੱਡੀਆਂ ਬਿਜਨਸਾਂ (ਵਪਾਰ) ਕਰਨ, ਸਾਡਾ ਵੱਡਾ ਨਾਉਂ ਹੋਵੇ, ਰਿਸ਼ਤੇਦਾਰ ਬਹੁਤ ਚੰਗੇ ਮਿਲਣ, ਸਵਾਰੀਆਂ ਮੇਰੇ ਕੋਲ ਚੰਗੀਆਂ ਹੋਣ, ਜਾਇਦਾਦ ਬੇਅੰਤ ਹੋਵੇ, ਫਾਰਮ ਵੀ ਚਲਦੇ ਹੋਣ। ਇੰਡਸਟਰੀਆਂ ਵੀ ਚਲਦੀਆਂ ਹੋਣ, ਵਿਦੇਸ਼ਾਂ ਵਿਚ ਵੀ ਵਪਾਰ ਹੋਵੇ ਇਹ ਆਦਮੀ ਦੇ ਧੇਯ ਨੇ ਜਿਨ੍ਹਾਂ ਨੂੰ ਟੀਚਾ ਆਖਦੇ ਨੇ। ਪਹਿਲਾਂ ਸਾਫ ਹੋਵੇ ਕਿ ਮੇਰਾ ਨਿਸ਼ਾਨਾ ਕੀ ਹੈ, ਮੈਂ ਪਹੁੰਚਣਾ ਕਿੱਥੇ ਹੈ? ਜਦੋਂ ਤੱਕ ਇਹ ਸਾਫ ਨਹੀਂ ਹੁੰਦਾ ਓਨੀਂ ਦੇਰ ਤੱਕ ਗੱਲ ਨਹੀਂ ਬਣਦੀ। ਦੂਸਰੀ ਗੱਲ ਇਹ ਹੈ ਕਿ ਜਿਸ ਵਕਤ ਆਦਮੀ ਦੇ ਅੰਦਰ ਇਹ ਨਿਸ਼ਚਾ ਹੋ ਜਾਂਦਾ ਹੈ ਕਿ ਮੈਂ ਤਾਂ ਇਸੇ ਜਨਮ ਦੇ ਅੰਦਰ ਵਾਹਿਗੁਰੂ ਨੂੰ ਮਿਲਣਾ ਹੈ। ਕੋਈ ਮਿਲਾ ਦੇਵੇ ਮੈਨੂੰ ਨਹੀਂ ਕੋਈ ਇਤਰਾਜ਼ ਚਾਹੇ ਕੋਈ ਅੰਗਰੇਜ਼ ਹੈ, ਚਾਹੇ ਕੋਈ ਅਰਬੀ ਹੈ ਚਾਹੇ ਕੋਈ ਪਾਰਸੀ ਹੈ, ਚਾਹੇ ਕੋਈ ਹੋਰ ਹੈ ਮੈਨੂੰ ਮਿਲਾ ਦਿਓ -

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ*
*ਦੀਜਹਿ ਪ੍ਰਾਨ ਅਕੋਰਿ ॥ ਅੰਗ - ੨੦੧*

ਕੋਈ ਵੀ ਕਿਉਂਕਿ ਮੇਰਾ ਮਤਲਬ ਇਹ ਹੈ ਕਿ ਮੈਂ ਵਾਹਿਗੁਰੂ ਨੂੰ ਮਿਲਣਾ ਹੈ। ਜਿਸ ਦੇ ਅੰਦਰ ਲਗਨ ਹੁੰਦੀ ਹੈ ਉਹ ਇਹ ਨਹੀਂ ਦੇਖਦਾ ਕਿ ਮੈਨੂੰ ਫਲਾਣਾ ਮਿਲਾਵੇ ਜਾਂ ਫਲਾਣਾ ਮਿਲਾਵੇ ਉਹ ਕਹਿੰਦਾ ਮਿਲਾਉਣ ਵਾਲਾ ਆਵੇ ਸਹੀ ਕੋਈ -

*ਮਨੁ ਅਰਪਉ ਧਨੁ ਰਾਖਉ ਆਗੈ*
*ਮਨ ਕੀ ਮਤਿ ਮੋਹਿ ਸਗਲ ਤਿਆਗੀ ॥*
*ਅੰਗ - ੨੦੪*

ਮੈਂ ਧਨ ਵੀ ਦੇਵਾਂ ਤੇ ਤਨ ਵੀ ਦੇ ਦੇਵਾਂ। ਪਹਿਲਾਂ ਹੀ ਕੀਮਤ ਦੇਣ ਨੂੰ ਤਿਆਰ ਹੋਇਆ ਹੁੰਦਾ ਹੈ। ਵਾਹਿਗੁਰੂ ਕੋਲ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਕੋਈ ਪੂਰਾ ਮਿਲਾ ਦੇਵੇ, ਮੈਂ ਮਿਲਣਾ ਚਾਹੁੰਦਾ ਹਾਂ। ਬਬੀਹੇ ਵਾਂਗੂੰ ਰੋਂਦਾ ਹੈ ਵਿਲਕਦਾ ਹੈ। ਉਸ ਤੋਂ ਬਾਅਦ ਵਾਹਿਗੁਰੂ ਕ੍ਰਿਪਾ ਕਰਦਾ ਹੈ ਆ ਜਾਂਦਾ ਹੈ ਕੋਈ ਐਸਾ ਜਿਸਨੂੰ ਵਾਹਿਗੁਰੂ ਨੇ ਇਸ਼ਾਰਾ ਕਰ ਦਿਤਾ ਕਿ ਇਹ ਰੂਹ ਵਿਲਕ ਰਹੀ ਹੈ ਤੇ ਮੇਰੇ ਪਾਸ ਆਉਣਾ ਚਾਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਪ੍ਰਬੰਧ ਵਾਹਿਗੁਰੂ ਦਾ ਹੈ। ਮਹਾਰਾਜ ਜੀ ਇਸ ਤੋਂ ਵੀ ਅੱਗੇ ਕਹਿੰਦੇ ਨੇ ਕਿ ਇਹ ਇਕ ਜਨਮ ਦੀ ਖੇਡ ਨਹੀਂ ਹੈ - ਵਾਰ-ਵਾਰ ਜਨਮ ਲੈਂਦਾ ਹੈ ਬੰਦਾ ਤੇ ਗੁਰੂ ਦੀ ਤਲਾਸ਼ ਵਿਚ ਰਹਿੰਦਾ ਹੈ। ਅਖੀਰ ਐਸੇ ਕੋਈ ਕਰਮ ਕਰ ਬੈਠਦਾ ਹੈ ਸ਼ੁੱਭ ਕਿ ਉਸ ਦੇ ਮੱਥੇ ਦੇ ਉਤੇ ਕਲਮ ਵਹਿ ਜਾਂਦੀ ਹੈ, ਲੇਖ ਲਿਖਿਆ ਜਾਂਦਾ ਹੈ। ਬਾਕੀ ਸਾਰੇ ਜਿਹੜੇ ਕਰਮਾਂ ਦੇ ਲੇਖ ਨੇ ਉਨ੍ਹਾਂ ਵਿਚੋਂ ਪ੍ਰਾਲਬਧ ਦਾ ਇਕ ਲੇਖ ਲਿਖਿਆ ਜੰਦਾ ਹੈ ਕਿ ਜਾਹ! ਬਈ ਪਿਆਰਿਆ ਤੈਨੂੰ ਇਸ ਜਨਮ ਵਿਚ ਸਮਰੱਥ ਗੁਰੂ ਮਿਲੇਗਾ।

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*
*ਅੰਗ - ੪੫੦*

ਉਸ ਨੇ ਆ ਕੇ ਤੇਰੇ ਅਗਿਆਨ ਦਾ ਹਨ੍ਹੇਰਾ ਕੱਟਣਾ ਹੈ ਤੇ ਗਿਆਨ ਦਾ ਦੀਪਕ ਤੇਰੇ ਅੰਦਰ ਲਟ-ਲਟ ਜਲ ਜਾਏਗਾ। ਤੇਰਾ ਕੰਮ ਬਣ ਜਾਏਗਾ ਤੈਨੂੰ ਉਹ ਪਹੁੰਚਾ ਸਕੇਗਾ ਹੋਰ ਨਹੀਂ ਕੋਈ ਪਹੁੰਚਾ ਸਕਦਾ ਕਿਉਂਕਿ ਮੇਰਾ ਹੀ ਇਹ ਹੁਕਮ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥ ਅੰਗ - ੨੦੫*

ਤਾਲਾ ਮਾਰ ਦਿਤਾ ਉਸ ਨੇ ਕੁੰਜੀ ਗੁਰੂ ਦੇ ਹਵਾਲੇ ਕਰ ਦਿਤੀ -

*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਜਿੰਨਾਂ ਜੀਅ ਕਰਦਾ ਉਪਾਅ ਕਰੀ ਜਾਹ ਨਹੀਂ ਮਿਲਦਾ ਕਿਉਂਕਿ ਸਤਿਗੁਰੂ ਦੀ ਸ਼ਰਨ ਵਿਚ ਜਾ ਕੇ ਹੀ ਇਹ ਚਾਬੀ ਮਿਲਦੀ ਹੈ। ਸ਼ਰਨ ਕਿਸ ਤਰ੍ਹਾਂ ਜਾਣਾ ਚਾਹੀਦਾ ਹੈ? ਕਿੰਨੀ ਕੁ ਕੁਰਬਾਨੀ ਕਰਨੀ ਚਾਹੀਦੀ ਹੈ, ਇਹ ਬਹੁਤ ਲੰਮੀਆਂ ਗੱਲਾਂ ਸਾਲਾਂ ਦੀ ਵਿਚਾਰ ਦੇ ਮੁਹਥਾਜ ਨੇ। ਛੋਟੀਆਂ ਜਿਹੀਆਂ ਗੱਲਾਂ ਨਹੀਂ ਹੁੰਦੀਆਂ ਰੂਹਾਨੀ ਉਮਰਾਂ ਲੰਘ ਜਾਂਦੀਆਂ ਨੇ। ਉਹ ਵੀ ਜੇ ਕਿਸੇ ਨੂੰ ਸੂਝ ਮਿਲ ਜਾਵੇ ਸਹੀ ਰੂਹਾਨੀਅਤ ਦਾ ਮੰਡਲ ਮਿਲ ਜਾਵੇ ਉਹ ਲੰਘ ਜਾਂਦਾ ਹੈ, ਜੇ ਕਲਪਣਾ ਪੈਦਾ ਕਰਨ ਵਾਲਾ ਮਿਲ ਜਾਵੇ, ਰਾਗ ਤੇ ਦ੍ਵੈਸ਼ ਪੈਦਾ ਕਰਨ ਵਾਲਾ ਮਿਲ ਜਾਵੇ, ਅੰਦਰਲੇ ਪਾਸੇ ਈਰਖਾ ਪੈਦਾ ਕਰਨ ਵਾਲਾ ਮਿਲ ਜਾਵੇ, ਨਫਰਤ ਪੈਦਾ ਕਰਨ ਵਾਲਾ ਮਿਲ ਜਾਵੇ ਫੇਰ ਉਸ ਦਾ ਉਪਰਾਲਾ ਨਿਸਫਲ ਹੋ ਜਾਂਦਾ ਹੈ। ਅਦ੍ਵੈਤ ਮੰਡਲ ਮਿਲ ਜਾਵੇ ਉਸਨੂੰ ਉਥੇ ਜਾ ਕੇ ਉਹ ਫੇਰ ਘਾਲਣਾ ਕਰੇ, ਗੁਰੂ ਪੂਰਾ ਮਿਲ ਜਾਵੇ। ਮਹਾਰਾਜ ਜੀ ਕਹਿੰਦੇ ਜਿੰਨਾ ਚਿਰ ਤੇਰੇ ਅੰਦਰ ਸ਼ਬਦ ਪ੍ਰਗਟ ਨਹੀਂ ਹੁੰਦਾ ਓਨਾਂ ਚਿਰ ਤੂੰ ਬਿਲਕੁਲ ਹਨ੍ਹੇਰ-ਗੁਬਾਰ ਵਿਚ ਫਿਰਦਾ ਹੈਂ ਤੂੰ, ਕੋਈ ਪ੍ਰਕਾਸ਼ ਨਹੀਂ ਕਿੰਨੀਆਂ ਹੀ ਬਿਜਲੀਆਂ ਲਾ ਲੈ ਤੂੰ, ਕਿੰਨੀ ਹੀ ਤੂੰ ਰੋਸ਼ਨੀ ਕਰ ਲੈ ਤੇਰੇ ਅੰਦਰ ਹਨ੍ਹੇਰਾ ਪਿਆ ਹੈ। ਇਹ ਹਨ੍ਹੇਰੇ ਨੂੰ ਨਾ ਸੂਰਜ, ਨਾ ਚੰਦਰਮਾ ਕੋਈ ਨਹੀਂ ਹਟਾ ਸਕਦਾ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਗੁਰੂ ਤੋਂ ਬਗੈਰ ਘੋਰ ਅੰਧੇਰਾ ਹੈ ਕਿਉਂਕਿ ਐਨਾ ਹਨ੍ਹੇਰਾ ਪੈ ਚੁੱਕਿਆ ਹੈ, ਕਰੋੜਾਂ, ਅਰਬਾਂ, ਖਰਬਾਂ ਸਾਲ ਹੋ ਗਏ ਸਾਨੂੰ ਸ਼ਬਦ ਤੋਂ ਵਿਛੜਿਆਂ ਨੂੰ, ਉਹ ਸ਼ਬਦ ਦਾ ਦੀਪਕ ਅੰਦਰ ਜਲਦਾ ਨਹੀਂ ਹੈ। ਮਹਾਰਾਜ ਜੀ ਕਹਿੰਦੇ ਜਦੋਂ ਤੱਕ ਸ਼ਬਦ ਨਹੀਂ ਆਉਂਦਾ ਉਦੋਂ ਤੱਕ ਤੇਰੇ ਅੰਦਰ ਪ੍ਰਕਾਸ਼ ਨਹੀਂ ਹੁੰਦਾ ਤੇ ਪ੍ਰਕਾਸ਼ ਤੋਂ ਬਿਨਾਂ ਤੈਨੂੰ ਕੋਲ ਪਈ ਚੀਜ਼ ਦਾ ਪਤਾ ਨਹੀਂ ਲਗਦਾ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਨਾ ਤੇਰਾ ਜੰਮਣ ਮਰਣ ਖਤਮ ਹੋਣਾ ਹੈ ਕਿਉਂਕਿ ਤੈਨੂੰ ਆਤਮ ਵਸਤੂ ਦੀ ਪ੍ਰਾਪਤੀ ਨਹੀਂ ਹੋਈ। ਉਸ ਵਸਤੂ ਤੋਂ ਵਾਂਝਾ ਪਿਆ ਹੈ ਕੋਲ ਹੀ ਹੈ ਤੇਰੇ -

*ਮਨ ਮਹਿ ਆਪਿ ਮਨ ਅਪੁਨੇ ਮਾਹਿ ॥*
*ਨਾਨਕ ਕੀਮਤਿ ਕਹਨੁ ਨ ਜਾਇ ॥ ਅੰਗ - ੨੭੯*

ਐਨਾ ਨੇੜੇ ਹੁੰਦਾ ਹੋਇਆ ਫੇਰ ਤੂੰ ਵਾਂਝਾ ਹੈ ਇਸ ਚੀਜ਼ ਤੋਂ ਕਿਉਂਕਿ ਹਨ੍ਹੇਰੇ ਕਰਕੇ ਤੈਨੂੰ ਕੁਝ ਨਹੀਂ ਪਤਾ ਲਗਦਾ, ਓਈ ਟੋਹਾਂ ਲਾਈ ਜਾਂਦਾ ਹੈ, ਹਨ੍ਹੇਰੇ ਵਿਚ ਤੁਰਿਆ ਫਿਰਦਾ ਹੈ। ਫੇਰ ਇਸ ਦੇ ਵਿਚ ਮਹਾਰਾਜ ਜੀ ਸਾਨੂੰ ਸਾਵਧਾਨ ਕਰਦੇ ਨੇ ਕਿ ਪਿਆਰਿਆ! ਕੁੰਜੀ ਗੁਰੂ ਕੋਲ ਹੈ -

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - ੧੨੪*

ਸੋ ਇਸ ਸ਼ਬਦ ਦੇ ਅੰਦਰ ਮਹਾਰਾਜ ਜੀ ਨੇ ਗੁਰੂ ਤੇ ਪਾਰਬ੍ਰਹਮ ਨੂੰ ਇਕ ਕਿਹਾ ਹੈ, ਦੋ ਨਹੀਂ ਹਨ ਇਕ ਹੈ ਕਿਉਂਕਿ ਜੇ ਦੋ ਹੋ ਜਾਣ ਇਹ ਤਾਂ ਅੰਦਰੋਂ ਦ੍ਵੈਤ ਨਹੀਂ ਖਤਮ ਹੁੰਦੀ। ਗੁਰੂ ਇਹ ਕਹਿੰਦਾ ਹੈ ਕਿ -

*ਜੋ ਹਮ ਕੋ ਪਰਮੇਸਰ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*

ਉਹ ਸਾਡੀ ਦ੍ਰਿਸ਼ਟੀ ਨੂੰ ਕਹਿੰਦੇ ਨੇ ਕਿ ਤੁਸੀਂ ਸਰੀਰ ਨੂੰ ਗੁਰੂ ਮੰਨਣ ਲੱਗ ਜਾਂਦੇ ਹੋ ਵਜੂਦ ਨੂੰ ਗੁਰੂ ਮੰਨਣ ਲਗ ਜਾਂਦੇ ਹੋ। ਗੁਰੂ ਵਜੂਦ ਨਹੀਂ ਹੋਇਆ ਕਰਦਾ। ਗੁਰੂ ਪਰਮਜੋਤ ਹੈ ਪ੍ਰਮੇਸ਼ਰ ਹੈ ਆਪ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ॥ ਅੰਗ - ੪੪੨*

ਉਹ ਸਾਡੀ ਦ੍ਰਿਸ਼ਟੀ ਨੂੰ ਕਹਿੰਦੇ ਨੇ ਕਿ ਤੁਸੀਂ ਸਰੀਰ ਨੂੰ ਗੁਰੂ ਮੰਨਣ ਲੱਗ ਜਾਂਦੇ ਹੋ ਵਜੂਦ ਨੂੰ ਗੁਰੂ ਮੰਨਣ ਲਗ ਜਾਂਦੇ ਹੋ। ਗੁਰੂ ਵਜੂਦ ਨਹੀਂ ਹੋਇਆ ਕਰਦਾ। ਗੁਰੂ ਪਰਮਜੋਤ ਹੈ ਪ੍ਰਮੇਸ਼ਰ ਹੈ ਆਪ।

ਉਸ ਥਾਂ ਤੇ ਸਾਡੀ ਬੁੱਧੀ ਪਹੁੰਚਦੀ ਨਹੀਂ ਕਿਉਂਕਿ ਇਹ ਮਾਦਾ ਦੀ ਬਾਣੀ ਹੋਣ ਕਰਕੇ ਹੇਠਾਂ ਰਹਿ ਜਾਂਦੀ ਹੈ ਇਸਨੂੰ ਪਤਾ ਨਹੀਂ ਹੈ ਇਨ੍ਹਾਂ ਗੱਲਾਂ ਦਾ, ਨਾ ਅਨੁਭਵ ਆਵੇ ਨਾ ਇਨ੍ਹਾਂ ਨੂੰ ਪਤਾ ਲੱਗੇ। ਸੋ ਵਾਹਿਗੁਰੂ ਕ੍ਰਿਪਾ ਕਰਕੇ ਗੁਰੂ ਦੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ, ਸਰੀਰ ਵਿਚੋਂ ਪ੍ਰਗਟ ਹੋ ਜਾਂਦਾ ਹੈ ਤੇ ਉਸ ਦੇ ਨਾਲ ਉਸਨੂੰ ਪਛਾਨਣਾ ਬਹੁਤ ਔਖਾ ਹੋ ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ ਤੁਸੀਂ ਸਰੀਰਾਂ ਨੂੰ ਗੁਰੂ ਕਹਿਣ ਲੱਗ ਜਾਂਦੇ ਹੋ। ਜਿਹੜਾ ਗੁਰੂ ਹੈ, ਜੋਤ ਹੈ ਅੰਦਰ ਉਸ ਦਾ ਤੁਹਾਨੂੰ ਧਿਆਨ ਨਹੀਂ ਹੈ। ਉਹ ਜੋਤ ਕੀ ਹੈ? ਨਾ ਤਾਂ ਉਹ ਦੀਵੇ ਵਰਗੀ ਹੈ ਨਾ ਕੋਈ ਬਿਜਲੀ ਵਰਗਾ ਚਾਨਣਾ ਹੈ, ਨਾ ਉਹ ਸੂਰਜ ਵਰਗਾ ਚਾਨਣਾ ਹੈ। ਉਹ ਅਨੁਭਵ ਦਾ ਪ੍ਰਕਾਸ਼ ਹੋਰ ਤਰ੍ਹਾਂ ਦਾ ਹੈ, ਉਸ ਨੂੰ ਚਾਨਣਾ ਕਹਿਣਾ ਬਣਦਾ ਹੈ ਕਿਉਂਕਿ ਹਨ੍ਹੇਰੇ ਨੂੰ ਦੂਰ ਕਰਦਾ ਹੈ - ਅਗਿਆਨ ਦਾ ਹਨ੍ਹੇਰਾ ਦੂਰ ਕਰਦਾ ਹੈ। ਅਗਿਆਨ ਦਾ ਹਨ੍ਹੇਰਾ ਦੂਰ ਕਰਨ ਵਾਸਤੇ ਦੁਨੀਆਂ ਦਾ ਕੋਈ ਪ੍ਰਕਾਸ਼ ਸਮਰੱਥ ਨਹੀਂ ਹੈ। ਜਿਨ੍ਹਾਂ ਨੂੰ ਅਸੀਂ ਪ੍ਰਕਾਸ਼ ਕਹਿੰਦੇ ਹਾਂ ਇਹ ਵੀ ਹਨ੍ਹੇਰੇ ਹੀ ਨੇ ਪ੍ਰਕਾਸ਼ ਨਹੀਂ ਹਨ। ਸੋ ਉਹ ਜਿਹੜੀ ਚੀਜ਼ ਹੈ ਉਹ ਗੁਰੂ ਹੋਇਆ ਕਰਦੀ ਹੈ। ਜਦੋਂ ਸਾਨੂੰ ਅਜੇ ਤੱਕ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ? ਸਾਢੇ ਤਿੰਨ ਹੱਥ ਦੀ ਦੇਹ ਅਸੀਂ ਕਹਿ ਲੈਂਦੇ ਹਾਂ ਕਿ ਮੈਂ ਦੇਹ ਹਾਂ ਤੇਰੇ ਕੋਲ ਹਾਂ, ਮੈਂ ਸਿੱਖ ਹਾਂ, ਮੈਂ ਫਲਾਣਾ ਸਿੰਘ ਹਾਂ, ਫਲਾਣੇ ਥਾਂ ਰਹਿੰਦਾ ਹਾਂ। ਮਹਾਰਾਜ ਜੀ ਕਹਿੰਦੇ ਇਹ ਤਾਂ ਕੋਈ ਗੱਲ ਨਾ ਬਣੀ ਪਿਆਰਿਆ! ਤੂੰ ਤਾਂ ਕਰੋੜਾਂ ਸਾਲਾਂ ਦਾ ਘੁੰਮਦਾ ਫਿਰਦਾ ਹੈ। ਇਹ ਦੇਹ ਤਾਂ ਤੈਨੂੰ ਮਾਤਾ ਤੋਂ ਪ੍ਰਾਪਤ ਹੋਈ ਹੈ। ਤੂੰ ਤਾਂ ਬਹੁਤ ਸਾਲਾਂ ਦਾ ਫਿਰਦਾ ਹੈਂ-

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥ ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ॥*
*ਅੰਗ - ੯੯੯*

ਤੈਨੂੰ ਪਤਾ ਹੀ ਨਹੀਂ ਕਿ ਤੂੰ ਕਿਥੋਂ ਆਇਆ ਹੈਂ, ਕਿੰਨਾ ਕੁ ਚਿਰ ਹੋ ਗਿਆ ਚਲਦੇ ਨੂੰ, ਤੇਰਾ ਨਾਉਂ ਦ੍ਰਿੜ੍ਹ ਹੋ ਗਿਆ, ਉਸ ਨਾਉਂ ਨੂੰ ਕੋਈ ਬੁਰਾ ਭਲਾ ਕਹਿ ਦੇਵੇ ਤਾਂ ਤੈਨੂੰ ਦੁਖ ਲਗਦਾ ਹੈ ਕਿਉਂਕਿ ਅਪਣਾਅ ਲਿਆ ਕਿ ਮੇਰਾ ਫਲਾਣਾ ਨਾਉਂ ਹੈ, ਮੇਰਾ ਫਲਾਣਾ ਸਰੀਰ ਹੈ ਇਸ ਦੇ ਗਲਤ ਅਸਰ ਵਿਚ ਫਸ ਕੇ ਆਪਣੇ-ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਮੰਨ ਕੇ ਉਹ ਚੀਜ਼ ਮੰਨਦਾ ਹੈ। ਇਹ ਜਿਹੜੀ ਦੇਹ ਹੈ ਇਹ ਤਾਂ ਕਾਰਜ ਵਾਸਤੇ ਸਵਾਰੀ ਹੈ ਕਿਉਂਕਿ ਬਹੁਤ ਹੀ ਨਫੀਸ ਹੈ ਇਹ ਐਡੀ ਵੱਡੀ ਚੀਜ਼ ਹੈ ਕਿ ਦੁਨੀਆਂ ਦੇ ਅੰਦਰ ਬਣਾ ਹੀ ਨਹੀਂ ਸਕਦਾ, ਦੋ ਖਰਬ, 15 ਅਰਬ ਸੈਲ ਸਰੀਰ ਵਿਚ ਲੱਗੇ ਹੋਏ ਨੇ। 72 ਕਰੋੜ, 72 ਲੱਖ, 72 ਹਜ਼ਾਰ, 200 ਖੂਨ ਦੀਆਂ ਨਾੜੀਆਂ ਲੱਗੀਆਂ ਹੋਈਆਂ ਹਨ। ਗਿਣਨੀ ਹੀ ਔਖੀ ਹੈ, ਲਾਉਣੀ ਤਾਂ ਹੋਰ ਵੀ ਔਖੀ ਹੈ। ਪੰਜ ਮੋਟਰਾਂ ਲਾਈਆਂ ਹੋਈਆਂ ਨੇ ਪ੍ਰਮੇਸ਼ਰ ਨੇ ਜਿਸਨੂੰ ਜੀਵਨ ਲਈ ਅਤਿ ਜ਼ਰੂਰੀ ਸ਼ਕਤੀ ਕਹਿੰਦੇ ਨੇ, ਪ੍ਰਾਣ ਕਹਿੰਦੇ ਨੇ। ਫੇਰ ਇਸ ਦੇ ਅੰਦਰ ਫੁਰਨੇ ਕਰਨ ਵਾਲਾ ਇਕ ਯੰਤਰ ਹੈ ਜਿਸਨੂੰ ਮਨ ਕਹਿੰਦੇ ਨੇ, ਫੇਰ ਨਿਖੇੜਨ ਸ਼ਕਤੀ ਲਾ ਦਿਤੀ ਇਸ ਦੇ ਵਿਚ, ਕਿਸੇ ਕੰਪਿਊਟਰ ਵਿਚ distinction power ਨਹੀਂ ਹੈ ਪਰ ਇਸ ਸਰੀਰ ਵਿਚ ਹੈ ਫੇਰ ਇਸ ਦੇ ਵਿਚ ਅਨੁਭਵ ਪੈਦਾ ਕਰ ਦਿਤੀ, ਚਿੱਤ ਲਾ ਦਿਤਾ ਤੇ ਇਕ ਮੈਂ ਭਾਵ ਪੈਦਾ ਕਰ ਦਿਤਾ 'ਅਹੰਭਾਵ' ਉਸ ਦੇ ਨਾਲ ਹੀ ਇਹ 'ਮੈਂ' ਬਣ ਗਿਆ। 'ਮੈਂ' ਬਣ ਕੇ ਘੇਰਾ ਆ ਗਿਆ ਤੇ ਛੋਟਾ ਬਣ ਗਿਆ ਜਿਸਨੂੰ

ਹਉਮੈ ਕਹਿੰਦੇ ਨੇ, ਇਸ ਨੇ ਸੰਸਾਰ ਬਣਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਜਿਸਨੂੰ ਆਪਣਾ ਹੀ ਨਹੀਂ ਪਤਾ ਕਿ ਮੈਂ ਕੌਣ ਹਾਂ, ਉਹ ਗੁਰੂ ਨੂੰ ਕੀ ਜਾਣ ਸਕਦਾ ਹੈਂ ਕਿ ਗੁਰੂ ਕੀ ਹੈ, ਰੌਲਾ ਪਾਈ ਜਾਂਦਾ ਹੈ, ਝਗੜ ਪਾਈ ਜਾਂਦਾ ਹੈ। ਇਕ ਤਾਂ ਕਹਿੰਦਾ ਹੈ ਕਿ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***

***ਅੰਗ - ੮੬੪***

ਉਹ ਕਹਿੰਦਾ ਜੀ! ਮੂਰਤੀ ਦਾ ਧਿਆਨ ਧਰਨ ਲੱਗ ਗਏ। ਉਹ ਮੂਰਤੀਆਂ ਦੇ ਵਿਚ ਫਸਿਆ ਹੋਇਆ ਹੈ। ਇਕ ਮੂਰਤੀ ਜਿਹੜੀ ਸਾਰਿਆਂ ਨਾਲੋਂ ਸ੍ਰੇਸ਼ਟ ਹੈ ਉਸ ਤੇ ਧਿਆਨ ਲਗਵਾ ਕੇ ਉਸਨੂੰ ਅੱਗੇ ਕੱਢਣਾ ਹੈ ਕਿਉਂਕਿ ਸਿਆਣੇ ਇਹ ਕਹਿੰਦੇ ਨੇ ਕਿ ਜੇ ਕੰਡਾ ਲੱਗ ਜਾਵੇ ਤਾਂ ਤਿੱਖੀ ਚੀਜ਼ ਨਾਲ ਹੀ ਨਿਕਲਦਾ ਹੈ ਫੇਰ। ਇਸੇ ਤਰ੍ਹਾਂ ਸਰੀਰ ਵਿਚੋਂ ਸਰੀਰ ਨਾਲੋਂ ਬਾਹਰ ਕੱਢਣਾ ਹੈ। ਸ਼ਬਦ ਦੀ ਤਾਂ ਇਸਨੂੰ ਸੋਝੀ ਹੀ ਨਹੀਂ ਕਿ 'ਸ਼ਬਦ' ਹੁੰਦਾ ਕੀ ਹੈ। ਕੋਈ ਵਿਰਲਾ ਪੁਰਸ਼ ਹੈ ਜਿਸਨੂੰ ਇਹ ਪਤਾ ਹੋਵੇ ਕਿ ਸ਼ਬਦ ਕੀ ਹੁੰਦਾ ਹੈ। ਸਾਰਿਆਂ ਨੂੰ ਨਹੀਂ ਪਤਾ ਕਿ ਸ਼ਬਦ ਕਿਸਨੂੰ ਕਹਿੰਦੇ ਨੇ ਕਿਉਂਕਿ ਸ਼ਬਦ ਦਾ ਹੀ ਜ਼ਿਕਰ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ। ਸ਼ਬਦ ਆਪ ਹੀ ਹੈ ਪ੍ਰਮੇਸ਼ਰ। ਉਹ ਕਿਹੋ ਜਿਹਾ ਹੈ ਦਿੱਬਜ ਸ਼ਬਦ ਨਾ ਸਾਨੂੰ ਸੋਝੀ ਨਾ ਸਾਨੂੰ ਪਤਾ। ਮਹਾਰਾਜ ਜੀ ਕਹਿੰਦੇ ਜੋ ਵਾਹਿਗੁਰੂ ਹੈ ਉਹ ਆਪ ਹੀ ਸ਼ਬਦ ਰੂਪ ਹੋ ਕੇ ਫੈਲਿਆ ਹੋਇਆ ਹੈ, ਉਸਨੂੰ ਸ਼ਬਦ ਬ੍ਰਹਮ ਕਹਿੰਦੇ ਨੇ। ਨਾਉਂ ਰੱਖ ਲਿਆ ਹੈ ਉਹ ਸ਼ਬਦ -

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋਹ ਰਹਾ।***

ਉਹ ਧੁਨ ਜੋ ਓਅੰਕਾਰ ਦੀ ਹੈ ਇਹ ਅੱਖਰ ਵੀ ਅਸੀਂ ਬਣਾਇਆ ਹੈ ਕਹਿਣ ਵਾਸਤੇ ਲੇਕਿਨ ਉਹ ਅੱਖਰ ਨਹੀਂ ਹੈ ਕੋਈ। ਜਿਸਨੂੰ ਅਸੀਂ ਨਾਮ ਕਹਿੰਦੇ ਹਾਂ ਨਾਮ ਅੱਖਰ ਨਹੀਂ ਹੋਇਆ ਕਰਦਾ, ਨਾਮ ਤਾਂ ਇਕ ਉਹ ਸ਼ਕਤੀ ਹੈ ਜਿਸਨੂੰ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਆ ਹੈ, ਜੋ ਹਰ ਥਾਂ ਦੇ ਉਤੇ ਵਿਆਪਕ ਹੈ, ਜਿਸ ਤਰ੍ਹਾਂ ਪ੍ਰਮੇਸ਼ਰ ਵਿਆਪਕ ਹੈ ਇਸੇ ਤਰ੍ਹਾਂ ਦੇ ਨਾਲ ਨਾਮ ਵਿਆਪਕ ਹੈ। ਨਾਮ ਤੇ ਪ੍ਰਮੇਸ਼ਰ ਵਿਚ ਕਿਸੇ ਥਾਂ ਤੇ ਅਸੀਂ pin point ਨਹੀਂ ਕਰ ਸਕਦੇ ਕਿ ਇਥੋਂ ਪ੍ਰਮੇਸ਼ਰ ਖਤਮ ਹੋ ਗਿਆ ਇਹ ਤਾਂ ਇਕ ਧਾਰ ਚੱਲ ਰਹੀ ਹੈ ਜਿਵੇਂ ਆਦਮੀ ਦੇ ਵਿਚ ਆਦਮੀ ਦੀ ਸ਼ਕਤੀ ਹੁੰਦੀ ਹੈ ਤੇ ਆਦਮੀ ਵੱਖਰਾ ਨਜ਼ਰ ਆਉਂਦਾ ਹੈ, ਸ਼ਕਤੀ ਨੂੰ ਕਹਿ ਦਿੰਦੇ ਨੇ ਕਿ ਇਹ ਇਸ ਦੀ ਸ਼ਕਤੀ ਹੈ। ਇਥੋਂ ਬੈਠਾ ਹੀ ਕੋਈ ਗੱਲ ਕਰ ਦੇਵੇ ਆਪਣੀ ਸ਼ਕਤੀ ਦੇ ਨਾਲ, ਉਹ ਸ਼ਕਤੀ ਤਾਂ ਕੋਈ ਦੇਖ ਨਹੀਂ ਸਕਦਾ ਉਸ ਤੋਂ ਵੱਖਰੀ ਨਹੀਂ ਹੈ। ਇਸੇ ਤਰ੍ਹਾਂ ਨਾਮ ਤੇ ਨਾਮੀ ਦੋ ਚੀਜ਼ਾਂ ਨਹੀਂ ਇਕੋ ਹੀ ਹੈ। ਸੋ ਮਹਾਰਾਜ ਜੀ ਨੇ ਬਹੁਤ ਹੀ ਸਾਫ ਸਾਨੂੰ ਸਮਝਾਇਆ ਹੈ। ਪਹਿਲਾ ਅੱਖਰ ਨਾਮ ਦਾ ਹੀ ਹੈ ਗੁਰੂ ਗ੍ਰੰਥ ਸਾਹਿਬ ਦੇ ਅੰਦਰ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ***
***ਸਦਾਇਆ॥ ਭਾਈ ਗੁਰਦਾਸ ਜੀ, ਵਾਰ 26/2***

ਨਿਰੰਕਾਰ ਨੇ ਜਦੋਂ ਫੁਰਨਾ ਕੀਤਾ ਏਕੰਕਾਰ ਦਾ ਸਰੂਪ ਧਾਰਨ ਕਰਕੇ ਸੋ ਅਸੀਂ 'ਏਕੰਕਾਰ' ਇਸਨੂੰ ਕਹਿਣ ਲੱਗ ਪਏ। ਏਕੰਕਾਰ ਹਸਤੀ ਹੈ ਕੇਵਲ ਇਕ।

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ***
***ਬਣਾਇਆ। (ਭਾਈ ਗੁਰਦਾਸ ਜੀ,ਵਾਰ 26/2)***

ਜਿਹੜਾ action ਜਿਹੜਾ ਹੋਇਆ ਜਿਸ ਤੋਂ ਸਾਡੀ ਸ੍ਰਿਸ਼ਟੀ ਦੀ ਰਚਨਾ ਹੋਈ ਉਹ ਸੀ ਸ਼ਬਦ ਧੁਨ ਉਸ ਦਾ ਨਾਂ ਓਅੰਕਾਰ ਰੱਖ ਦਿਤਾ -

***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥***
***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - ੯੩੦***

ਓਅੰਕਾਰ ਤੋਂ ਸਾਰੀ ਸ੍ਰਿਸ਼ਟੀ ਵਜੂਦ ਵਿਚ ਆ ਗਈ ਉਹ ਜਿਹੜਾ ਆਦਿ ਸ਼ਬਦ ਹੈ ਉਹ ਸਾਰੇ ਕਿਤੇ ਫੈਲਿਆ ਹੋਇਆ ਹੈ। ਉਹ ਸ਼ਬਦ ਹੈ ਜਿਹੜਾ ਸਾਡੀ ਸਮਝ 'ਚ ਨਹੀਂ ਆਉਂਦਾ - ਅੱਖਰ ਨਹੀਂ ਹੈ ਕੋਈ ਅੱਖਰ ਹੋਰ ਚੀਜ਼ ਹੁੰਦਾ ਹੈ, ਸ਼ਬਦ ਹੋਰ ਚੀਜ਼ ਹੈ ਜਿਸ ਦੇ ਬਾਰੇ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਜ਼ਿਕਰ ਆਉਂਦਾ ਹੈ। ਹੁਣ ਆਪ ਹੀ ਦੇਖ ਲਓ ਸ਼ਬਦ ਕੀ ਹੁੰਦਾ ਹੈ। ਕੋਈ ਚੀਜ਼ ਜਾਂ ਬਰਤਨ ਗਿਰ ਜਾਵੇ, ਗਿਰੇ ਤੋਂ ਜੋ ਹੁੰਦਾ ਹੈ ਉਸਨੂੰ ਕਹਿੰਦੇ ਨੇ ਕਿ ਇਹ ਸ਼ਬਦ ਹੈ, ਹੁਣ ਇਸ ਨੂੰ ਅੱਖਰਾਂ 'ਚ ਕਿਵੇਂ ਲਿਆਵਾਂਗੇ ਸ਼ਬਦ ਨੂੰ। ਜਦੋਂ ਹੇਠਾਂ ਅਸੀਂ ਆ ਜਾਵਾਂਗੇ ਵਿਆਕਰਣਿਕ ਤੌਰ ਤੇ ਦੇਖਾਂਗੇ, ਬੋਲੀ ਆ ਜਾਏਗੀ ਫੇਰ ਉਸ ਦੇ ਅੱਖਰ ਨੂੰ ਅਸੀਂ ਕਹਿਣ ਲੱਗ ਜਾਵਾਂਗੇ ਸ਼ਬਦ। ਇਕ ਨੂੰ ਅੱਖਰ ਦੋ ਤਿੰਨ ਰਲ ਗਏ ਉਸਨੂੰ ਸ਼ਬਦ ਕਹਿਣ ਲੱਗ ਪਏ ਲੇਕਿਨ ਜੋ ਆਦਿ ਸ਼ਬਦ ਹੈ ਉਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਆਉਂਦਾ ਹੈ। ਸੋ ਮਹਾਰਾਜ ਜੀ ਦਾ ਜੋ ਹੁਕਮਨਾਮਾ ਹੈ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***

***ਅੰਗ - ੮੬੪***

ਇਸ ਦਾ ਪਤਾ ਉਸਨੂੰ ਲਗਦਾ ਹੈ ਜਿਹੜਾ ਇਸ ਰਸਤੇ ਤੇ ਚਲਦਾ ਹੈ ਦੂਸਰਾ ਜਿਹੜਾ ਹੈ ਉਸਨੂੰ ਪਤਾ ਨਹੀਂ ਲਗਦਾ ਹੈ, ਬੇਅੰਤ ਕਿਤਾਬਾਂ ਬਣ ਗਈਆਂ ਕਿ ਐਉਂ ਨਾ ਕਰੋ, ਐਉਂ ਨਾ ਕਰੋ। ਰੂਹਾਨੀ ਰਸਤੇ ਤੇ ਜੇ ਗੁਰੂ ਤੋਂ ਬਗੈਰ ਹੋਰ ਕਿਸੇ ਦੀ ਗੱਲ ਸੁਣਨ ਲੱਗ ਜਾਓ, ਨਹੀਂ ਪਹੁੰਚ ਸਕਿਆ ਕਰਦਾ

ਕਿਉਂਕਿ ਸ਼ੰਕਾ ਪੈਦਾ ਹੋ ਜਾਂਦਾ ਹੈ ਅੰਦਰ। ਡਾਕਟਰ ਨੂੰ ਪਤਾ ਹੁੰਦਾ ਹੈ ਕਿ ਮੈਂ ਇਸ ਮਰੀਜ਼ ਨੂੰ ਕਿਸ ਤਰ੍ਹਾਂ ਰਾਜ਼ੀ ਕਰਨਾ ਹੈ। ਅਨੁਭਵੀ ਮਹਾਂਪੁਰਸ਼ ਨੂੰ ਪਤਾ ਹੁੰਦਾ ਹੈ ਕਿ ਇਸ ਬੰਦੇ ਨੂੰ ਕਿਥੋਂ ਲਾਉਣਾ ਹੈ, ਕਿੱਥੇ ਇਸ ਦੀ ਬਿਰਤੀ ਫਸੀ ਹੋਈ ਹੈ। ਸਾਰੀਆਂ ਸੁਰਤੀਆਂ ਤੇ ਸਾਰੀਆਂ ਸੂਰਤਾਂ ਵਿਚੋਂ ਕੱਢ ਕੇ, ਸਾਰੇ ਫੁਰਨਿਆਂ ਵਿਚੋਂ ਕੱਢ ਕੇ ਇਕ ਸੂਰਤ ਤੇ ਇਸਨੂੰ ਇਕਾਗਰ ਕਰਾਉਣਾ ਹੈ ਕਿਉਂਕਿ ਇਹ ਅੱਗੇ ਦੀ ਗੱਲ ਅਜੇ ਸਮਝ ਨਹੀਂ ਸਕਦਾ ਕਿ ਸ਼ਬਦ ਕੀ ਹੁੰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਉਪਾਸਨਾ ਦਾ ਜ਼ਿਕਰ ਇਸ ਸ਼ਬਦ ਦੀ ਪਹਿਲੀ ਪੰਗਤੀ ਵਿਚ ਕੀਤਾ ਹੈ ਕਿਉਂਕਿ ਪਹਿਲਾਂ ਕਰਮ ਹੁੰਦਾ ਹੁੰਦਾ ਹੈ ਤੇ ਕਰਮ ਅਸੀਂ ਕਰ ਰਹੇ ਹਾਂ - ਆਸਾ ਦੀ ਵਾਰ ਵਿਚ ਆਉਂਦੇ ਹਾਂ ਅਸੀਂ, ਬਾਣੀ ਪੜ੍ਹਦੇ ਹਾਂ, ਸੇਵਾ ਕਰਦੇ ਹਾਂ ਹੋਰ ਵੀ ਬੇਅੰਤ ਡਿਊਟੀਆਂ ਦਿੰਦੇ ਹਾਂ, ਇਸ ਸਾਰੇ ਨੂੰ ਕਰਮ ਕਹਿੰਦੇ ਨੇ। ਕਰਮ ਕਰਨ ਤੋਂ ਬਾਅਦ ਦੂਸਰਾ ਉਪਾਸਨਾ ਆਉਂਦਾ ਹੈ। ਕਰਮ ਮੈਲ ਨੂੰ ਦੂਰ ਕਰਦਾ ਹੈ। ਉਪਾਸਨਾ ਅੰਤਸ਼ਕਰਨ ਵਿਚ ਜਿਹੜੀ ਮੈਲ ਪਈ ਹੈ, ਬਿਖਸ਼ੇਪਤਾ ਪਈ ਹੈ ਉਸਨੂੰ ਦੂਰ ਕਰਦੀ ਹੈ। ਜਦੋਂ ਤੱਕ ਉਪਾਸਨਾ ਦੇ ਵਿਚ ਦੀ ਨਹੀਂ ਲੰਘਦਾ ਉਹ ਦੂਰ ਨਹੀਂ ਹੁੰਦੀ। ਗਿਆਨ ਉਸ ਵਕਤ ਆਏਗਾ ਜਦੋਂ ਇਹ ਦੋ ਦੋਸ਼ ਮਲ ਤੇ ਵਿਖਸ਼ੇਪ ਹਟ ਜਾਣਗੇ। ਤੀਸਰਾ ਫੇਰ ਰਹਿ ਜਾਂਦਾ ਹੈ ਪੜਦਾ ਤੇ ਇਹ ਪੜਦਾ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਦੂਰ ਨਹੀਂ ਹੁੰਦਾ ਕਦੇ ਵੀ ਜਿੰਨਾ ਜੀਅ ਕਰਦਾ ਕਰ ਲਓ ਨਹੀਂ ਹੁੰਦਾ ਕਿਉਂਕਿ ਉਹ ਸਮਝ 'ਚ ਨਹੀਂ ਆਉਂਦੀ ਗੱਲ। ਸੋ ਫੇਰ ਜਿਹੜੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਆਵਰਨ ਦੂਰ ਹੁੰਦਾ ਹੈ। ਸੋ ਗੁਰੂ ਦਾ ਸ਼ਬਦ ਮੰਜ਼ਲ-ਦਰ-ਮੰਜ਼ਲ ਜੋ ਮੰਤਰ ਸਾਨੂੰ ਮਿਲਦਾ ਹੈ ਪੰਜ ਪਿਆਰਿਆਂ ਤੋਂ ਇਸ ਮੰਤਰ ਦੇ ਰਾਹੀਂ ਅਸੀਂ ਚੜ੍ਹਾਈ ਕਰਦੇ ਹਾਂ। ਸੋ ਜਿਸਨੂੰ ਅਸੀਂ ਸ਼ਬਦ ਗੁਰੂ ਕਹਿੰਦੇ ਹਾਂ ਇਹ ਸ਼ਬਦ manifest ਹੋਇਆ ਹੈ, ਸਾਰਾ ਹੀ ਅਸੀਂ ਜੋ ਕੁਝ ਵੀ ਦੇਖਦੇ ਹਾਂ ਜੋ ਕੁਝ ਵੀ ਸੁਣਦੇ ਹਾਂ ਜਿਸਨੂੰ ਮਾਇਆ ਕਹਿੰਦੇ ਨੇ, ਪ੍ਰਕ੍ਰਿਤੀ ਕਹਿੰਦੇ ਨੇ, ਇਹ ਸਾਰਾ ਹੀ ਸ਼ਬਦ manifest ਹੋਇਆ ਹੋਇਆ ਹੈ। ਸਾਇੰਸਦਾਨਾਂ ਨੇ ਵੀ ਇਸਨੂੰ ਖੋਜਣਾ ਸ਼ੁਰੂ ਕਰਿਆ, ਪਹਿਲਾਂ ਚਿੰਤਕਾਂ ਨੇ ਖੋਜਿਆ। ਮਿਮਾਸਾ ਸ਼ਾਸਤਰ ਤੇ ਨਿਆਏ ਸ਼ਾਸਤਰ ਨੇ ਕਿਹਾ ਕਿ ਪ੍ਰਮਾਣੂ ਸੀ ਅਕਾਸ਼ ਵਿਚ, ਉਹ ਪ੍ਰਮਾਣੂ ਜਿਹੜੇ ਨੇ ਉਹ ਇਕੱਠੇ ਹੋਏ ਨੇ, ਅਣੂਆਂ ਤੋਂ ਪ੍ਰਮਾਣੂ, ਪ੍ਰਮਾਣੂਆਂ ਤੋਂ ਸੰਸਾਰ। ਸਾਇੰਸ ਨੇ ਤਰੱਕੀ ਕਰ ਲਈ ਉਸੇ ਖਿਆਲ ਨੂੰ ਲੈ ਕੇ ਉਹ ਕਹਿਣ ਲੱਗੇ ਨਹੀਂ, ਇਨ੍ਹਾਂ ਦੇ ਉਤੇ ਜੋ ਅਣੂ ਨੇ - ਅਣੂਆਂ ਦੇ ਵਿਚ ਤਿੰਨ ਚੀਜ਼ਾਂ ਹੋਰ ਨੇ ਇਲੈਕਟ੍ਰਾਨ, ਪ੍ਰੋਟਾਨ, ਨਿਊਟਰਾਨ ਨੇ। This is all manifestation of electricity. ਬੜੀ ਦੇਰ ਇਹ ਖਿਆਲ ਰਿਹਾ। ਉਸ ਤੋਂ ਬਾਅਦ ਫੇਰ ਇਹ ਆਇਆ ਕਿ ਇਸ ਦੇ ਵਿਚ ਤਾਂ entry ਹੈ ਅਤੇ ਐਨਰਜੀ ਦੀ ਹੀ manifestation ਹੈ ਇਹ ਸਾਰਾ ਸੰਸਾਰ। ਉਸ ਤੋਂ ਬਾਅਦ ਇਨ੍ਹਾਂ ਨੂੰ ਸਮਝ ਕੁਝ ਨਾ ਆਇਆ, ਅਖੀਰ ਇਥੇ ਆ ਗਏ ਕਿ ਜੋ ਐਨਰਜੀ ਜਿਹੜੀ ਹੈ ਇਸਨੂੰ ਕੋਈ ਵੱਡਾ ਧਮਾਕਾ ਹੋਇਆ ਹੈ ਜਿਸ ਨਾਲ ਐਨਰਜੀ ਨੂੰ ਫੋਰਸ ਮਿਲੀ ਹੈ ਤੇ ਫੇਰ ਇਹ action (ਹਰਕਤ) ਵਿਚ ਆ ਗਈ ਤੇ ਉਸ ਤੋਂ ਇਹ ਸੰਸਾਰ ਬਣ ਗਿਆ। ਖੋਜ ਇਨ੍ਹਾਂ ਦੀ ਅਜੇ ਵੀ ਜਾਰੀ ਹੈ ਪਤਾ ਲਗਦਾ ਨਹੀਂ ਹੈ। ਬੜੀ ਵਾਰੀ ਆਇਆ ਹੈ ਰੂਹਾਨੀ ਜਗਤ ਦੇ ਅੰਦਰ ਕਿ ਹੁਣ ਇਹ ਰੱਬ ਦੇ ਨੇੜੇ ਪਹੁੰਚ ਗਏ, ਪਹੁੰਚ ਤਾਂ ਗਏ ਕਿਉਂਕਿ ਪ੍ਰਾਕ੍ਰਿਤੀ ਦੀ ਆਖਰੀ ਹੱਦ ਤੇ ਪਹੁੰਚਣ ਵਾਲੇ ਨੇ ਅਜੇ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਪਾਣੀ ਕਿਥੋਂ ਬਣ ਗਿਆ, ਆਕਾਸ਼ ਕਿੱਥੋਂ ਬਣ ਗਿਆ ਤੇ ਹਵਾ ਕਿੱਥੋਂ ਬਣ ਗਈ। ਇਹ ਜਿਹੜੇ ਭਗਤੀ ਕਰਨ ਵਾਲੇ ਨੇ ਉਹ ਉਥੋਂ ਸ਼ੁਰੂ ਕਰਦੇ ਨੇ ਜਿੱਥੇ ਸਾਇੰਸ ਖਤਮ ਹੋ ਜਾਂਦੀ ਹੈ, ਉਸ ਤੋਂ ਅੱਗੇ ਉਨ੍ਹਾਂ ਦਾ ਸਫਰ ਹੈ। ਸੋ ਉਨ੍ਹਾਂ ਨੂੰ ਪਤਾ ਹੈ ਕਿ ਇਹ ਜਿਹੜੀਆਂ ਚੀਜ਼ਾਂ ਨੇ ਇਹ ਹਉਮੈ ਤੱਤ ਤੋਂ ਬਣੀਆਂ ਨੇ ਪੰਜ ਚੀਜ਼ਾਂ ਸ਼ਬਦ, ਸਪਰਸ, ਰੂਪ, ਰਸ, ਗੰਧ; ਇਨ੍ਹਾਂ ਨੂੰ ਸੂਖਮ ਭੂਤ ਕਹਿੰਦੇ ਨੇ। ਇਨ੍ਹਾਂ ਤੋਂ ਫੇਰ ਸਥੂਲ ਭੂਤ ਜਿਹੜੇ ਮਿੱਟੀ ਆਦਿ ਬਣੀ ਹੈ ਇਹ ਉਸ ਤੋਂ ਹੀ ਬਣੀ ਹੈ।

ਹਉਮੈ ਨੂੰ ਹੰਕਾਰ ਕਹਿੰਦੇ ਨੇ, ਅਭਿਮਾਨ ਕਹਿੰਦੇ ਨੇ। ਇਹ ਪ੍ਰਮੇਸ਼ਰ ਪੈਦਾ ਕਰ ਦਿਤਾ -

***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

***ਅੰਗ - ੪੬੩***

ਸੋ ਇਸ ਤੋਂ ਪਹਿਲਾਂ ਜਿਹੜਾ ਹੈ ਪਸਾਰਾ ਇਹ ਸਾਰਾ ਪਸਾਰਾ ਸ਼ਬਦ ਤੋਂ ਹੋਇਆ ਹੈ। ਸ਼ਬਦ ਪ੍ਰਮੇਸ਼ਰ ਦੇ ਨਾਲ ਹੈ। ਦੂਜੇ ਧਰਮ ਇਹ ਕਹਿੰਦੇ ਨੇ ਕਿ before the creation of universe there was logas that was with in God. ਉਹ ਰੱਬ ਦੇ ਅੰਦਰ ਹੀ ਸੀ। ਇਥੇ ਦ੍ਵੈਤ ਪੈਦਾ ਹੁੰਦੀ ਹੈ ਕਿ ਇਕ ਸ਼ਬਦ ਹੈ, ਇਕ ਰੱਬ ਹੈ। ਮਹਾਰਾਜ ਜੀ ਕਹਿੰਦੇ, ਕੋਈ ਨਹੀਂ ਸੀ ਉਹ ਆਪ ਹੀ ਸ਼ਬਦ ਰੂਪ ਹੈ, ਆਪ ਹੀ ਏਕੰਕਾਰ ਹੈ, ਆਪ ਹੀ ਨਿਰੰਕਾਰ ਹੈ -

***ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥***
***ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥***

***ਅੰਗ - ੨੯੦***

ਆਪ ਨੇ ਹੀ ਆਪਣੇ ਆਪ ਤੋਂ ਬਣਾ ਦਿੱਤਾ, ਆਪੇ ਹੀ ਦੇਖਦਾ ਹੈ। ਇਥੇ ਫਰਕ ਪੈ ਜਾਂਦਾ ਹੈ, ਸਿਆਣਾ ਬੰਦਾ ਕਹਿੰਦਾ ਹੈ ਕਿ ਕਈ ਚੀਜ਼ਾਂ ਨੇ ਜਿਹੜੀਆਂ ਆਪਣੇ ਆਪ ਤੋਂ ਆਪ ਰਚ ਲੈਂਦੀਆਂ ਨੇ, ਜਿਵੇਂ ਮੱਕੜੀ ਹੈ, ਜਾਲਾ ਆਪਣੇ ਵਿਚੋਂ ਤਣਦੀ ਹੈ, ਕਿਤੋਂ ਬਾਹਰੋਂ ਨਹੀਂ ਲਿਆਉਂਦੀ। ਜਾਲਾ ਤਣਨ ਤੋਂ ਬਾਅਦ ਇਕ ਪਾਸੇ ਬੈਠ ਕੇ, ਇਕ ਲਾਈਨ ਤੇ ਬੈਠ ਕੇ ਦੇਖਣ ਲਗ ਜਾਂਦੀ ਹੈ, ਉਹ ਆਪ ਜਾਲੇ ਵਿਚ ਨਹੀਂ

ਫਸਦੀ ਜੇ ਕੋਈ ਹੋਰ ਚੀਜ਼ ਆ ਕੇ ਲੱਗੇਗੀ ਉਹ ਫਸ ਜਾਏਗੀ। ਇਸ ਤਰ੍ਹਾਂ ਦਾ ਖਿਆਲ ਪੈਦਾ ਹੋ ਜਾਂਦਾ ਹੈ ਜਦੋਂ ਅਸੀਂ ਕਹਿੰਦੇ ਹਾਂ ਕਿ ਵਾਹਿਗੁਰੂ ਵੱਖਰਾ ਹੋ ਕੇ ਦੇਖ ਰਿਹਾ ਹੈ-

*ਕਰਿ ਆਸਣੁ ਡਿਠੋ ਚਾਉ ॥ ਅੰਗ - ੪੬੩*

ਜਿਵੇਂ ਮੱਕੜੀ ਬਾਹਰ ਬੈਠ ਕੇ ਦੇਖਦੀ ਹੈ ਐਉਂ ਆਪਣੀ ਦੁਨੀਆਂ ਨੂੰ ਦੇਖ ਰਿਹਾ ਹੈ। ਮਹਾਰਾਜ ਜੀ ਕਹਿੰਦੇ ਐਉਂ ਨਹੀਂ ਹੈ - ਉਹ ਪੁਰਖ ਹੈ। ਪੁਰਖ ਕਹਿੰਦੇ ਨੇ ਜਿਹੜਾ ਘਟ-ਘਟ ਦੇ ਵਿਚ ਸਮਾਇਆ ਹੋਇਆ ਹੋਵੇ, ਬਣਾਉਣ ਤੋਂ ਬਾਅਦ ਉਹ ਲਾਂਭੇ ਨਹੀਂ ਹੋਇਆ ਸਗੋਂ ਸਾਡੇ ਸਰੀਰ ਦੇ ਕਣ-ਕਣ ਦੇ ਵਿਚ ਸਮਾਇਆ ਪਿਆ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ*
*ਆਪੇ ਆਪੁ ਉਪਾਇਦਾ ॥ ਅੰਗ - ੧੦੩੩*

ਸੋ ਇਹ ਜਿਹੜਾ ਸ਼ਬਦ ਹੈ ਉਹ ਪ੍ਰਮੇਸ਼ਰ ਆਪ ਹੀ ਸ਼ਬਦ ਰੂਪ ਹੈ। ਪਹਿਲਾਂ ਮਹਾਰਾਜ ਜੀ ਨੇ 'ਏਕਾ' (੧) ਏਕੰਕਾਰ (੧ੴ) ਦਾ ਉਚਾਰਣ ਕਰਿਆ। ਦੂਜਾ ਫੇਰ 'ਓਅੰਕਾਰ' ਦੋਹਾਂ ਨੂੰ ਇਕੱਠਾ ਕਰ ਦਿਤਾ ਕਿ ਰੌਲਾ ਨਾ ਪੈ ਜਾਵੇ। ਜੇ 'ਏਕੰਕਾਰ' 'ਓਅੰਕਾਰ' ਕਹਿੰਦੇ ਨੇ ਫੇਰ ਦੋ ਬਣ ਜਾਂਦੇ ਨੇ। ਮਹਾਰਾਜ ਜੀ ਕਹਿੰਦੇ ਨਹੀਂ ੧ੴ ਆਪੇ ਹੀ ਹੈ ਉਹ। ਉਸੇ ਦੀ ਕ੍ਰਿਤ ਹੈ ਉਹ। ਉਸ ਸ਼ਬਦ ਤੋਂ ਜਦੋਂ ਧੁਨ ਚੱਲੀ ਤਾਂ ਉਸ ਧੁਨ ਤੋਂ ਸਾਰਾ ਸੰਸਾਰ ਬਣਿਆ ਨਾਲ ਹੀ ਉਹ ਅਸਲੀ ਰੂਪ ਵੀ ਉਸ ਨੇ ਆਪਣਾ ਬਰਕਰਾਰ ਰੱਖਿਆ। ਮਹਾਂਪੁਰਸ਼ਾਂ ਦੇ ਅਨੁਭਵ ਵਿਚ pure ਹੋ ਕੇ ਉਤਰਦਾ ਰਿਹਾ - ਬੋਲੀ ਦੇ ਰੂਪ ਵਿਚ, ਖਿਆਲਾਂ ਦੇ ਰੂਪ ਵਿਚ, ਫਿਲੋਸਫੀ ਦੇ ਰੂਪ ਵਿਚ। ਉਸ ਸ਼ਬਦ ਤੋਂ ਹੀ ਵੇਦ ਬਣੇ, ਉਸ ਸ਼ਬਦ ਤੋਂ ਹੀ ਸਾਰੇ ਮਹਾਂਪੁਰਸ਼ਾਂ ਦੇ, ਜਿੰਨੇ ਤੱਤ ਬੇਤੇ ਮਹਾਂਪੁਰਸ਼ ਨੇ, ਸਾਰਿਆਂ ਤੋਂ ਸ਼ਬਦ ਬਾਹਰ ਦੀ ਬੋਲੀਆਂ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਸੋ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਸ਼ਬਦ ਨੇ। ਜੋ ਸ਼ਬਦ ਦਾ ਸਭ ਤੋਂ ਸ਼ੁੱਧ ਰੂਪ ਹੋ ਸਕਦਾ ਹੈ ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਹੈ ਕਿਉਂਕਿ ਮਹਾਰਾਜ ਜੀ ਨੇ ਕਿਹਾ ਕਿ ਮੈਂ ਨਹੀਂ ਇਸਦੇ ਵਿਚ ਕੁਝ ਰਲਾ ਰਿਹਾ ਮਤਾ ਖਿਆਲ ਕਰਿਓ। ਅਸੀਂ ਗਲਤੀ ਨਾਲ ਕਹਿ ਦਿੰਦੇ ਹਾਂ ਕਿ ਗੁਰੂ ਪੰਜਵੇਂ ਪਾਤਸ਼ਾਹ ਨੇ ਐਉਂ ਕਿਹਾ ਹੈ। ਮਹਾਰਾਜ ਜੀ ਕਹਿੰਦੇ ਮੈਂ ਕਿਹਾ ਹੀ ਨਹੀਂ -

*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

ਮੈਂ ਤਾਂ ਬੋਲਦਾ ਹੀ ਨਹੀਂ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥*
*ਅੰਗ - ੭੨੨*

ਇਹ ਸ਼ਬਦ ਮਹਾਂਪੁਰਸ਼ਾਂ ਦੇ ਅਨੁਭਵ ਵਿਚੋਂ ਹੋ ਕੇ ਆਇਆ ਹੋਇਆ ਹੈ। ਉਸ ਤੋਂ ਬਾਅਦ ਸਾਡੇ ਕੋਲ ਇਹ ਕਲਾ ਸੀ ਕਿ ਅਸੀਂ ਅੱਖਰਾਂ ਦੇ ਵਿਚ ਉਸ ਦਾ ਰੂਪ ਬਣਾ ਲਿਆ ਪਰ ਉਹ ਅੱਖਰ ਹੋਰ ਨੇ ਜਿਹੜਾ ਇਸ ਦੇ ਅੰਦਰ ਜੀਉਂਦਾ-ਜਾਗਦਾ ਅਨੁਭਵ ਹੈ ਉਹ ਹੋਰ ਹੈ। ਸੋ ਉਹ ਜਿਹੜੀ ਗੁਰੂ ਦੀ ਮੂਰਤ ਹੈ ਇਸਨੂੰ ਸਮਝਣਾ ਬਹੁਤ ਔਖਾ ਹੈ। ਮਹਾਰਾਜ ਕਹਿੰਦੇ ਪਹਿਲਾਂ ਤਾਂ ਤੁਹਾਡੀ ਬਾਹਰ ਬਿਰਤੀ ਹੋਣ ਕਰਕੇ ਤੁਹਾਨੂੰ ਠੋਸ ਚੀਜ਼ ਨਾਲ ਲੱਗ ਕੇ ਸੂਖਸ਼ਮ ਵੱਲ ਨੂੰ ਵਧਣਾ ਪੈਣਾ ਹੈ। ਜੇ ਪਹਿਲਾਂ ਹੀ ਕਹਿ ਦਿਓ ਕਿ ਗੁਰ ਸ਼ਬਦ ਦਾ ਧਿਆਨ ਧਰ, ਧਿਆਨ ਆਉਂਦਾ ਹੀ ਨਹੀਂ। ਬਹੁਤ ਆਦਮੀ ਮੈਂ ਦੇਖੇ ਨੇ, 'ਵਾਹਿਗੁਰੂ' ਅੱਖਰਾਂ ਦਾ ਧਿਆਨ ਕਰਦੇ ਨੇ। ਜੀਉਂਦਾ ਦਾ ਜੋ ਧਿਆਨ ਹੈ ਦੁਸ਼ਮਣ ਦਾ ਧਿਆਨ ਆ ਜਾਵੇ ਤਾਂ ਹਿਲਜੁਲ ਪੈਦਾ ਕਰ ਦੇਏਗਾ ਅੰਦਰ ਖਿਆਲ ਆਉਣ ਲੱਗ ਜਾਣਗੇ ਫੁਰਨੇ ਆਉਣਗੇ, ਕਿਸੇ ਮਹਾਂਪੁਰਸ਼ ਦਾ ਧਿਆਨ ਆ ਜਾਵੇ ਤਾਂ ਸ਼ਾਂਤੀ ਆ ਜਾਂਦੀ ਹੈ। ਸੋ ਮਹਾਰਾਜ ਜੀ ਕਹਿੰਦੇ -

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਅੰਗ - ੮੬੪*

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਇਕ ਸਿਧਾਂਤ ਦਿਤਾ ਹੈ, ਵਿਚਾਰ ਕੇ ਪੜ੍ਹਿਆ ਕਰੋ ਇਸ ਸ਼ਬਦ ਨੂੰ ਬਹੁਤ ਗਹਿਰਾ ਸਿਧਾਂਤ ਹੈ ਜਿਥੇ ਅਸੀਂ ਪਹੁੰਚਣਾ ਹੈ, ਜਿਸ ਸ਼ਬਦ ਤੱਕ ਅਸੀਂ ਪਹੁੰਚਣਾ ਹੈ ਉਸ ਸ਼ਬਦ ਨੂੰ ਜਾਨਣ ਦਾ ਯਤਨ ਕਰੋ, ਹਰੇਕ ਦੇ ਅੰਦਰ ਹੈ ਉਹ ਸ਼ਬਦ, ਜੋ ਲਗਾਤਾਰ ਹੋਵੇ ਉਸੇ ਨੂੰ ਮਹਾਰਾਜ ਨਾਮ ਕਹਿੰਦੇ ਨੇ-

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩*

ਹੌਲੀ-ਹੌਲੀ ਸੰਗਤ ਕਰਦੇ ਰਹੋ, ਧੇਅ ਸਾਫ ਕਰੋ ਕਿ ਇਸੇ ਜਨਮ ਵਿਚ ਮਿਲਣਾ ਹੈ ਪ੍ਰਮੇਸ਼ਰ ਨੂੰ। ਪਤਾ ਨਹੀਂ ਅਗਲਾ ਜਨਮ ਕਿਹੋ ਜਿਹਾ ਮਿਲੇ, ਕਿੱਥੇ ਜਾਈਏ, ਕਿਹੋ ਜਿਹੀ ਦੁਨੀਆਂ ਹੋਵੇ, ਕਿੰਨੀ ਉਡੀਕ ਕਰਨੀ ਪਵੇ, ਕਿੰਨੇ ਜੁਗ ਰੁਕਣਾ ਪਵੇ। ਸੋ ਮਹਾਰਾਜ ਜੀ ਕਹਿੰਦੇ ਚੰਗਾ ਇਹ ਹੈ ਕਿ ਜਿਹੜਾ ਕੁਝ ਕਰਨਾ ਹੈ ਉਹ ਹੁਣੇ ਕਰ ਲੈ ਪਿਆਰਿਆ! ਫੇਰ ਸਮੇਂ ਦਾ ਨਹੀਂ ਪਤਾ ਹੁੰਦਾ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਬਾਹਰਿ ਭੀਤਰਿ ਏਕੋ ਜਾਨਹੁ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਮੈਂ ਆਪ ਨੂੰ ਬਹੁਤ ਹੀ ਭਰਪੂਰ ਹਿਰਦੇ ਦੇ ਨਾਲ ਵਧਾਈ ਦਿੰਦਾ ਹਾਂ ਕਿ ਆਪ ਜੀ ਨੇ 84 ਲੱਖ ਜੂਨੀਆਂ ਵਿਚ ਫਿਰਦਿਆਂ-ਫਿਰਦਿਆਂ ਨੇ ਕਲਜੁਗ ਦੇ ਅੰਦਰ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ, ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਨ ਕਰ ਲਿਆ। ਜਿੰਨੀ ਦੇਰ ਤੱਕ ਇਸ ਤਰ੍ਹਾਂ ਵਿਧੀ ਪੂਰਵਕ ਗੁਰੂ ਨਹੀਂ ਸੀ ਧਾਰਨ ਕੀਤਾ ਜਾਂਦਾ, ਓਨੀਂ ਦੇਰ ਤੱਕ ਤੁਸੀਂ ਸਤਿਕਾਰ ਕਰਦੇ ਸੀ ਗੁਰੂ ਗ੍ਰੰਥ ਸਾਹਿਬ ਜੀ ਦਾ, ਗੁਰੂ ਨਾਨਕ ਸਾਹਿਬ ਦਾ ਲੇਕਿਨ ਉਨ੍ਹਾਂ ਦੇ ਨਾਲ ਜੁੜੇ ਨਹੀਂ ਸੀ ਹੋਏ। ਸੋ ਅੱਜ ਜੋ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਆਪਣੇ ਸਰੀਰਕ ਤੌਰ ਤੇ ਅਲੋਪ ਹੋਣ ਤੋਂ ਬਾਅਦ ਪੰਥ ਵਾਸਤੇ ਮਰਿਆਦਾ ਕਾਇਮ ਕੀਤੀ ਸੀ ਕਿ ਮੇਰੀ ਥਾਂ ਤੇ ਗੁਰੂ ਗ੍ਰੰਥ ਸਾਹਿਬ ਨੂੰ ਜੀ ਸਮਝਣਾ ਤੇ ਇਹ ਮੇਰਾ ਪੰਥ ਜੋ ਪੰਜ ਪਿਆਰੇ ਹੋਣਗੇ, ਜਦੋਂ ਅਰਦਾਸ ਕਰਕੇ ਗੁਰੂ ਦੇ ਹਾਜ਼ਰ ਹੋਣਗੇ ਉਨ੍ਹਾਂ ਦੇ ਵਿਚ ਮੈਂ ਵਰਤਾਂਗਾ। ਉਨ੍ਹਾਂ ਦੇ ਰਾਹੀਂ ਜੋ ਨਾਮ ਅਕਾਲਪੁਰਖ ਦੀ ਦਰਗਾਹ 'ਚੋਂ ਆਇਆ ਹੈ ਉਹ ਮੈਂ ਦੇਵਾਂਗਾ। ਸੋ ਅੱਜ ਆਪ ਨੂੰ ਪਹਿਲਾਂ ਅੰਮ੍ਰਿਤ ਛਕਾਇਆ ਗਿਆ। ਉਸ ਦੇ ਨਾਲ ਜੋ ਆਪ ਜੀ ਦੇ ਪਿਛਲੇ ਸੰਸਕਾਰ ਸੀ, ਪਿਛਲੇ ਸਬੰਧ ਸੀ 84 ਨਾਲ ਉਹ ਸਾਰੇ ਕੱਟ ਦਿਤੇ ਗਏ ਨੇ। ਜਦੋਂ ਧਰਮਰਾਜ ਦੇ ਅਰਬਾਂ-ਖਰਬਾਂ ਸਾਲ ਦੀਆਂ ਫਾਇਲਾਂ ਆਪ ਦੇ ਰੱਖੀਆਂ ਹੋਈਆਂ ਸੀ, ਉਹ ਸਾਰੀਆਂ ਇਥੇ ਬੰਦ ਕਰ ਦਿਤੀਆਂ ਗਈਆਂ। ਅੱਜ ਆਪ ਜੀ ਦਾ ਨਾਮ ਗੁਰੂ ਦਰਬਾਰ ਦੇ ਅੰਦਰ, ਗੁਰੂ ਦਸ਼ਮੇਸ਼ ਪਿਤਾ ਦੀ ਦਰਗਾਹ ਦੇ ਅੰਦਰ ਲਿਖਿਆ ਗਿਆ ਹੈ।

ਸੋ ਬਿਲਕੁਲ ਏਸ ਗੱਲ ਦਾ ਫਿਕਰ ਨਾ ਕਰਨਾ, ਜੋ ਕੁਛ ਪਿਛੇ ਹੋ ਗਿਆ, ਉਹ ਹੋ ਗਿਆ। ਸੁੱਤਾ ਪਿਆ ਆਦਮੀ ਬਹੁਤ ਸਾਰੇ ਭੈੜੇ ਸੁਪਨੇ ਲੈ ਲੈਂਦਾ ਹੈ। ਜਾਗਣ ਤੋਂ ਬਾਅਦ ਉਨ੍ਹਾਂ ਸੁਪਨਿਆਂ ਨੂੰ ਯਾਦ ਕਰਕੇ ਅਫਸੋਸ ਦੇ ਵਿਚ ਜਾਵੇ ਜਾਂ ਉਨ੍ਹਾਂ ਨੂੰ ਯਾਦ ਕਰੀ ਜਾਵੇ ਤਾਂ ਓਸ ਨੂੰ ਮੂਰਖ ਆਖਿਆ ਜਾਂਦਾ ਹੈ।

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***
***ਅੰਗ - ੭੦੭***

ਜਾਗ ਜਦੋਂ ਆ ਜਾਂਦੀ ਹੈ ਉਸ ਵੇਲੇ ਪਛਤਾਵਾ ਜ਼ਰੂਰ ਹੁੰਦਾ ਹੈ ਕਿ ਕਿਹੋ ਜਿਹੇ ਸੁਪਨੇ ਦੇਖੇ। ਆਪਾਂ ਅਰਬਾਂ ਖਰਬਾਂ ਸੁਪਨੇ ਦੇਖ ਚੁੱਕੇ ਹਾਂ। ਕਦੇ ਇਹ ਕੁੱਤਿਆਂ, ਬਿੱਲਿਆਂ ਦੇ ਸਰੀਰ ਵਿਚ ਦੇਖੇ, ਕਦੇ ਗਧਿਆਂ ਦੇ ਸਰੀਰ, ਕਦੇ ਸੱਪਾਂ ਦੇ, ਕਦੇ ਉਡਣ ਵਾਲੇ ਪੰਛੀਆਂ ਦੇ -

***ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥***
***ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥***
***ਅੰਗ - ੧੫੬-***

ਬਹੁਤ ਵਾਰੀ ਮਨੁੱਖ ਬਣੇ, ਬਹੁਤ ਵਾਰੀ ਤਿਲਕੇ, ਕਿਸੇ ਗੁਰੂ ਦਾ ਲੜ ਸਾਡੇ ਤੋਂ ਨਾ ਫੜਿਆ ਜਾ ਸਕਿਆ। ਸੰਸਾਰ 'ਚ ਗੁਰੂ ਹੁੰਦੇ ਆਏ ਜਦੋਂ ਤੋਂ ਸੰਸਾਰ ਰਚਿਆ। ਲਕਿਨ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਕਲਜੁਗ ਦਾ ਬਲ ਦੇਖ ਕੇ ਅਕਾਲ ਪੁਰਖ ਨੇ ਆਪ ਆਪਣਾ ਸਰੂਪ ਧਾਰਨ ਕੀਤਾ, ਗੁਰੂ ਨਾਨਕ ਦੇ ਸਰੀਰ ਦੇ ਅੰਦਰ ਤੇ ਆਪ ਸਾਰੇ ਜਗਤ ਦੇ ਸਤਿਗੁਰੂ ਹੋ ਕੇ ਗੁਰੂ ਨਾਨਕ 'ਚ ਪ੍ਰਗਟ ਹੋਏ। ਗੁਰੂ ਦਸ਼ਮੇਸ਼ ਪਿਤਾ ਨੂੰ ਪੁੱਛਿਆ ਕਿ ਤੁਹਾਡਾ ਗੁਰੂ ਕੌਣ ਹੈ? ਆਪ ਨੇ ਫੁਰਮਾਇਆ -

***ਆਦਿ ਅੰਤ ਏਕੈ ਅਵਤਾਰਾ ਸੋਈ ਗੁਰੂ ਸਮਝਹੁ ਹਮਾਰਾ।***

ਮੇਰਾ ਗੁਰੂ ਅਕਾਲ ਪੁਰਖ ਹੈ, ਉਹ ਅਕਾਲ ਪੁਰਖ ਹੀ ਦੱਸਾਂ ਜੋਤੀਆਂ 'ਚ ਵਰਤਦਾ ਹੋਇਆ ਗੁਰੂ ਗ੍ਰੰਥ ਸਾਹਿਬ ਦੇ ਵਿਚ ਸਮਾਇਆ ਹੋਇਆ ਹੈ। ਇਹ ਗੱਲ ਯਾਦ ਰੱਖਣੀ ਕਿ ਤੁਸੀਂ ਹਰ ਸਾਹ ਵਾਹਿਗੁਰੂ ਦੇ ਵਿਚ ਲਾ ਰਹੇ ਓਂ। ਵਾਹਿਗੁਰੂ ਕੋਈ ਦੇਖਣ ਵਾਲੀ ਚੀਜ਼ ਨਹੀਂ ਹੈ ਕਿਉਂਕਿ ਇਹ ਰੂਪ, ਰੰਗ, ਰੇਖ, ਭੇਖ ਤੋਂ ਨਿਆਰੀ ਹੈ। ਉਹਦੀ ਕੋਈ ਸ਼ਕਲ ਨਹੀਂ, ਉਹਦਾ ਕੋਈ ਚੱਕਰ ਨਹੀਂ, ਕੋਈ ਚਿਹਨ ਨਹੀਂ, ਲੇਕਿਨ ਉਹਦੇ ਗੁਣ ਹੈਗੇ, ਉਹਦੇ ਗੁਣਾਂ ਨੂੰ ਯਾਦ ਕਰੋ। ਪਹਿਲਾ ਗੁਣ ਉਹਦਾ ਹੈ ਕਿ ਇਹ ਇਕ ਹੈ ਦੋ ਨਹੀਂ ਬਣਦਾ ਕਦੇ ਵੀ। ਇਹ ਜਿੰਨਾ ਸੰਸਾਰ ਤੁਹਾਨੂੰ ਨਜ਼ਰ ਆਉਂਦਾ ਹੈ, ਸਭ ਆਪੇ ਹੀ ਹੈ। ਦੂਸਰਾ ਇਹ ਸਤਿ ਹੈ, ਕਦੇ ਅਲੋਪ ਨਹੀਂ ਹੁੰਦਾ, ਤੀਸਰਾ ਉਹ ਨਾਮ ਹੈ, ਨਾਮ ਉਹ ਸ਼ਕਤੀ ਹੈ ਜਿਸਨੇ ਸੰਸਾਰ ਨੂੰ ਬਣਾਇਆ ਹੈ। ਚੌਥਾ ਉਹ ਕਰਤਾ ਹੈ, ਜਿਵੇਂ ਆਪਾਂ ਕਰਤੇ ਬਣਦੇ ਹਾਂ, ਕੋਈ ਚੀਜ਼ ਬਣਾਉਂਦੇ ਹਾਂ ਏਸ ਤਰ੍ਹਾਂ ਦੇ ਨਾਲ ਉਹ ਕਰਤਾ ਆਪ ਹੀ ਹੈ। ਆਪੇ ਹੀ ਮਾਰਨ ਵਾਲਾ ਆਪੇ ਹੀ ਪੈਦਾ ਕਰਨ ਵਾਲਾ, ਆਪੇ ਹੀ ਪਾਲਣਾ ਕਰਨ ਵਾਲਾ, ਉਥੇ ਤਿੰਨ ਦੇਵਤੇ ਨਹੀਂ ਹੈਗੇ। ਸੋ ਓਅੰਕਾਰ, ਸਤਿ ਨਾਮ ਕਰਤਾ ਪੁਰਖ। ਪੁਰਖ ਓਸਨੂੰ ਕਹਿੰਦੇ ਨੇ ਜਿਹੜਾ ਕੋਈ ਵੀ ਥਾਂ ਐਸੀ ਨਾ ਹੋਵੇ, ਕੋਈ ਦੁਨੀਆਂ ਦੇ ਵਿਚ ਸਿਆਣਾ ਇਹ ਨਾ ਦੱਸ ਸਕਦੇ ਕਿ ਇਥੇ ਵਾਹਿਗੁਰੂ ਨਹੀਂ ਹੈ ਪੁਰਖ ਸਮਾਈ ਹੋਈ ਹਸਤੀ ਤੇ ਸ਼ਕਤੀ ਹੈ, ਜਿਹੜੀ ਹਰੇਕ ਦੇ ਅੰਦਰ ਆਲੇ-ਦੁਆਲੇ, ਚਾਰੇ ਪਾਸੇ ਫੈਲੀ ਹੋਈ ਹੈ, ਲੇਕਿਨ ਆਦਮੀ ਦਾ ਮਨ ਉਹਦੇ ਨਾਲੋਂ ਟੁੱਟਣ ਕਰਕੇ ਏਸ ਨੂੰ ਭੁਲੇਖਾ

ਪੈ ਗਿਆ ਕਿ ਵਾਹਿਗੁਰੂ ਕਿੱਥੇ ਹੈ। ਵਾਹਿਗੁਰੂ ਕਹਿੰਦੇ, ਨਾਲ ਹੈ ਹਰ ਵਕਤ। ਨਿਰਭਉ ਹੈ, ਏਸ ਨੂੰ ਕਿਸੇ ਦਾ ਡਰ ਨਹੀਂ। ਜਦੋਂ ਅਸੀਂ ਇਹਦੇ ਨਾਲ ਮਨ ਲਾਵਾਂਗੇ, ਸਾਨੂੰ ਵੀ ਕਿਸੇ ਦਾ ਡਰ ਨਹੀਂ ਰਹਿਣਾ। ਨਿਰਵੈਰ ਹੈ, ਉਹ ਕਿਸੇ ਨਾਲ ਵੀ ਵੈਰ ਭਾਵਨਾ ਨਹੀਂ ਰੱਖਦਾ। ਸਾਰੀ ਸ੍ਰਿਸ਼ਟੀ ਇਹਦੀ ਆਪਣੀ ਰਚੀ ਹੋਈ ਆਪਣਾ ਆਪ ਹੈ।

*ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਅੰਗ - ੪੬੩*

ਸੋ ਇਸ ਕਰਕੇ ਵੈਰ ਕਿਸੇ ਨਾਲ ਤਾਂ ਹੋਵੇ ਜੇ ਦੂਸਰਾ ਕੋਈ ਇਹਦੇ ਵਿਚ ਸ਼ਰੀਕ ਹੋਵੇ। 'ਅਜੂਨੀ' ਹੈ ਉਹ ਕਦੇ ਜੂਨੀਆਂ 'ਚ ਨਹੀਂ ਆਉਂਦਾ। 'ਸੈਭੰ' ਉਸ ਨੂੰ ਕੋਈ ਗਿਆਨ ਨਹੀਂ ਦਿੰਦਾ ਉਹ ਆਪ ਹੀ ਗਿਆਨ ਸਰੂਪ ਹੈ। ਲੇਕਿਨ ਸ਼ਰਤ ਪਿਛੇ ਇਹ ਹੈ ਕਿ 'ਗੁਰ ਪ੍ਰਸਾਦਿ' ਉਹ ਗੁਰੂ ਦੀ ਕ੍ਰਿਪਾ ਤੋਂ ਬਗੈਰ ਨਹੀਂ ਮਿਲ ਸਕਿਆ ਕਰਦਾ। ਜਦੋਂ ਤੱਕ ਆਦਮੀ ਗੁਰੂ ਦੀ ਸ਼ਰਨ ਵਿਚ ਨਹੀਂ ਆਉਂਦਾ, ਗੁਰੂ ਦੇ ਰਾਹੀਂ ਨਾਮ ਦੀ ਦਾਤ ਪ੍ਰਾਪਤ ਨਹੀਂ ਕਰਦਾ। ਓਨੀਂ ਦੇਰ ਤੱਕ ਉਹ ਮਿਲਿਆ ਨਹੀਂ ਕਰਦਾ। ਜਿਸ ਤਰ੍ਹਾਂ ਆਪਾਂ ਬਹੁਤ ਗੱਲਾਂ ਤੇ ਵਿਚਾਰ ਕਰਦੇ ਆਏ ਹਾਂ ਕਿ ਨਾਮ ਹਰੇਕ ਬੰਦੇ ਦੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩*

ਲੇਕਿਨ ਇਹ ਨਾਮ ਪ੍ਰਗਟ ਨਹੀਂ ਹੁੰਦਾ, ਜਿੰਨੀ ਦੇਰ ਤੱਕ ਗੁਰੂ ਮੰਤਰ ਨਾ ਦੇਵੇ। ਸੋ ਇਹਦੇ ਨਾਲ ਹੌਲੀ-ਹੌਲੀ, ਪਉੜੀ-ਪਉੜੀ ਚੜ੍ਹਦੇ ਜਾਈਦਾ ਹੈ। ਜੇ ਇਹ ਕਹਿ ਦਿਤਾ ਜਾਵੇ ਕਿ ਸਾਰੇ ਵਾਹਿਗੁਰੂ ਹੈ, ਉਹ ਨਾ ਤੁਸੀਂ ਮੰਨ ਸਕਦੇ ਓਂ ਨਾ ਤੁਹਾਡੇ ਵਿਚ ਤਾਕਤ ਏਸ ਚੀਜ਼ ਨੂੰ ਮੰਨਣ ਦੀ। ਇਹਦੀ ਤਾਕਤ ਤਾਂ ਬਣਨੀ ਹੈ ਜਿਸ ਵਕਤ ਮਾਇਆ ਤੋਂ ਮਨ ਨੇ ਨਿਰਲੇਪ ਹੋ ਜਾਣਾ ਹੈ, ਸਿਮਰਨ ਦੀ ਸ਼ਕਤੀ ਤੁਹਾਡੇ ਵਿਚ ਆ ਜਾਣੀ ਹੈ। ਉਸ ਵੇਲੇ ਹੌਲੀ-ਹੌਲੀ ਮੰਨੀਦਾ ਹੈ। ਪਹਿਲਾਂ ਸਮਾਧੀ 'ਚ ਮੰਨੀਦਾ ਹੈ, ਫੇਰ ਥੋੜ੍ਹੀ ਜਿਹੀ ਦੇਰ ਤੱਕ, ਫੇਰ ਇਥੇ ਤੱਕ ਵੱਧਦਾ-ਵੱਧਦਾ ਆ ਜਾਂਦਾ ਹੈ ਕਿ ਸਾਰੀ ਸ੍ਰਿਸ਼ਟੀ ਆਪਣਾ ਹੀ ਰੂਪ ਨਜ਼ਰ ਆਉਂਦੀ ਹੈ। ਕੋਈ ਸ਼ੱਕ ਨਹੀਂ ਰਹਿੰਦਾ, ਕੋਈ ਸ਼ੋਰ ਨਹੀਂ ਰਹਿੰਦਾ ਸਭ ਆਪਣਾ ਆਪ ਹੀ ਨਜ਼ਰ ਆਉਂਦਾ ਹੈ, ਦੂਸਰਾ ਖਤਮ ਹੀ ਹੋ ਜਾਂਦਾ ਹੈ। ਇਹ ਹੁੰਦਾ ਤਾਂ ਹੈ ਜੇ ਅਕਾਲ ਪੁਰਖ ਦੇ ਰਾਹੀਂ ਨਾਮ ਦੀ ਦਾਤ ਗੁਰੂ ਤੋਂ ਪ੍ਰਾਪਤ ਕੀਤੀ ਜਾਵੇ। ਸੋ ਇਹ ਆਦਿ ਸਚੁ ਹੈ, ਪਹਿਲਾਂ ਵੀ ਸੱਚ ਸੀ। 'ਜੁਗਾਦਿ ਸਚੁ' ਜਦੋਂ ਟਾਈਮ ਸ਼ੁਰੂ ਹੋਇਆ, ਗਿਣਤੀਆਂ-ਮਿਣਤੀਆਂ, ਜੁਗ ਸ਼ੁਰੂ ਹੋਏ ਓਸ ਵੇਲੇ ਵੀ ਇਹ ਵੇਲੇ ਵੀ ਇਹ ਸੱਚ ਹੈ, 'ਹੈ ਭੀ ਸਚੁ' ਐਸ ਵੇਲੇ ਵੀ ਇਹ ਸੱਚ ਹੈ। 'ਹੋਸੀ ਭੀ ਸਚੁ' ਆਉਣ ਵਾਲੇ ਸਮੇਂ ਵਿਚ ਵੀ ਇਹਦਾ ਕਰਦੇ ਨਾਸ਼ ਨਹੀਂ ਹੋਣਾ। ਸੋ ਇਹ ਵਾਹਿਗੁਰੂ ਦਾ ਸਰੂਪ ਤੁਹਾਨੂੰ ਪੰਜ ਪਿਆਰਿਆਂ ਨੇ ਦਿਤਾ ਹੈ। ਸਾਰੇ ਨੇ ਇਕੱਠੇ ਹੋ ਕੇ ਪੜ੍ਹਿਆ, ਤੁਸੀਂ ਸਮਝਿਆ। ਸੋ ਸਮਝ ਕੇ ਵਾਹਿਗੁਰੂ ਦਾ ਇਹ ਰੱਖਣਾ ਹੈ ਕਿ ਆਹ ਕੁਆਲਿਟੀਆਂ ਹੇਗੀਆਂ? ਉਹਦਾ ਰੂਪ, ਰੰਗ, ਰੇਖ, ਭੇਖ ਕੋਈ ਨਹੀਂ। ਉਹ ਐਸੀ ਸ਼ਕਤੀ ਹੈ ਸੂਖਸ਼ਮ ਜਿਹੜੀ ਸਾਰੇ ਸਮਾਈ ਹੋਈ ਹੈ। ਸੋ ਉਹ ਵੀ ਪ੍ਰਗਟ ਕਰਨ ਵਾਸਤੇ ਤੁਹਾਨੂੰ ਗੁਰਮੰਤ੍ਰ ਦਿਤਾ ਹੈ। ਵਾਹਿਗੁਰੂ ਮੰਤਰ ਤੁਹਾਨੂੰ ਦਿਤਾ ਹੈ। ਹੁਣ ਧਿਆਨ ਰੱਖਿਓ ਤੁਸੀਂ ਫੇਰ ਅੰਮ੍ਰਿਤ ਛਕ ਲਿਆ, ਇਹਦੇ ਨਾਲ ਤੁਹਾਨੂੰ ਕਈ ਥਾਂਈ ਐਸੇ ਭੁਲੇਖੇ ਪੈਣੇ ਨੇ ਕਿ ਅਸੀਂ ਫਲਾਣੇ ਤੋਂ ਜਾ ਕੇ ਤਰੀਕਾ ਪੁੱਛੀਏ ਕਿ ਵਾਹਿਗੁਰੂ ਦਾ ਮੰਤ੍ਰ ਕਿਵੇਂ ਜਪੀਦਾ ਹੈ। ਇਹ ਪੰਜ ਪਿਆਰਿਆਂ ਦੀ ਡਿਊਟੀ ਹੁੰਦੀ ਹੈ ਕਿ ਵਾਹਿਗੁਰੂ ਦੇ ਮੰਤਰ ਦਾ ਜਾਪ ਦ੍ਰਿੜ੍ਹ ਕਰਾ ਦੇਵੇ ਕਿਉਂਕਿ ਅੰਮ੍ਰਿਤ ਛਕਿਆ ਹੀ ਤਾਂ ਜਾਂਦਾ ਹੈ ਕਿ ਗੁਰਮੰਤ੍ਰ ਦੀ ਦਾਤ ਪ੍ਰਾਪਤ ਹੋਵੇ, ਅੰਮ੍ਰਿਤ ਏਸ ਵਾਸਤੇ ਨਹੀਂ ਛਕਿਆ ਜਾਂਦਾ ਕਿ ਅਸੀਂ ਕੋਈ ਖਾਸ ਸ਼ਕਲ ਧਾਰਨ ਕਰੀਏ, ਅੰਮ੍ਰਿਤ ਇਕ ਬੁਨਿਆਦ ਹੈ ਨਾਮ ਜਪਣ ਵਾਸਤੇ। ਜੇ ਤੁਸੀਂ ਅੰਮ੍ਰਿਤ ਛਕਿਆ ਹੈ ਤਾਂ ਇਹ ਨਾਮ ਜਪਣ ਵਾਸਤੇ ਛਕਿਆ ਹੈ। ਤੁਹਾਨੂੰ ਨਾਮ ਮਿਲ ਗਿਆ, ਤੁਸੀਂ ਸਾਰਿਆਂ ਨੇ ਦੱਸ ਦਿਤਾ ਕਿ ਸਾਨੂੰ ਵਾਹਿਗੁਰੂ ਨਾਮ ਮਿਲਿਆ ਹੈ। ਹੁਣ ਤੋਂ ਪਹਿਲਾਂ ਵੀ ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਸੀ, ਲੇਕਿਨ ਇਸ ਵਾਹਿਗੁਰੂ-ਵਾਹਿਗੁਰੂ ਕਰਨ ਦਾ ਫਲ ਨਹੀਂ ਸੀਗਾ ਕੋਈ। ਕਿਉਂਕਿ ਨਿਗੁਰਾ ਜੋ ਪੁਰਸ਼ ਹੈ ਉਹ ਜਿੰਨਾ ਜੀਅ ਕਰਦਾ ਹੈ ਭਗਤੀ ਕਰੀ ਜਾਵੇ, ਉਹਦਾ ਕੋਈ ਫਲ ਨਹੀਂ ਹੋਇਆ ਕਰਦਾ ਕਿਉਂਕਿ ਉਹਦੇ ਪਿੱਛੇ ਸ਼ਕਤੀ ਨਹੀਂ ਹੈ। ਹੁਣ ਤੋਂ ਤੁਹਾਡੀ ਭਗਤੀ ਸ਼ੁਰੂ ਹੋਣੀ ਹੈ। ਸੋ ਤੁਸੀਂ ਉਸ ਵਾਹਿਗੁਰੂ ਮੰਤਰ ਨੂੰ ਜਪਣਾ ਹੈ। ਓਸ ਦਾ ਜਾਪ ਕਰਨਾ ਹੈ ਭੁੱਲਣਾ ਨਹੀਂ ਹੈ ਬਿਲਕੁਲ ਵੀ ਕਿਉਂਕਿ ਗੁਰਸਿੱਖੀ ਦਾ ਮਨੋਰਥ ਇਹੀ ਹੈ ਨਾਮ ਜਪਣਾ। ਬਾਕੀ ਤੁਹਾਡੀ ਪਰਾਲਬਧ ਮੱਥੇ ਵਿਚ ਪ੍ਰਮੇਸ਼ਰ ਨੇ ਲਿਖ ਕੇ ਭੇਜੀ ਹੈ। ਐਸੇ ਸੰਜੋਗ ਬਣ ਜਾਂਦੇ ਨੇ, ਐਸੇ ਕਾਰਨ ਬਣ ਜਾਂਦੇ ਨੇ ਕਿ ਇਹਦੀ ਪਰਾਲਬਧ ਅਵੱਸ਼ ਇਸਨੂੰ ਮਿਲਦੀ ਹੈ। ਰੋਟੀ ਦੀ ਚਿੰਤਾ ਕਦੇ ਨਹੀਂ ਕਰਨੀ, ਰੋਟੀ ਦੀ ਚਿੰਤਾ ਸਾਡੇ ਮਾਲਕ ਨੂੰ ਹੈ ਜਿਹਨੇ ਸਾਨੂੰ ਸਾਜਿਆ ਹੈ। ਚਿੰਤਾ ਜੇ ਕਰਨੀ ਹੈ ਤਾਂ ਨਾਮ ਦਾ ਧਨ ਇਕੱਠਾ ਕਰਨ ਦੀ ਕਰਨੀ ਹੈ। ਸੋ ਨਾਮ ਦੇ ਤਰੀਕੇ ਮੈਂ ਦੱਸਦਾ ਹਾਂ ਧਿਆਨ ਦੇ ਨਾਲ ਸੁਣ ਲੈਣਾ ਤਾਂ ਕਿ ਹੋਰ ਕਿਤੇ ਤੁਹਾਨੂੰ ਐਸਾ ਭੁਲੇਖਾ ਨਾ ਲਗ ਜਾਏ, ਤੁਸੀਂ ਕਹੋ ਕਿ ਐਥੋਂ ਨਾਮ ਲਈਏ, ਐਥੋਂ ਲਈਏ। ਨਾਮ ਕਿਤੇ ਨਹੀਂ ਮਿਲਦਾ, ਨਾਮ ਪੰਜ ਪਿਆਰਿਆਂ ਤੋਂ ਮਿਲਦਾ ਹੈ। ਇਹ ਗੁਰੂ ਦਸ਼ਮੇਸ਼ ਪਿਤਾ ਨੇ ਟਰੱਸਟੀਸ਼ਿਪ ਜਿਹੜੀ ਹੈ ਨਾਮ ਦੀ ਉਹ ਪੰਜਾਂ ਸਿੰਘਾਂ ਦੇ ਹਵਾਲੇ ਕਰ ਦਿਤੀ, ਗੁਰੂ ਗ੍ਰੰਥ ਸਾਹਿਬ ਦੇ ਰਾਹੀਂ। ਜਦੋਂ ਤੱਕ ਪੰਜ ਨਹੀਂ ਇਸ ਤਰ੍ਹਾਂ ਖੜ੍ਹੇ ਹੋਣਗੇ, ਜਿਸ ਤਰ੍ਹਾਂ ਹੁਣ ਖੜ੍ਹੇ ਨੇ, ਓਨੀਂ ਦੇਰ ਤੱਕ ਨਾਮ ਨਹੀਂ ਮਿਲਿਆ

ਕਰਦਾ। ਇਕੱਲਾ ਵੀ ਕਹਿ ਦਿੰਦਾ ਹੈ ਕਿ ਤੁਸੀਂ ਨਾਮ ਜਪਿਆ ਕਰੋ, ਲੇਕਿਨ ਉਸ ਵਿਚ ਸ਼ਕਤੀ ਨਹੀਂ ਹੋਇਆ ਕਰਦੀ। ਸੋ ਅੱਜ ਤੋਂ ਬਾਅਦ ਤੁਸੀਂ ਗੁਰੂ ਵਾਲੇ ਹੋ ਕੇ ਨਾਮ ਜਪਣਾ ਹੈ। ਉਹਦਾ ਪਹਿਲਾ ਤਰੀਕਾ ਇਹ ਹੁੰਦਾ ਹੈ ਕਿ ਮਾਲਾ ਲੈ ਲਓ, ਪਹਿਲੀ ਜਮਾਤ ਦੇ ਵਿਦਿਆਰਥੀ ਦੀ ਮੈਂ ਗੱਲ ਕਰਦਾ ਹਾਂ। ਉਹ ਹੁੰਦੀ ਹੈ ਕਿ ਮਾਲਾ ਲੈ ਲਓ, ਹਰ ਮਣਕੇ ਦੇ ਨਾਲ ਵਾਹਿਗੁਰੂ-ਵਾਹਿਗੁਰੂ, ਚਾਹੇ ਤੇਜ਼ੀ ਨਾਲ ਕਹੋ, ਚਾਹੇ ਹੌਲੀ ਕਹੋ। ਇਹ ਢਾਈ ਘੰਟੇ ਜ਼ਰੂਰ ਨਾਮ ਜਪਣਾ ਚਾਹੀਦਾ ਹੈ ਘੱਟ ਤੋਂ ਘੱਟ। ਬਾਕੀ ਜਿੰਨਾ ਵੱਧ ਤੋਂ ਵੱਧ ਜਪ ਸਕਦੇ ਹੋਂ।

ਫੇਰ ਇਹ ਸਵਾਲ ਕੀਤਾ ਜਾਂਦਾ ਹੈ ਕਿ ਅਸੀਂ ਕੰਮਾਂ ਕਾਰਾਂ ਵਾਲੇ ਬੰਦੇ ਹਾਂ। ਅਸੀਂ ਢਾਈ ਘੰਟੇ ਕਿਵੇਂ ਨਾਮ ਜਪਾਂਗੇ ? ਇਸ ਤਰ੍ਹਾਂ ਦੇ ਸਵਾਲ ਆ ਜਾਂਦੇ ਨੇ, ਉਹਦਾ ਤਰੀਕਾ ਇਹ ਹੈ ਕਿ ਤੁਸੀਂ ਕੋਈ ਸਮਾਂ ਮਿੱਥ ਲਵੋ ਕਿ ਐਨਾ ਚਿਰ ਤਾਂ ਜ਼ਰੂਰ ਜਪਣਾ ਹੈ, ਕੁਛ ਹੋ ਜਾਏ। ਨੇਮ ਬੰਨ੍ਹ ਲਓ, ਤੁਸੀਂ ਵਾਹਿਗੁਰੂ-ਵਾਹਿਗੁਰੂ ਮਾਲਾ ਦੇ ਨਾਲ ਜਪੀ ਜਾਣਾ ਹੈ। ਬਾਕੀ ਜਿਹੜਾ ਹੈ ਕਿ ਤੁਸੀਂ ਕਿਤੇ ਜਾਂਦੇ ਓਂ, ਬਾਹਰ ਕਿਤੇ ਜਾਂਦੇ ਓਂ, ਸਾਇਕਲ ਚਲਾ ਰਹੇ ਓਂ, ਖੱਬੇ ਪੈਰ ਨਾਲ ਸਤਿਨਾਮ ਕਹੋ, ਸੱਜੇ ਨਾਲ ਵਾਹਿਗੁਰੂ ਕਹੋ, ਹਲ ਚਲਾ ਰਿਹਾ ਹੈ ਆਦਮੀ ਸੱਜੇ ਨਾਲ ਸਤਿਨਾਮ ਕਹੋ, ਖੱਬੇ ਨਾਲ ਵਾਹਿਗੁਰੂ ਕਹੋ। ਪੈਦਲ ਤੁਰਿਆ ਜਾ ਰਿਹਾ ਹੈ ਖੱਬੇ ਨਾਲ ਸਤਿਨਾਮ ਤੇ ਦੂਜੇ ਨਾਲ ਵਾਹਿਗੁਰੂ ਕਹੋ। ਗੈਰਹਾਜ਼ਰ ਨਹੀਂ ਹੋਣਾ, ਨਾਮ ਜਪਦੇ ਹੀ ਰਹਿਣਾ ਹੈ, ਸਮਾਂ ਵਾਹਿਗੁਰੂ ਨੇ ਬਹੁਤ ਦਿਤਾ ਹੈ। ਏਸ ਤਰ੍ਹਾਂ ਦੇ ਨਾਲ ਸਹਿਜ-ਸੁਭਾਅ ਹੀ ਤੁਸੀਂ ਸਾਰਾ ਦਿਨ ਨਾਮ ਜਪਦੇ ਰਹੋਂਗੇ। ਏਸ ਤੋਂ ਅਗਲੀ ਜੋ ਜਮਾਤ ਹੈ ਜਿਸਨੂੰ ਪੰਜਵੀਂ ਜਮਾਤ ਕਹਿੰਦੇ ਨੇ ਨਾਮ ਦੀ। ਉਹ ਹੁੰਦਾ ਹੈ ਮਾਇਆ ਨਹੀਂ ਖੋਹੀ ਜਾਂਦੀ, ਚੌਂਕੜਾ ਮਾਰ ਕੇ ਸਿੱਧੇ ਬੈਠ ਜਾਈਦਾ ਹੈ। ਓਸ ਤੋਂ ਰਸਨਾ ਦੇ ਨਾਲ ਨਾਮ ਜਪੀਦਾ ਹੈ। ਲੇਕਿਨ ਬਹੁਤ ਹਲਕੀ ਆਵਾਜ਼ ਦੇ ਅੰਦਰ ਜਿਹਨੂੰ ਮਧਮਾ ਬਾਣੀ ਕਹਿੰਦੇ ਨੇ। ਮਧਮਾ ਬਾਣੀ ਦੇ ਨਾਲ ਜਦੋਂ ਤੁਸੀਂ ਰਸਨਾ ਨਾਲ ਨਾਮ ਜਪੋਂਗੇ ਤਾਂ ਉਹਦਾ ਅਸਰ ਇਹ ਹੋਇਆ ਕਰਦਾ ਹੈ ਕਿ ਰਸਨਾ ਦੇ ਉਤੇ ਰਸ ਆ ਜਾਇਆ ਕਰਦਾ ਹੈ, ਰਸ ਆ ਕੇ ਥੋੜ੍ਹੀ ਦੇਰ ਤੋਂ ਬਾਅਦ ਖੁਮਾਰੀ ਆਉਣ ਲਗ ਜਾਇਆ ਕਰਦੀ ਹੈ, ਫੇਰ ਜਦੋਂ ਇਥੇ ਨਾਮ ਆ ਜਾਵੇ ਫੇਰ ਆਦਮੀ ਨੂੰ ਐਉਂ ਲਗਦਾ ਹੈ ਕਿ ਮੈਂ ਅੱਜ ਨਾਮ ਨਹੀਂ ਜਪਿਆ, ਮੈਨੂੰ ਕੋਈ ਨਸ਼ਾ ਜਿਹਾ ਨਹੀਂ ਚੜ੍ਹਿਆ। ਇਕ ਵਾਰੀ ਜਪਿਆ ਹੋਇਆ ਢਾਈ ਘੰਟੇ, ਚੌਵੀ ਘੰਟੇ ਦੀ ਚਾਬੀ ਮਿਲ ਜਾਇਆ ਕਰਦੀ ਹੈ। ਉਸ ਤੋਂ ਬਾਅਦ ਹੁੰਦਾ। ਉਸ ਤੋਂ ਅੱਗੇ ਹੁੰਦਾ ਹੈ ਜਿਸ ਨੂੰ ਅੱਠਵੀਂ ਜਮਾਤ ਦਾ ਨਾਮ। ਉਹ ਹੁੰਦਾ ਹੈ ਕਿ ਸੁਆਸ ਨਾਲ ਨਾਮ ਜਪੀਦਾ ਹੈ। ਉਹਦਾ ਮੈਂ ਤੁਹਾਨੂੰ ਤਰੀਕਾ ਦੱਸ ਦਿੰਦਾ ਹਾਂ। ਸਾਰੇ ਚੌਂਕੜੀ ਮਾਰ ਕੇ ਬੈਠ ਜਾਓ, ਜਿੰਨੇ ਵੀ ਪ੍ਰੇਮੀ ਬੈਠੇ ਨੇ ਤੇ ਦੋਵੇਂ ਬਾਹਵਾਂ ਆਪਣੇ ਗੋਡਿਆਂ ਤੇ ਰੱਖ ਲਓ, ਸਿੱਧੇ ਹੋ ਕੇ ਬੈਠੋ, ਰੀੜ੍ਹ ਦੀ ਹੱਡੀ ਬਿਲਕੁਲ ਸਿੱਧੀ ਕਰਕੇ। ਗਰਦਨ ਵੀ ਸਿੱਧੀ। ਹੁਣ ਤੁਸੀਂ ਸੁਆਸ ਖਿੱਚੋ ਅੰਦਰ ਨੂੰ।...........ਹੁਣ ਛੱਡ ਦਿਓ। ਫੇਰ ਖਿੱਚੋ ਅੰਦਰ ਨੂੰ.............ਫੇਰ ਛੱਡ ਦਿਓ। ਹੁਣ ਜਦੋਂ ਤੁਸੀਂ ਅੰਦਰ ਨੂੰ ਸੁਆਸ ਲਿਜਾਓਂਗੇ, ਉਹਦੇ ਨਾਲ ਤੁਸੀਂ ਕਹੋ 'ਸਤਿਨਾਮ......' ਬਾਹਰ ਨੂੰ ਆਓ, ਵਾਹਿਗੁਰੂ......। 'ਰ' ਜਿਹੜਾ ਕਹਿਣਾ ਹੈ ਗੁਰੂ ਦਾ ਉਹ ਜ਼ੁਬਾਨ ਦੇ ਨਾਲ ਲਾ ਕੇ ਕਹਿਣਾ ਹੈ। ਇਹਦੇ ਨਾਲ ਜਦੋਂ 'ਰ' ਲੱਗੇਗਾ ਇਹਦੇ ਨਾਲ ਰਸ ਆਏਗਾ ਜ਼ੁਬਾਨ ਦੇ ਅੰਦਰ। ਫੇਰ ਕਰੋ। ਮੈਂ ਕਹੂੰਗਾ ਸਤਿਨਾਮ ਤੁਸੀਂ ਸਾਹ ਅੰਦਰ ਨੂੰ ਖਿਚ ਲੈਣਾ, ਜਦੋਂ ਮੈਂ ਵਾਹਿਗੁਰੂ ਕਹਾਂਗਾ ਉਸ ਵੇਲੇ ਬਾਹਰ ਨੂੰ ਛੱਡ ਦੇਣਾ। ਸਤਿਨਾਮ..........ਵਾਹਿਗੁਰੂ...........। ਸਤਿਨਾਮ......... ਵਾਹਿਗੁਰੂ...........। ਨੇਤਰ ਬੰਦ ਕਰ ਲਓ ਸਾਰੇ। ਸਤਿਨਾਮ..........ਵਾਹਿਗੁਰੂ...........। ਸਤਿਨਾਮ......... ਵਾਹਿਗੁਰੂ..........। ਹੁਣ ਬਿਨਾਂ ਬੋਲੇ ਸੁਰਤੀ ਨਾਲ ਨਾਮ ਜਪੋ। ਜਿਹੜੀ ਆਵਾਜ਼ ਮੈਂ ਬੋਲੀ ਹੈ ਉਸਨੂੰ ਸੁਣਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ ਸੁਆਸ ਦੇ ਨਾਲ ਨਾਮ ਜਪਣਾ ਹੈ, ਇਹ ਅੱਠਵੀਂ ਜਮਾਤ ਦਾ ਨਾਮ ਕਹਿ ਲਓ। ਇਸ ਤੋਂ ਬਾਅਦ ਬਿਰਤੀ ਸੂਖਸ਼ਮ ਹੋ ਜਾਂਦੀ ਹੈ, ਜੇ ਨੀਂਦ ਆ ਜਾਵੇ ਨਾਮ ਜਪਦਿਆਂ ਨੂੰ ਫੇਰ ਏਸ ਤਰ੍ਹਾਂ ਕਰਨਾ ਹੈ ਸੁਆਸ ਖਿੱਚ ਲਓ ਅੰਦਰ ਨੂੰ, ਉਸ ਤੋਂ ਬਾਅਦ ਰੋਕ ਲਓ, ਡਬਲ ਟਾਈਮ ਰੋਕਣਾ ਹੈ ਜਿੰਨਾ ਟਾਈਮ ਖਿੱਚਣ ਨੂੰ ਲਗਦਾ ਹੈ। ਉਸ ਤੋਂ ਬਾਅਦ ਫੇਰ ਛੱਡ ਦਿਓ। ਹੁਣ ਮੈਂ ਤਿੰਨ ਵਾਰ ਵਾਹਿਗੁਰੂ-ਵਾਹਿਗੁਰੂ ਕਹਾਂਗਾ। ਓਨਾਂ ਚਿਰ ਸੁਆਸ ਰੋਕ ਕੇ ਰੱਖਣਾ ਹੈ। ਹੁਣ ਮੈਂ ਛੇ ਵਾਰੀ ਵਾਹਿਗੁਰੂ-ਵਾਹਿਗੁਰੂ ਕਹਾਂਗਾ ਓਨਾਂ ਚਿਰ ਸੁਆਸ ਰੋਕ ਕੇ ਰੱਖਣਾ ਹੈ। ਓਸ ਤੋਂ ਬਾਅਦ ਮੈਂ ਤਿੰਨ ਵਾਰੀ ਕਹਾਂਗਾ ਛੇ ਤੋਂ ਬਾਅਦ ਫੇਰ ਸੁਆਸ ਛੱਡ ਦੇਣਾ ਹੈ।

ਸੋ ਇਹ ਨਾਮ ਜਦ ਜਪਣਾ ਹੈ ਜਦੋਂ ਨੀਂਦ ਆਉਣ ਲਗ ਜਾਵੇ। ਝੂਟੇ ਆਉਣ ਲਗ ਜਾਂਦੇ ਨੇ ਨੀਂਦ ਦੇ। ਇਹਦੇ ਨਾਲ ਨੀਂਦ ਬਿਲਕੁਲ ਨਹੀਂ ਆਏਗੀ। ਇਹਦੇ ਨਾਲ ਇਸ ਤਰ੍ਹਾਂ ਕਰਨਾ ਹੈ ਕਿ ਜੇ ਸੁਆਸ ਬਚਦਾ ਹੈ ਬਾਕੀ, ਬੱਚਿਆਂ ਦਾ ਸੁਆਸ ਰੁਕ ਜਾਇਆ ਕਰਦਾ ਹੈ, ਸਿਆਣਿਆਂ ਦਾ ਘੱਟ ਰੁਕਦਾ ਹੈ। ਉਹ ਚਾਰ ਵਾਰੀ ਅੰਦਰ ਨੂੰ ਜਾਂਦੇ ਨੂੰ ਕਹਿਣ, ਅੱਠ ਵਾਰੀ ਰੋਕਣ। ਚਾਰੀ ਵਾਰੀ ਛਡਦੇ ਹੋਏ ਕਹਿਣ। ਇਸ ਤੋਂ ਅੱਗੇ ਪੰਜ ਵਾਰੀ, ਦੱਸ ਵਾਰੀ, ਫੇਰ ਪੰਜ ਵਾਰੀ। ਫੇਰ ਛੇ ਵਾਰੀ ਅੰਦਰ ਨੂੰ ਜਾਂਦੇ, 12 ਵਾਰੀ ਅੰਦਰ ਰੋਕ ਕੇ, ਛੇ ਵਾਰੀ ਬਾਹਰ ਨੂੰ। ਇਸ ਤਰ੍ਹਾਂ ਹੌਲੀ-ਹੌਲੀ ਸਾਲ ਦੇ ਅੰਦਰ-ਅੰਦਰ ਦੱਸ ਵਾਰੀ ਲੈ ਜਾਣਾ ਹੈ। ਦੱਸ ਵਾਰੀ ਵਾਹਿਗੁਰੂ ਸਾਹ ਖਿੱਚਦੇ-ਖਿੱਚਦੇ, 20 ਵਾਰੀ ਰੋਕ ਕੇ ਤੇ ਦੱਸ ਵਾਰੀ ਛੱਡ ਕੇ। ਸੋ ਇਹ ਸੁਆਸ ਦਾ ਨਾਮ ਉਹ ਹੁੰਦਾ ਹੈ ਜਿਨ੍ਹਾਂ ਦਾ ਮਨ ਨਹੀਂ ਟਿਕਦਾ। ਉਹ ਫੇਰ ਕਹਿੰਦੇ ਨੇ ਕਿ ਜੀ ਮੇਰਾ

ਮਨ ਨਹੀਂ ਟਿਕਦਾ। ਇਹਦੇ ਨਾਲ ਮਨ ਕਿਤੇ ਨਹੀਂ ਜਾਂਦਾ ਕਿਉਂਕਿ ਮਨ ਜਿਹੜਾ ਹੈ ਇਹ ਪੌਣ ਦਾ ਸਵਾਰ ਹੁੰਦਾ ਹੈ। ਪੌਣ ਰੋਕ ਦਿਓ ਮਨ ਰੁਕ ਜਾਂਦਾ ਹੈ। ਜੇ ਇਹ ਘੋੜੇ ਤੇ ਚੜ੍ਹਿਆ ਹੋਇਆ ਹੈ ਇਹਦੀਆਂ ਵਾਗਾਂ ਰੋਕ ਦਿਓ, ਮਨ ਕਿੱਥੇ ਨੱਠ ਜਾਏਗਾ ਕਿਤੇ ਨਹੀਂ ਜਾਂਦਾ। ਸੋ ਇਸ ਤਰ੍ਹਾਂ ਦੇ ਨਾਲ ਏਸ ਤੋਂ ਅੱਗੇ ਜਿਹੜਾ ਹੈ ਮੈਟ੍ਰਿਕ ਦਾ ਨਾਮ ਮੈਂ ਤੁਹਾਨੂੰ ਦੱਸਦਾ ਹਾਂ। ਉਹ ਹੁੰਦਾ ਹੈ ਅੱਧਾ ਸਾਹ ਅੰਦਰ ਨੂੰ ਲੈ ਜਾਈਦਾ ਹੈ, ਜਦੋਂ ਸਾਹ ਅੰਦਰ ਨੂੰ ਖਿੱਚ ਲਿਆ ਤਾਂ ਫੇਰ ਉਹਦੇ ਨਾਲ ਕਹਿਣਾ ਹੈ ਵਾਹਿ.........ਜਦੋਂ ਛੱਡਣਾ ਹੈ ਤਾਂ ਕਹਿਣਾ ਹੈ ਗੁਰੂ..............। ਇਹਦੇ ਨਾਲ ਧੁਨੀ ਬਣ ਜਾਂਦੀ ਹੁੰਦੀ ਹੈ, ਜਿਹਨੂੰ ਧੁਨ 'ਚ ਧਿਆਨ ਕਹਿੰਦੇ ਨੇ। ਜਿਹੜਾ ਗੱਗਾ ਹੈ ਉਹ ਉਤੇ ਥੱਲੇ ਨੂੰ ਲਿਆਉਣਾ ਹੈ, ਜਿਹੜਾ 'ਹ' ਹੈ ਉਹ ਨਾਭੀ ਤੱਕ ਲੈ ਜਾਣਾ ਹੈ। ਸੋ ਇਹਦੇ ਨਾਲ ਮੱਥੇ 'ਚ ਟਿਕਾ ਕੇ ਰੱਖਣੀ ਹੈ ਇਹਨੂੰ ਆਗਿਆ ਚੱਕਰ ਕਹਿੰਦੇ ਹੋ। ਇਥੇ ਓਸ ਸ਼ਬਦ ਦਾ ਧਿਆਨ ਸੁਣਨਾ ਹੈ ਜੇ ਨਾ ਸੁਣੇ, ਉਥੇ ਦੋ ਚੀਜ਼ਾਂ ਆਇਆ ਕਰਦੀਆਂ ਨੇ ਇਕ ਸੁਰਤ ਹੁੰਦੀ ਹੈ ਨਾਮ ਨਾਲ ਲੱਗੀ ਰਹਿੰਦੀ ਹੈ, ਜਿਹੜੀ ਨਿਰਤ ਹੁੰਦੀ ਹੈ ਉਹ ਕੁਛ ਦੇਖਣਾ ਚਾਹੁੰਦੀ ਹੈ, ਉਹਨੂੰ ਪ੍ਰਕਾਸ਼ ਦਿੱਸਣ ਲਗ ਜਾਂਦਾ ਹੈ। ਬਹੁਤ ਕਿਸਮ ਦੇ ਪ੍ਰਕਾਸ਼ ਦਿਸਦੇ ਨੇ। ਜੇ ਅਸੀਂ ਪ੍ਰਕਾਸ਼ਾਂ ਨੂੰ ਦੇਖਣ ਲੱਗ ਜਾਈਏ ਤਾਂ ਸਾਡੀ ਸੁਰਤ ਖਿੰਡ ਜਾਂਦੀ ਹੈ ਤਾਂ ਅਸੀਂ ਉਥੇ ਗੁਰੂ ਨਾਨਕ ਸਾਹਿਬ ਦਾ ਧਿਆਨ ਟਿਕਾ ਲੈਣਾ ਹੈ। ਉਹਦੇ ਨਾਲ ਸੁਰਤ ਨੂੰ ਬੰਨ੍ਹ ਕੇ ਖੜ੍ਹਾ ਦੇਣਾ ਹੈ। ਸੋ ਇਸ ਤਰ੍ਹਾਂ ਨਾਮ ਜਪੀ ਜਾਣਾ ਹੈ।

ਦੋਵੇਂ ਅੱਖਾਂ ਦੇ ਭਰਵੱਟਿਆਂ ਵਿਚਾਲੇ ਗੁਰੂ ਨਾਨਕ ਦਾ ਧਿਆਨ ਰੱਖਣਾ ਹੈ, ਹੌਲੀ-ਹੌਲੀ ਬਣ ਜਾਂਦਾ ਹੁੰਦਾ ਹੈ ਧਿਆਨ। ਸਾਲ ਦੋ ਸਾਲ ਲਗ ਜਾਂਦੇ ਨੇ ਧਿਆਨ ਬਣਦੇ ਨੂੰ। ਉਹ ਫੇਰ ਅਵਸਥਾ ਆਉਂਦੀ ਹੈ ਜਦੋਂ ਗੁਰੂ ਨਾਨਕ ਪ੍ਰਕਾਸ਼ ਬਣ ਜਾਂਦਾ ਹੁੰਦਾ ਹੈ। ਪ੍ਰਕਾਸ਼ ਬਣ ਕੇ ਤੁਹਾਨੂੰ ਆਪਣਾ ਸਰੀਰ ਐਉਂ ਲੱਗਣ ਲਗ ਜਾਏਗਾ ਕਿ ਗੁਰੂ ਨਾਨਕ ਸਾਹਿਬ ਦਾ ਸਰੀਰ ਹੋ ਗਿਆ, ਉਸ ਤੋਂ ਬਾਅਦ ਜੋਤੀ ਦਾ ਧਿਆਨ ਆ ਜਾਂਦਾ ਹੈ, ਸੋ ਇਥੇ ਕੁ ਤੱਕ ਪਹੁੰਚਣ ਦੀ ਕੋਸ਼ਿਸ਼ ਕਰੋ। ਏਸ ਤੋਂ ਬਾਅਦ ਅਨਹਦ ਸ਼ਬਦ ਬੋਲਿਆ ਕਰਦਾ ਹੈ ਕੰਨ ਦੇ ਕੋਲ। ਬਹੁਤ ਤਾਂ ਕੰਨ ਬੰਦ ਕਰਕੇ ਬੋਲਦੇ ਨੇ। ਰਾਧਾ ਸੁਆਮੀਆਂ ਦਾ ਤਰੀਕਾ ਹੈ ਉਹ ਕੰਨ ਬੰਦ ਕਰ ਲੈਂਦੇ ਨੇ। ਇਹਦੇ 'ਚੋਂ ਆਵਾਜ਼ ਸੁਣਦੀ ਹੈ। ਲੇਕਿਨ ਆਪਣੇ ਗੁਰਮਤਿ ਦਾ ਤਰੀਕਾ ਇਹ ਹੈ ਕਿ ਆਪਣੇ ਮਨ ਦੀ ਇਕਾਗਰਤਾ ਦੇ ਨਾਲ ਜਿਹੜੀ ਆਵਾਜ਼ ਬੋਲੇ ਉਹ ਆਵਾਜ਼ ਫੇਰ ਜਾਇਆ ਨਹੀਂ ਕਰਦੀ। ਹੁਣ ਹਰ ਵਕਤ ਕੰਨ ਕੌਣ ਬੰਦ ਕਰੇ। ਹਰ ਵਕਤ ਬੈਠੋ ਕੰਨ ਬੰਦ ਕਰੋ। ਇਹ ਬਿਰਤੀ ਇਕਾਗਰ ਹੋ ਕੇ ਆਪਣੇ ਆਪ ਹੀ ਸਾਊਂਡ ਆ ਜਾਏਗੀ। ਉਹ ਟਿਊਨ ਐਉਂ ਹੋਏਗੀ ਜਿਵੇਂ ਘੰਟਾ ਵਜਦਾ ਹੁੰਦਾ ਹੈ ਪਹਿਲਾਂ-ਪਹਿਲਾਂ। ਉਸ ਤੋਂ ਬਾਅਦ ਜਿਵੇਂ ਸਤਾਰ ਹੁੰਦੀ ਹੈ, ਇਹਦੀ ਆਵਾਜ਼ ਦੀ ਜਿਹੜੀ ਪਿਛਲੀ ਹੁੰਦੀ ਹੈ, ਓਸ ਤਰ੍ਹਾਂ ਦੀ ਟਿਊਨ ਬਣ ਜਾਂਦੀ ਹੈ, ਹੌਲੀ-ਹੌਲੀ ਬੰਸਰੀ ਬਣ ਜਾਂਦੀ ਹੈ, ਏਸ ਤਰੱਕੀ ਕਰਕੇ ਪੰਜ ਸ਼ਬਦ ਹੁੰਦੇ ਨੇ ਇਹ। ਇਹਦੇ ਨਾਲ ਗੁਰਮੰਤ੍ਰ ਜੋੜ ਦੇਣਾ। ਫੇਰ ਇਸ ਤੋਂ ਬਾਅਦ ਜਦੋਂ ਇਥੇ ਬਿਰਤੀ ਪਹੁੰਚ ਗਈ, ਫੇਰ ਸੁਰਤੀ ਉਪਰ ਨੂੰ ਚੜ੍ਹਨ ਲਗ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦਾ ਧਿਆਨ ਧਰੀਦਾ ਹੈ। ਇਸ ਤਰ੍ਹਾਂ ਦਸਵੇਂ ਦੁਆਰ 'ਚ ਬਿਰਤੀ ਪਹੁੰਚਦੀ ਹੈ।

ਜੁਗਤੀਆਂ ਦੇ ਸ੍ਵਾਸ ਪਹੁੰਚਦੇ ਨੇ, ਅਸੀਂ ਹੱਠ ਯੋਗ ਨਹੀਂ ਕਰਦੇ, ਅਸੀਂ ਸਬਦਿ ਸੁਰਤਿ ਮਾਰਗ ਜਪਦੇ ਹਾਂ। ਸੋ ਇਸ ਤੋਂ ਬਾਅਦ ਸੁਰਤੀ ਤੁਹਾਡੀ ਉਥੇ ਪਹੁੰਚ ਜਾਏਗੀ। ਇਥੇ ਇਕ ਹੋਰ ਚੀਜ਼ ਜਾਗਦੀ ਹੈ ਜਿਸ ਨੂੰ ਗਿਆਨ ਕਹਿੰਦੇ ਨੇ, ਗਿਆਨ ਜੇ ਕੋਈ ਪਹਿਲਾ ਬੰਦਾ ਹੈ ਵੱਧ ਗਿਆਨ ਹੁੰਦਾ ਹੈ, ਉਹ ਗਿਆਨ ਕੋਈ ਕੰਮ ਨਹੀਂ ਕਰਦਾ। ਇਕ ਗੱਲ ਸਮਝ ਵਿਚ ਆ ਜਾਂਦੀ ਹੈ ਕਿ ਆਹ ਵਾਹਿਗੁਰੂ ਹੈ ਸਾਰੇ। ਇਹ ਸਮਝ ਵਿਚ ਆਉਣ ਨਾਲ ਕੋਈ ਫਰਕ ਨਹੀਂ ਪੈਂਦਾ ਜੇ ਸਾਨੂੰ ਪਤਾ ਲਗ ਜਾਏ ਕਿ ਧਰਤੀ 'ਚ ਪਾਣੀ ਹੈ, ਅਸੀਂ ਇਥੇ ਪਿਆਸੇ ਖੜ੍ਹੇ ਹਾਂ ਕੋਈ ਮਤਲਬ ਨਹੀਂ ਸਾਰਦਾ, ਕਹੀ ਜਾਓ ਕਿ ਧਰਤੀ 'ਚ ਪਾਣੀ ਹੈ। ਪਾਣੀ ਦਾ ਫਾਇਦਾ ਤਾਂ ਹੈ ਜੇ ਬੋਰ ਕਰਕੇ ਤੁਹਾਡੇ ਹੱਥ ਵਿਚ ਆ ਜਾਏ। ਇਥੇ ਗਿਆਨ ਦੀ ਬਿਰਤੀ ਇਹਨੂੰ ਵਿਵੇਕ ਬਿਰਤੀ ਕਹਿੰਦੇ ਨੇ ਉਹ ਜਾਗਿਆ ਕਰਦੀ ਹੈ, ਉਹ ਫੇਰ ਗੁਰੂ ਗ੍ਰੰਥ ਸਾਹਿਬ ਆਪੇ ਹੀ ਗਿਆਨ ਦਿੰਦੇ ਨੇ। ਕੋਈ ਮਹਾਂਪੁਰਸ਼ ਤੁਹਾਡੇ ਕੋਲ ਆਵੇਗਾ, ਤੁਹਾਡੀ ਬਿਰਤੀ ਦੇ ਮੁਤਾਬਿਕ ਆਪੇ ਹੀ ਬੋਲਣਾ ਸ਼ੁਰੂ ਕਰ ਦੇਵੇਗਾ। ਆਟੋਮੈਟਿਕ ਵਾਹਿਗੁਰੂ ਦਾ ਪ੍ਰਬੰਧ ਹੈ, ਗੁਰੂ ਘਰ ਦੇ ਅੰਦਰ। ਤੁਸੀਂ ਐਸੇ ਸਤਿਸੰਗ 'ਚ ਚਲੇ ਜਾਓਂਗੇ ਜਿਥੇ ਤੁਹਾਨੂੰ ਗਿਆਨ ਦੀਆਂ ਬਾਤਾਂ ਸਮਝ 'ਚ ਆ ਜਾਣਗੀਆਂ। ਫੇਰ ਕਿਸੇ ਮਹਾਂਪੁਰਸ਼ ਦੇ ਨਾਲ ਤੁਹਾਡਾ ਸੰਗ ਹੋ ਜਾਏਗਾ, ਤੁਸੀਂ ਉਨ੍ਹਾਂ ਨੂੰ ਪੁੱਛੀ ਜਾਓਂਗੇ ਉਨ੍ਹਾਂ ਨੇ ਫਟਾਫਟ ਦੱਸ ਦੇਣਾ ਹੈ ਕਿ ਆਹ ਚੀਜ਼ਾਂ ਨੇ। ਗੁਰੂ ਗ੍ਰੰਥ ਸਾਹਿਬ ਉਹਦੇ ਤੇ ਮੋਹਰ ਲਾ ਦਿੰਦੇ ਨੇ ਕਿ ਭਾਈ! ਸਾਰੇ ਵਾਹਿਗੁਰੂ ਹੈ। ਕੋਈ ਵਾਹਿਗੁਰੂ ਤੋਂ ਬਗੈਰ ਹੈ ਨਹੀਂ। ਫੇਰ ਇਹਨੂੰ ਪ੍ਰਪੱਕ ਕਰੀਦਾ ਹੈ, ਸਮਾਧੀ 'ਚ। ਫੇਰ ਸਮਾਧੀ ਲਗਦੀ ਹੈ ਪਹਿਲਾਂ ਢਾਈ ਮਿੰਟ ਦੀ ਲਗਦੀ ਹੈ। ਜਿਹੜਾ ਢਾਈ ਮਿੰਟ ਦੀ ਸਮਾਧੀ ਲਾ ਲਏ ਸਮਝੋ ਸਮਾਧੀ ਦੇ ਰਾਹ ਪੈ ਗਿਆ। ਉਹਨੂੰ ਇਕ ਧਾਰਨਾ ਕਿਹਾ ਕਰਦੇ ਨੇ। ਇਸ ਤਰ੍ਹਾਂ 12 ਧਾਰਨਾ ਅੱਧੇ ਘੰਟੇ ਦੀਆਂ ਜਦੋਂ ਲਗਣ ਲੱਗ ਜਾਣ, ਲਗਾਤਾਰ ਲੱਗ ਜਾਣ ਫੇਰ ਸਮਾਧੀ ਬਣ ਜਾਇਆ ਕਰਦੀ ਹੈ। ਜਦੋਂ ਢਾਈ ਘੰਟੇ ਦੀ ਸਮਾਧੀ ਲੱਗ ਜਾਵੇ, ਉਹਨੂੰ ਸੰਪਰਗਿਆਤ ਸਮਾਧ ਕਹਿੰਦੇ ਨੇ। ਜਾਨਣ ਵਾਲੀ ਸਮਾਧੀ। ਇਸ ਤੋਂ ਬਾਅਦ ਜਿਹੜੀ ਸਮਾਧੀ ਲਗਦੀ ਹੈ ਉਹਨੂੰ ਜਾਣਦਾ ਨਹੀਂ ਕੋਈ ਵੀ। ਬਿਰਤੀ ਰਸ 'ਚ ਲੀਨ

ਹੋ ਜਾਂਦੀ ਹੈ ਤੇ ਜਦੋਂ ਥੱਲੇ ਆਉਂਦੀ ਹੈ ਫੇਰ ਪਤਾ ਲਗਦਾ ਹੈ। ਇਸ ਤਰ੍ਹਾਂ ਭਾਈ ਹੌਲੀ-ਹੌਲੀ ਚਲਦੇ-ਚਲਦੇ, ਤੁਹਾਡਾ ਆਪਣਾ ਆਪ ਖਤਮ ਹੋ ਜਾਣਾ ਹੈ, ਇਥੇ ਵਾਹਿਗੁਰੂ ਹੀ ਰਹਿ ਜਾਣਾ ਹੈ, ਅੰਦਰ ਵੀ ਵਾਹਿਗੁਰੂ ਬਾਹਰ ਵੀ ਵਾਹਿਗੁਰੂ।

*ਬਾਹਰਿ ਭੀਤਰਿ ਏਕੋ ਜਾਨਹੁ*
*ਇਹੁ ਗੁਰ ਗਿਆਨੁ ਬਤਾਈ ॥ ਅੰਗ - ੬੮੪*

ਆਖਰੀ ਅਵਸਥਾ ਗਿਆਨ ਦੀ ਹੁੰਦੀ ਹੈ, ਇਸ ਤੋਂ ਅੱਗੇ ਹੁੰਦਾ ਹੈ ਵਿਗਿਆਨ। ਵਿਗਿਆਨ ਉਹ ਅਵਸਥਾ ਹੁੰਦੀ ਹੈ ਜਿਹੜਾ ਵਾਹਿਗੁਰੂ ਦੇ ਵਿਚ ਲੀਨ ਹੋ ਜਾਵੇ, ਆਪਣਾ ਆਪ ਮੁੱਕ ਜਾਵੇ ਸੋ ਇਹ ਰਸਤਾ ਜਿਹੜਾ ਹੈ ਆਪਣਾ ਇਹ ਹੈ, ਇਹਦੇ ਵਿਚ ਭਰਮ ਭੁਲੇਖਾ ਨਹੀਂ ਖਾਣਾ, ਮਿਹਨਤ ਤੁਸੀਂ ਕਰਨੀ ਹੈ, ਰਸਤਾ ਗੁਰੂ ਗ੍ਰੰਥ ਸਾਹਿਬ 'ਚ ਸਾਰਾ ਲਿਖਿਆ ਹੋਇਆ ਹੈ। ਜੋ ਕੁਛ ਮੈਂ ਬੋਲਿਆ ਹੈ ਉਹ ਜੋ ਗੁਰੂ ਗ੍ਰੰਥ ਸਾਹਿਬ 'ਚ ਆਉਂਦਾ ਹੈ ਉਸ ਦੇ ਮੁਤਾਬਿਕ ਹੀ ਹੈ ਜਾਂ ਮਹਾਂਪੁਰਸ਼ਾਂ ਨੇ ਜਿਹੜੀਆਂ ਕਰਨੀਆਂ ਕਮਾਈਆਂ ਕੀਤੀਆਂ ਉਨ੍ਹਾਂ ਦੇ ਮੁਤਾਬਿਕ। ਸੋ ਏਸ ਉਪਰੇ ਭੁਲੇਖਾ ਨਹੀਂ ਖਾਣਾ ਬਿਲਕੁਲ ਵੀ। ਬਾਕੀ ਦੂਸਰੀ ਗੱਲ ਇਹ ਰਹੀ ਜਿਸਦਾ ਮੈਂ ਆਪ ਨੂੰ ਧੰਨਵਾਦ ਕਰਦਾ ਹਾਂ। ਵਧਾਈਆਂ ਦਿੰਦਾ ਹਾਂ ਉਹ ਇਹ ਹੈ ਕਿ ਸਾਧਸੰਗ ਜੀ! ਕੁਛ ਐਸਾ ਕੌਤਕ ਵਰਤਿਆ ਬਾਜ ਦਾ। ਪਹਿਲੀ ਵਾਲੀ ਮੜੌਨੇ ਪਿੰਡ ਐਸ ਤਰ੍ਹਾਂ ਹੀ ਅੰਮ੍ਰਿਤ ਛਕਾ ਰਹੇ ਸੀ, ਜਿਸ ਵਕਤ ਗੁਰਮੰਤ੍ਰ ਦੇਣ ਲੱਗੇ ਬਾਜ ਆ ਕੇ ਬੈਠ ਗਿਆ ਇਸ ਦਮ। ਸ਼ਾਮਿਆਨੇ ਦੇ ਉਤੇ ਆ ਕੇ ਗੇੜੇ ਦੇਣ ਲੱਗ ਗਿਆ। ਸਾਮ੍ਹਣੇ ਬਹਿ ਗਿਆ ਸਾਰੀ ਸੰਗਤ ਨੂੰ ਨਜ਼ਰ ਆਉਂਦਾ ਸੀ। ਉਸ ਤੋਂ ਬਾਅਦ ਤਿਊੜ ਚਲੇ ਗਏ ਉਥੇ ਵੀ ਏਸ ਤਰ੍ਹਾਂ ਹੀ ਹੋਇਆ। ਜਦੋਂ ਅੰਮ੍ਰਿਤ ਛਕਾਉਣ ਲੱਗੇ ਉਸੇ ਵੇਲੇ ਬਾਜ ਆ ਗਿਆ। ਫੇਰ ਉਹਨੂੰ ਬੇਨਤੀ ਕੀਤੀ ਕਿ ਹੇਠਾਂ ਆ ਕੇ ਦਰਸ਼ਨ ਦਿਓ। ਉਹ ਫੇਰ ਹੇਠਾਂ ਆ ਗਿਆ, ਕਲਾਬਾਜ਼ੀਆਂ ਖਾਣ ਲੱਗ ਗਿਆ ਸਿੰਘਾਂ ਦੇ ਉਤੇ, ਖੁਸ਼ੀ 'ਚ ਆ ਕੇ। ਤੀਸਰੀ ਵਾਰੀ ਅਸੀਂ ਖਿਜਰਾਬਾਦ ਅੰਮ੍ਰਿਤ ਛਕਾ ਰਹੇ ਸੀ, ਉਥੇ ਦੋ ਆ ਗਏ। ਉਹ ਵੀ ਬੜੇ ਪ੍ਰਸੰਨ ਹੋਏ ਤੇ ਸਿੰਘਾਂ ਨੂੰ ਨੇੜੇ ਆ ਕੇ ਦਰਸ਼ਨ ਦਿੰਦੇ ਰਹੇ ਤੇ ਸ਼ਾਮਿਆਨੇ ਦੇ ਉਤੇ ਘੁੰਮਦੇ ਰਹੇ। ਹੁਣ ਵਾਹਿਗੁਰੂ ਨੇ ਐਸੀ ਮਿਹਰ ਕੀਤੀ ਹੈ ਗੁਰੂ ਮਹਾਰਾਜ ਨੇ ਕਿ ਮੇਰੇ ਸਿੰਘਾਂ ਨੂੰ ਇਹ ਪਤਾ ਲੱਗ ਜਾਵੇ ਕਿ ਮੈਂ ਤੁਹਾਡੇ ਤੋਂ ਦੂਰ ਨਹੀਂ ਗਿਆ ਹੋਇਆ। ਕਿਉਂਕਿ ਸੰਦੇਸ਼ ਪਹੁੰਚਾਉਣ ਦੇ ਤਰੀਕੇ ਹੁੰਦੇ ਨੇ, ਕੋਈ ਕਬੂਤਰਾਂ ਦੇ ਰਾਹੀਂ ਪਹੁੰਚਾਉਂਦਾ ਹੈ, ਕੋਈ ਕੁੱਤਿਆਂ ਦੇ ਰਾਹੀਂ ਪਹੁੰਚਾਉਂਦਾ ਹੈ। ਜਿਹੜਾ ਗੁਰੂ ਘਰ ਦਾ ਸਾਡਾ ਇਤਿਹਾਸ ਇਹ ਹੈ ਕਿ ਉਹ ਸੂਰਮਿਆਂ ਦਾ ਪੰਥ ਹੈ, ਪੰਛੀਆਂ ਦਾ ਰਾਜਾ ਹੈ ਬਾਜ, ਉਹਦੇ ਰਾਹੀਂ ਸੁਨੇਹਾ ਆਉਂਦਾ ਹੈ।

ਇਥੇ ਵੀ ਤੁਹਾਡੇ ਬਡਹੇੜੀ ਚੰਡੀਗੜ੍ਹ ਬਾਜ ਆਇਆ, ਉਹ ਬਾਜ ਚਾਰ ਦਿਨ ਇਥੇ ਰਿਹਾ। ਸਾਰੇ ਸਿੱਖ ਸੰਸਾਰ ਦੇ ਅੰਦਰ ਧੂਮ ਪੈ ਗਈ, ਅਖਬਾਰਾਂ 'ਚ ਆ ਗਿਆ। ਹਰ ਕੋਈ ਦੌੜਿਆ ਫਿਰਦਾ ਸੀ, ਜਿਨ੍ਹਾਂ ਨੇ ਦਰਸ਼ਨ ਕੀਤੇ ਉਹ ਆਪਣੇ ਆਪ ਨੂੰ ਧੰਨਵਾਦੀ ਸਮਝਦੇ ਨੇ, ਜਿਹੜੇ ਕਰ ਨਹੀਂ ਸਕੇ ਉਹ ਪਛਤਾਅ ਰਹੇ ਨੇ। ਸੋ ਇਹ ਗੁਰੂ ਮਹਾਰਾਜ ਦਾ ਸੁਨੇਹਾ ਲੈ ਕੇ ਤੁਹਾਡੇ ਕੋਲ ਆਇਆ ਸੀ, ਬਈ ਜੋ ਤੁਸੀਂ ਕਰ ਰਹੇ ਓਂ, ਉਹ ਅਸੀਂ approve ਕਰ ਰਹੇ ਹਾਂ। ਠੀਕ ਹੈ ਤੁਸੀਂ ਲੱਗੇ ਰਹੋ। ਇਹ ਜਿਹੜਾ ਮਿਸ਼ਨ ਹੈ ਇਹ ਬਿਲਕੁਲ ਨਿਸ਼ਕਾਮ ਚੱਲ ਰਿਹਾ ਹੈ। ਪੈਸੇ ਦੀ ਕਿਸੇ ਨੂੰ ਝਾਕ ਹੀ ਨਹੀਂ। ਕਿਸੇ ਪਦਵੀ, ਕਿਸੇ ਅਹੁਦੇ ਦੀ ਕਿਸੇ ਨੂੰ ਝਾਕ। ਸਾਰੇ ਗੁਰੂ ਦੇ ਸਿੱਖ ਬਣ ਕੇ ਚਲ ਰਹੇ ਹਨ, ਗੁਰੂ ਗ੍ਰੰਥ ਸਾਹਿਬ ਦੇ ਈਮਾਨਦਾਰੀ ਨਾਲ ਲੜ ਲੱਗ ਰਹੇ ਨੇ। ਸੋ ਇਹ ਗੁਰੂ ਮਹਾਰਾਜ ਨੇ ਬੜਾ ਕੌਤਕ ਰਚ ਕੇ ਸਾਨੂੰ ਇਹ ਦਿਖਾ ਦਿਤਾ। ਫੇਰ ਉਹਨੂੰ ਖੁਲ੍ਹਾ ਛੱਡ ਦਿਤਾ ਗਿਆ, ਕਿਉਂਕਿ ਕਈਆਂ ਦੇ ਮਨ ਵਿਚ ਭਰਮ ਸੀ ਕਿ ਥੱਕ ਕੇ ਆ ਕੇ ਬਹਿ ਗਿਆ ਹੋਣਾ। ਥੱਕ ਕੇ ਆ ਕੇ ਸਾਡੇ ਹੀ ਦੀਵਾਨ ਤੇ ਬਹਿਣਾ ਸੀ? ਹੋਰ ਥੋੜ੍ਹਾ ਪਿਆ ਹੈ ਸ਼ਹਿਰ। ਜੇ ਬੰਦਿਆਂ ਤੇ ਹੀ ਬਹਿਣਾ ਸੀ ਤਾਂ ਸਿਨਮਿਆਂ 'ਚ ਬਹੁਤ ਭੀੜ ਹੁੰਦੀ, ਹੋਰ ਹਰ ਤਾਂ ਦੇ ਉਤੇ ਬੰਦਿਆਂ ਦਾ ਬੜਾ ਇਕੱਠ ਹੁੰਦਾ ਹੈ, ਕਿਤੇ ਰੋਹੀ 'ਚ ਬਹਿ ਜਾਂਦਾ। ਬੰਦਿਆਂ 'ਚ ਬੈਠ ਕੇ ਤਾਂ ਉਹਨੂੰ ਖਤਰਾ ਸੀ ਲੇਕਿਨ ਇਹ ਸਿੰਘਾਂ ਦੇ ਵਿਚ ਆ ਕੇ ਬੈਠਿਆ। ਸੰਤੋਖ ਸਿੰਘ ਉਨ੍ਹਾਂ ਨੇ ਚੁੱਕ ਲਿਆ ਸੀ, ਉਸਨੇ ਛੁੱਟਣ ਦੀ ਕੋਸ਼ਿਸ਼ ਨਹੀਂ ਕਰੀ, ਨੱਠਣ ਦੀ ਕੋਸ਼ਿਸ਼ ਨਹੀਂ ਕਰੀ। ਉਸ ਤੋਂ ਬਾਅਦ ਜੋ ਕੁਛ ਉਹਨੂੰ ਬੇਨਤੀ ਕੀਤੀ ਕਿ ਸਾਡੇ ਕੋਲ ਤਾਂ ਦਲੀਆ ਤੇ ਪ੍ਰਸ਼ਾਦ ਹੈ, ਉਹ ਛੱਕ ਲਓ, ਓਹੀ ਛਕ ਲਿਆ। ਫਲ ਪਾ ਦਿਤਾ, ਫਲ ਛਕ ਲਿਆ ਤੇ ਆਖਰੀ ਦਿਨ ਉਹਨੂੰ ਬੇਨਤੀ ਕੀਤੀ ਕਿ ਜੇ ਤਾਂ ਮਹਾਰਾਜ ਤੁਸੀਂ ਰਹਿਣਾ ਹੈ ਤਾਂ, ਤਾਂ ਫੇਰ ਤੁਸੀਂ ਪ੍ਰਸ਼ਾਦ ਛੱਕ ਲਓ ਸਾਡਾ ਦਿਤਾ ਹੋਇਆ। ਜੇ ਤੁਸੀਂ ਜਾਣਾ ਹੈ ਤਾਂ ਭੋਗ ਲਾ ਦਿਓ, ਸਾਨੂੰ ਪਤਾ ਲਗ ਜਾਏਗਾ ਕਿ ਤੁਸੀਂ ਜਾਣਾ ਹੈ।

ਇਹ ਗੱਲ ਵੀ ਦੱਸਦੇ ਨੇ ਕਿ ਜਦੋਂ ਇਹ ਗੱਲ ਕਹੀ ਕਿ ਤੁਸੀਂ ਪ੍ਰਸ਼ਾਦ ਛਕਣਾ ਹੈ, ਤਾਂ ਨਾਂਹ ਵਿਚ ਸਿਰ ਮਾਰ ਦਿਤਾ ਕਿ ਨਹੀਂ ਛਕਣਾ। ਉਸ ਤੋਂ ਬਾਅਦ ਕਿਹਾ ਕਿ ਤੁਸੀਂ ਫੇਰ ਭੋਗ ਲਾ ਦਿਓ, ਭੋਗ ਲਾ ਦਿਤਾ। ਇਹ ਮੇਰੇ ਕੋਲ ਆ ਗਏ ਕਹਿਣ ਲੱਗੇ ਕਿ ਜੀ, ਹੁਣ ਕੀ ਹੁਕਮ ਹੈ? ਮੈਂ ਕਿਹਾ ਕਿ ਹੁਣ ਇਨ੍ਹਾਂ ਨੂੰ ਬੇਨਤੀ ਕਰੋ, ਅਰਦਾਸ ਕਰੋ, ਆਪਾਂ ਜਾ ਕੇ ਛੱਡ ਆਉਂਦੇ ਹਾਂ, ਬੇਨਤੀ ਕਰ ਦਿੰਦੇ ਹਾਂ। ਉਹ ਬਾਹਰ ਵੀ ਨਿਕਲਦੇ ਸੀ, ਖਿੜਕੀ ਵਿਚ ਵੀ ਬੈਠਦੇ ਸੀ। ਉਡਣ ਨੂੰ ਉਨ੍ਹਾਂ ਨੂੰ ਹਰ ਵਕਤ ਥਾਉਂ ਸੀ, ਉਨ੍ਹਾਂ ਦੇ ਮੂਹਰੇ ਪੰਛੀ ਵੀ ਉਡਦੇ ਫਿਰਦੇ ਸੀ, ਚਿੜੀਆਂ ਵਗੈਰਾ ਹੋਰ ਪੰਛੀ। ਝਪਟਾ ਮਾਰਨ ਨੂੰ ਉਨ੍ਹਾਂ ਨੂੰ ਹੋਰ ਥਾਉਂ ਸੀ। ਲੇਕਿਨ ਇਸ ਤਰ੍ਹਾਂ ਬੈਠੇ ਰਹੇ ਜਿਸ ਤਰ੍ਹਾਂ ਨਾਲ ਸਿੰਘ ਬੈਠੇ ਹੁੰਦੇ ਨੇ ਉਨ੍ਹਾਂ ਦੇ ਨਾਲ।

ਸ਼ਹੀਦ ਸਿੰਘਾਂ ਦਾ ਪਹਿਰਾ ਸੀ, ਉਨ੍ਹਾਂ ਨੇ ਆਪਣੇ ਬਾਜ ਨੂੰ ਰੋਕ ਕੇ ਰੱਖਿਆ ਤੇ ਜਦੋਂ ਤੱਕ ਅਰਦਾਸ ਨਹੀਂ ਕੀਤੀ, ਉਸ ਵੇਲੇ ਤੱਕ ਨਹੀਂ ਉਹ ਗਏ। ਜਦੋਂ ਅਰਦਾਸ ਕੀਤੀ ਗਈ, ਬਾਹਰ ਅਸੀਂ ਲੈ ਗਏ, ਬਾਹਰ ਲਿਜਾ ਕੇ ਕਿਹਾ ਕਿ ਮਹਾਰਾਜ! ਤੁਸੀਂ ਹੁਣ ਸਾਨੂੰ ਖੁਸ਼ੀਆਂ ਬਖਸ਼ੋ ਤੇ ਜਿੱਥੋਂ ਆਏ ਹੋ ਆਪਣੇ ਨਿਜ ਅਸਥਾਨ ਨੂੰ ਜਾਓ। ਓਸ ਵੇਲੇ ਉਹਨੇ ਐਡੀ ਵੱਡੀ ਉਡਾਰੀ ਮਾਰੀ, ਜਿਹੜੇ ਲੋਕ ਕਹਿੰਦੇ ਸੀ ਕਿ ਪਤਾ ਨਹੀਂ ਇਸ ਤੋਂ ਉਡ ਨਹੀਂ ਹੁੰਦਾ, ਤਾਂ ਬੈਠਾ ਹੈ, ਉਹ ਹੈਰਾਨ ਹੋ ਗਏ। ਦੂਰ ਚਲੇ ਗਏ ਜੰਗਲ 'ਚ। ਸਾਡੇ ਮਨ ਉਦਾਸ ਹੋ ਗਏ। ਸਾਡੇ ਨਾਲ ਜਿੰਨੇ ਸੀ ਸਾਰਿਆਂ ਦੇ ਚਿੱਤ ਉਦਾਸ ਹੋ ਗਏ ਕਿ ਐਸ ਤਰ੍ਹਾਂ ਲੱਗਿਆ ਕਿ ਕੋਈ ਬਹੁਤ ਵੱਡੀ ਚੀਜ਼ ਗੁਆਚ ਗਈ ਹੁੰਦੀ ਹੈ।

ਸੋ ਤੁਹਾਡੇ ਬੀਜੀ ਨੇ ਕਿਹਾ ਕਿ ਨਿਹਚੇ ਨਾਲ ਖੜ੍ਹੇ ਰਹੋ, ਜਦ ਅੱਗੇ ਆ ਸਕਦੇ ਨੇ, ਤਾਂ ਹੁਣ ਵੀ ਆ ਸਕਦੇ ਨੇ, ਅਸੀਂ ਆਰਾਮ ਨਾਲ ਉਥੇ ਖੜ੍ਹੇ ਰਹੇ। ਲੇਕਿਨ ਐਉਂ ਲਗਦਾ ਸੀ ਕਿ ਜਿਵੇਂ ਕੋਈ ਚੀਜ਼ ਗੁਆਚ ਗਈ ਹੁੰਦੀ ਹੈ, ਕੋਈ ਬਹੁਤ ਵੱਡਾ ਘਾਟਾ ਪੈ ਗਿਆ ਹੁੰਦਾ ਹੈ। ਕੋਈ ਬਹੁਤ ਪਿਆਰਾ ਵਿਛੜ ਗਿਆ ਹੁੰਦਾ ਹੈ। ਜਦੋਂ ਦੇਖਿਆ ਕਿ ਇਹ ਉਦਾਸ ਹੋ ਗਏ, ਉਸੇ ਵੇਲੇ ਜੰਗਲ 'ਚੋਂ ਉਡਾਰੀ ਮਾਰ ਕੇ ਦੁਬਾਰਾ ਫੇਰ ਆ ਗਏ। ਫੇਰ ਸਾਨੂੰ ਖੁਸ਼ੀ ਆ ਗਈ। ਉਸ ਤੋਂ ਬਾਅਦ ਫੇਰ ਚਲੇ ਗਏ। ਫੇਰ ਕਹਿਣ ਲੱਗੇ, ਜੀ ਇਕ ਵਾਰੀ ਫੇਰ ਦਰਸ਼ਨ ਕਰਨੇ ਨੇ। ਅਸੀਂ ਕਾਰਾਂ ਲੈ ਕੇ ਅੱਗੇ ਚਲੇ ਗਏ, ਅੱਗੇ ਆ ਕੇ ਫੇਰ ਦਰਖਤ ਦੇ ਬਹੁਤ ਨੇੜੇ ਆ ਕੇ ਬਹਿ ਗਏ। ਜਿਥੇ ਅਸੀਂ ਆਰਾਮ ਨਾਲ ਦੇਖ ਸਕਦੇ ਸੀ। ਉਥੇ ਫੇਰ ਫੋਟੋ ਲਈ ਗਈ। ਸੋ ਇਸ ਤਰ੍ਹਾਂ ਬਾਜ ਦਾ ਪ੍ਰਤੀਕ ਹੈ, ਲੇਕਿਨ ਗੁਰੂ ਮਹਾਰਾਜ ਹਰ ਥਾਂ ਹਾਜ਼ਰ ਨੇ। ਬਹੁਤ ਸਾਰੇ ਕੌਤਕ ਇਥੇ ਵਰਤ ਚੁੱਕੇ ਨੇ, ਕਿਸੇ ਬੀਬੀਆਂ ਨੂੰ ਲਾਈਟ ਲਗਾ ਕੇ ਲੰਘਾਇਆ, ਕਿਸੇ ਥਾਂ ਦੇ ਉਤੇ ਸ਼ਹੀਦ ਸਿੰਘਾਂ ਨੇ ਸ਼ਰਾਬ ਪੀ ਕੇ ਦੀਵਾਨ 'ਚ ਆਏ ਨੂੰ ਡੰਡੇ ਮਾਰੇ ਨੇ, ਬਹੁਤ ਕੁੱਟਿਆ ਕਜਹੇੜੀ ਦੇ ਜਗੀਰ ਸਿੰਘ ਨੂੰ। ਬਹੁਤ ਸਾਰੇ ਪ੍ਰੇਮੀ ਕੋਈ ਅੱਠ ਦੱਸ ਮੈਨੂੰ ਦੱਸੇ ਗਏ ਨੇ, ਅੱਠ ਦੱਸ ਕੌਤਕ ਵਰਤੇ ਨੇ, ਮੇਰਾ ਤਾਂ ਇਹ ਪੱਕਾ ਭਰੋਸਾ ਹੋ ਗਿਆ ਕਿ ਇਥੇ ਗੁਰੂ ਨਾਨਕ ਸਾਹਿਬ ਹੁੰਦੇ ਨੇ ਦੀਵਾਨ ਵਿਚ। ਜਦੋਂ ਕੀਰਤਨ ਹੁੰਦਾ ਹੈ ਉਹ ਦੀਵਾਨ 'ਚ ਆਉਂਦੇ ਨੇ, ਸ਼ਹੀਦ ਸਿੰਘ ਆਉਂਦੇ ਨੇ, ਇਹ ਜਿਹੜਾ ਮਿਸ਼ਨ ਚੱਲ ਰਿਹਾ ਹੈ ਗੁਰੂ ਦੇ ਲੜ ਲਾਉਣ ਦਾ, ਇਹ ਕੁਦਰਤ ਵਲੋਂ ਚੱਲ ਰਿਹਾ ਹੈ ਮੇਰੀ ਤਾਕਤ ਨਹੀਂ ਕਿ ਮੈਂ ਐਨੇ ਦੀਵਾਨ ਲਾ ਸਕਾਂ। ਐਨਾ ਖਰਚ ਕਰ ਸਕਾਂ। ਤਿੰਨ ਚਾਰ ਦਿਨ ਦਾ ਮੈਨੂੰ ਬੁਖਾਰ ਹੋ ਰਿਹਾ ਹੈ, ਜਿਸ ਵਕਤ ਮੈਂ ਦੀਵਾਨ ਵਿਚ ਸਟੇਜ ਤੇ ਬੈਠਦਾ ਹਾਂ ਉਹ ਬੁਖਾਰ ਪਤਾ ਨਹੀਂ ਕਿੱਥੇ ਜਾਂਦਾ ਹੈ, ਮੁੜ ਕੇ ਨੌਂ ਬਰ ਨੌਂ ਹੋ ਜਾਂਦਾ ਹੈ, ਪਤਾ ਹੀ ਨਹੀਂ ਕੀ ਹੋ ਗਿਆ। ਸੋ ਇਹ ਜੇ ਮੈਂ ਦੀਵਾਨ ਲਾਉਂਦਾ ਹੋਵਾਂ ਮੈਂ ਥੱਕ ਜਾਵਾਂ ਤੇ ਉਹ ਜੇ ਬਿਰਤੀ ਬਣੀ ਰਹੇ ਫੇਰ ਕੋਈ ਥਕੇਵਾਂ ਨਹੀਂ। ਮੈਂ ਹੈਰਾਨ ਹੁੰਦਾ ਹਾਂ ਕਿ ਮੈਂ ਥੱਕਿਆ ਕਿਉਂ ਨਹੀਂ ਹਾਂ। ਹਾਲੇ ਮੈਂ ਘਰ ਥੱਕਿਆ ਹੁੰਦਾ ਹਾਂ, ਦੀਵਾਨ ਵਿਚ ਨਹੀਂ ਥੱਕਿਆ ਹੁੰਦਾ। ਸੋ ਇਹ ਕੋਈ ਐਸੀ ਸ਼ਕਤੀ ਹੈ ਵਰਤ ਰਹੀ, ਜਿਹੜੀ ਤੁਹਾਨੂੰ ਪ੍ਰੇਮੀਆਂ ਨੂੰ, ਜਿਹੜੇ ਗੁਰੂ ਤੋਂ ਵਿਛੜੇ ਹੋਏ, ਜਿਨ੍ਹਾਂ ਨੇ ਪਤਾ ਨਹੀਂ ਕਿੰਨੇ ਯੁੱਗ ਲੰਘਾ ਦਿਤੇ ਗੁਰੂ ਤੋਂ ਵਿਛੜ ਕੇ, ਉਨ੍ਹਾਂ ਨੂੰ ਸਤਿਗੁਰੂ ਨੇ ਆਪਣੇ ਚਰਨਾਂ ਨਾਲ ਲਾਉਣ ਵਾਸਤੇ ਆਹ ਸਾਰਾ ਕੌਤਕ ਰਚਿਆ। ਸੋ ਆਪ ਦੇ ਉਤੇ ਗੁਰੂ ਮਹਾਰਾਜ ਦੀ ਦ੍ਰਿਸ਼ਟੀ ਹੈ। ਸੋ ਇਸ ਕਰਕੇ ਮੈਂ ਤੁਹਾਨੂੰ ਵਧਾਈ ਜ਼ਿਆਦਾ ਦਿੰਦਾ ਹਾਂ, ਤੁਸੀਂ ਵਧਾਈ ਦੇ ਪਾਤਰ ਹੋ ਕਿ ਇਕ ਤਾਂ ਕਲਜੁਗ ਦੇ ਅੰਦਰ, ਇਕ ਐਸੇ ਗੁਰੂ ਮਹਾਰਾਜ ਦੀ ਹਾਜ਼ਰੀ ਦੇ ਅੰਦਰ ਆਪ ਉਨ੍ਹਾਂ ਦੇ ਸਿੰਘ ਬਣੇ। ਦੂਸਰਾ ਮੈਂ ਇਕ ਦੇਖਿਆ ਹੈ ਕਿ ਇਕ ਬੱਚੇ ਨੇ ਵੀ ਕਿਰਪਾਨ ਨਹੀਂ ਲਾਹੀ। ਸਕੂਲਾਂ 'ਚ ਵੀ ਪੜ੍ਹਨ ਜਾਂਦੇ ਨੇ। ਕੋਈ ਭੁੱਲਿਆ-ਭਟਕਿਆ ਇਕ ਅੱਧਾ ਬੰਦਾ ਹੈ, ਜਿਹੜਾ ਗਿਰ ਗਿਆ। ਇਹ ਗੁਰੂ ਮਹਾਰਾਜ ਦਾ ਕੌਤਕ ਹੈ ਖਾਸ ਕਰਕੇ ਇਸ ਇਲਾਕੇ ਦੇ ਉਤੇ। ਪੁਰਾਣੇ ਬਜ਼ੁਰਗ ਨੇ ਕਹਿੰਦੇ ਨੇ ਕਿ ਇਥੇ ਸਿੱਖੀ ਆਏਗੀ, ਇਹ ਦੁਨੀਆਂ ਜਿਹੜੀ ਹੈ ਬਹੁਤ ਗੁਮਰਾਹ ਹੋ ਜਾਏਗੀ, ਇਨ੍ਹਾਂ ਨੂੰ ਕਹਿੰਦੇ ਨੇ ਪਛੜਿਆ ਹੋਇਆ ਇਲਾਕਾ। ਮੈਂ ਇਹ ਦੇਖਿਆ ਹੈ ਕਿ ਇਹ ਪਛੜਿਆ ਹੋਇਆ ਨਹੀਂ ਹੈ ਇਹ ਤਾਂ ਸਭ ਤੋਂ farword ਇਲਾਕਾ ਹੈ, ਇਨ੍ਹਾਂ ਦੇ ਮਨ ਵਿਚ ਜਿੰਨਾ ਪਿਆਰ ਤੇ ਸ਼ਰਧਾ ਹੈ ਓਨਾਂ ਸ਼ਾਇਦ ਹੀ ਹੋਵੇ। ਹਰਪ੍ਰਕਾਸ਼ ਸਿੰਘ 35 ਸੈਕਟਰ ਚੰਡੀਗੜ੍ਹ ਰਹਿੰਦੇ ਨੇ, ਉਨ੍ਹਾਂ ਦੀ ਗੁੱਡੀ ਨੇ ਪਿਛਲੀ ਵਾਰੀ ਅੰਮ੍ਰਿਤ ਛਕਿਆ ਇਥੇ, ਉਨ੍ਹਾਂ ਇਸ਼ਨਾਨ ਵੇਲੇ ਉਨ੍ਹਾਂ ਨੇ ਕੱਪੜਿਆਂ ਦੇ ਉਤੇ ਕਿਰਪਾਨ ਰੱਖ ਦਿਤੀ, ਛੋਟੀ ਜਿਹੀ ਬੱਚੀ ਆਈ ਆ ਕੇ ਕਹਿਣ ਲੱਗੀ ਡੈਡੀ! ਤੁਸੀਂ ਬਹੁਤ ਪਾਪ ਕੀਤਾ ਹੈ। ਕਹਿੰਦੀ ਕੀ ਕਰ ਦਿਤਾ। ਕਹਿੰਦੀ, ਤੁਸੀਂ ਕਿਰਪਾਨ ਇਥੇ ਕਿਉਂ ਰੱਖੀ ਹੈ? ਇਕ ਨਿੱਕੇ ਜਿਹੇ ਬੱਚੇ ਦੇ ਮਨ ਵਿਚ ਐਨਾ ਗਿਆਨ ਕਕਾਰਾਂ ਵਾਸਤੇ ਇਹ ਗੁਰੂ ਦੀ ਮਿਹਰ ਤੋਂ ਬਿਨਾਂ ਨਹੀਂ ਹੋ ਸਕਦਾ। ਏਸ ਕਰਕੇ ਤੁਸੀਂ ਸਾਰੇ ਹੀ ਬਹੁਤ ਹੀ ਵਧਾਈ ਦੇ ਪਾਤਰ ਤੇ ਬਾਕੀ ਜਿਹੜਾ ਹੈ ਪੰਜ ਪਿਆਰਿਆਂ ਨੇ ਆਪ ਨੂੰ ਦੱਸ ਦਿਤਾ ਹੈ ਕਿ ਆਹ ਮੜ੍ਹੀਆਂ ਮਸਾਣੀਆਂ ਨੂੰ ਨਹੀਂ ਮੰਨਣਾ, ਉਹਦਾ ਕਾਰਨ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਚਾਰ ਸਾਹਿਬਜ਼ਾਦੇ ਸ਼ਹੀਦ ਕਰਾਏ ਹਨ। ਜੇ ਬਚਾਉਣਾ ਚਾਹੁੰਦੇ, ਉਨ੍ਹਾਂ ਨੂੰ ਸਭ ਪਤਾ ਸੀ, ਉਹ ਪਹਿਲਾਂ ਹੀ ਕੱਢ ਦਿੰਦੇ ਮਾਲਵੇ ਵਲ ਦੋ ਸਾਹਿਬਜ਼ਾਦਿਆਂ ਨੂੰ ਕਿ ਆਹ ਸੰਕਟ ਆ ਰਿਹਾ ਹੈ। ਆਹ ਹੁਣ ਜਿਹੜੇ ਆਪਣੇ ਫੌਜ ਵਾਲੇ ਨੇ ਇਹ ਕਦੇ ਨਹੀਂ ਬੈਠਣ ਦਿੰਦੇ ਅਫਸਰਾਂ ਨੂੰ ਇਕੱਠਿਆਂ ਨੂੰ, ਇਕੱਠਿਆਂ ਨੂੰ ਵੱਡਿਆਂ ਨੂੰ ਜਾਣ ਨਹੀਂ ਦਿੰਦੇ ਕਿ ਇਕ ਨੂੰ ਇਧਰ ਰੱਖੋ, ਇਕ ਨੂੰ ਐਧਰ ਰੱਖੋ ਤੇ ਮਹਾਰਾਜ ਪਹਿਲਾਂ ਹੀ ਛੋਟੇ ਸਾਹਿਬਜ਼ਾਦਿਆਂ ਜਾਂ ਵੱਡਿਆਂ ਨੂੰ ਕੱਢ ਦਿੰਦੇ ਕਿ

ਮਾਲਵੇ ਚਲੇ ਜਾਓ ਕਿ ਇਥੇ ਯੁੱਧ ਲਗਦੇ ਨੇ ਪਤਾ ਨਹੀਂ ਕੀ ਹੋਣਾ ਹੈ। ਸਾਡੇ ਬਾਅਦ ਤੁਸੀਂ ਸਿੱਖੀ ਦੀ ਵਾਗਡੋਰ ਸੰਭਾਲਿਓ। ਲੇਕਿਨ ਮਹਾਰਾਜ ਜੀ ਨੇ ਇਹ ਨਹੀਂ ਕੀਤਾ। ਬਹੁਤ ਤਰੀਕੇ ਸੀਗੇ ਕੱਢਣ ਦੇ। ਲੇਕਿਨ ਆਪ ਨੇ ਇਹ ਨਹੀਂ ਕਰਿਆ। ਆਪਣੇ ਸਾਹਿਬਜ਼ਾਦੇ ਉਨ੍ਹਾਂ ਨੇ ਸ਼ਹੀਦ ਕਰਾ ਲਏ। ਸ਼ਹੀਦ ਕਰਾਉਣ ਤੋਂ ਬਾਅਦ ਜਦੋਂ ਦਮਦਮੇ ਸਾਹਿਬ ਪਹੁੰਚਦੇ ਨੇ ਉਥੇ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਉਥੇ ਪਹੁੰਚਦੇ ਨੇ। ਦੀਵਾਨ ਲੱਗਿਆ ਹੋਇਆ ਹੈ ਬਹੁਤ ਵੱਡਾ। ਆਪ ਗੁਰੂ ਮਹਾਰਾਜ ਵਲ ਤੁਰਦੇ ਵੀ ਜਾਂਦੇ ਨੇ, ਲੇਕਿਨ ਉੱਚੀ ਗਰਦਨ ਕਰਕੇ ਐਉਂ ਦੇਖਦੇ ਵੀ ਜਾਂਦੇ ਨੇ। ਐਧਰ ਦੇਖਦੇ ਨੇ ਓਧਰ ਦੇਖਦੇ ਨੇ। ਮਹਾਰਾਜ ਨੂੰ ਨਮਸਕਾਰ ਕੀਤੀ। ਜਾਣ ਤੋਂ ਬਾਅਦ ਫੇਰ ਵੀ ਉਨ੍ਹਾਂ ਦਾ ਖਿਆਲ ਐਸ ਤਰ੍ਹਾਂ ਰਿਹਾ। ਮਹਾਰਾਜ ਕਹਿੰਦੇ, ਕੀ ਦੇਖਦੇ ਓਂ? ਕਹਿਣ ਲੱਗੇ, ਮਹਾਰਾਜ! ਅਜੀਤ ਸਿੰਘ ਨਜ਼ਰ ਨਹੀਂ ਆ ਰਿਹਾ। ਜੁਝਾਰ ਸਿੰਘ ਨਜ਼ਰ ਨਹੀਂ ਆ ਰਿਹਾ, ਜ਼ੋਰਾਵਰ ਸਿੰਘ ਕਿਤੇ ਖੇਲ੍ਹਦੇ ਨਜ਼ਰ ਨਹੀਂ ਆ ਰਹੇ। ਫਤਹਿ ਸਿੰਘ ਕਿਤੇ ਨਜ਼ਰ ਨਹੀਂ ਆ ਰਹੇ। ਮਹਾਰਾਜ ਕਹਿੰਦੇ ਉਹ ਤਾਂ ਆਪਣੇ ਦਾਦਾ ਜੀ ਕੋਲ ਚਲੇ ਗਏ। ਸੰਸਾਰ 'ਚ ਜੋ ਕਾਰਜ ਉਨ੍ਹਾਂ ਨੇ ਕਰਨਾ ਸੀ ਉਹ ਕਰਕੇ ਚਲੇ ਗਏ। ਐਨਾ ਕਹਿਣ ਦੇ ਨਾਲ ਵੈਰਾਗ ਆ ਗਿਆ, ਮਾਤਾਵਾਂ ਦੇ ਅੱਖਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ। ਮਹਾਰਾਜ ਕਹਿਣ ਲੱਗੇ, ਕੀ ਗੱਲ? ਤੁਸੀਂ ਕਿਉਂ ਅਫਸੋਸ ਕਰਦੇ ਓਂ। ਕਹਿਣ ਲੱਗੇ –

***ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।***
***ਚਾਰ ਮੂਏ ਤੋ ਕਿਆ ਹੂਆ ਜਉ ਜੀਵਤ ਕਈ ਹਜ਼ਾਰ।***

ਕਹਿੰਦੇ ਤੁਹਾਡੀ ਗੋਦ ਖਾਲੀ ਨਹੀਂ ਰਹਿਣੀ। ਮੇਰੇ ਐਨੇ ਗੁਰਸਿੱਖ ਆਉਣੇ ਨੇ ਤੁਹਾਡੀ ਗੋਦ ਵਿਚ ਬੈਠਣ ਵਾਸਤੇ। ਇਸ ਵਾਸਤੇ ਮੈਂ ਆਪਣੀ ਗੋਦ ਖਾਲੀ ਕਰ ਦਿਤੀ। ਮਤਾ ਸੰਸਾਰ ਨੂੰ ਇਹ ਸ਼ੱਕ ਪੈ ਜਾਵੇ ਕਿ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ, ਆਪਣੇ ਪੁੱਤਰਾਂ ਨੂੰ ਪਿਆਰ ਸਾਡੇ ਨਾਲੋਂ ਜ਼ਿਆਦਾ ਕਰਦੇ ਹੋਣ। ਸੋ ਕਹਿੰਦੇ, ਮੈਂ ਤਾਂ ਇਹ ਭੁਲੇਖਾ ਹੀ ਲਾਹ ਦਿਤਾ, ਮੇਰੇ ਪੁੱਤਰ ਨੇ ਜਿਹੜੇ ਮੇਰੇ ਸਿੰਘ ਹੋਣਗੇ। ਉਨ੍ਹਾਂ ਨੇ ਮੇਰੀ ਦਰਗਾਹ 'ਚ ਆਉਣਾ ਹੈ। ਮੈਂ ਉਨ੍ਹਾਂ ਦਾ ਇੰਤਜ਼ਾਰ ਕਰਨਾ ਹੈ ਤੇ ਅੱਜ ਤੋਂ ਬਾਅਦ ਜੇ ਤੁਸੀਂ ਸਿੱਖੀ 'ਚ ਪੱਕੇ ਰਹੇ ਅਰਦਾਸ ਕਰਿਆ ਕਰੋ ਕਿ ਜੇ ਤੁਸੀਂ ਸਿੱਖੀ 'ਚ ਪੱਕੇ ਰਹੇ। ਧਰਮਰਾਜ ਨੇ, ਜਮਦੂਤ ਨੇ ਤੁਹਾਡੇ ਪਰਛਾਵੇਂ ਵਿਚ ਵੀ ਨਹੀਂ ਆਉਣਾ ਅਰ ਤੁਹਾਨੂੰ ਲੈਣ ਵਾਸਤੇ ਆਪ ਗੁਰੂ ਦੇ ਸਿੰਘ ਆਉਣੇ ਨੇ ਤੇ ਇਹ ਅਤਿਕਥਨੀ ਬਾਤ ਨਹੀਂ।

ਮੇਰਾ ਇਕ ਦੋਸਤ ਸੀ ਕਰਨਲ ਲਾਲ ਸਿੰਘ। ਪਟਿਆਲੇ ਦੀ ਫੌਜ ਵਿਚ ਹੁੰਦਾ, ਉਹਦਾ ਫਾਰਮ ਸੀ ਮੇਰੇ ਫਾਰਮ ਦੇ ਨਾਲ। ਜਿਸ ਵਕਤ ਉਹਦਾ ਅੰਤ ਸਮਾਂ ਆਇਆ ਤਾਂ ਉਹਨੂੰ ਪੁੱਛਣ ਲੱਗੇ, ਉਹਦਾ ਭਰਾ ਮੇਜਰ ਸੀ ਡਾਕਟਰ। ਲੜਕਾ ਉਹਦਾ ਮੇਜਰ ਜਰਨਲ ਹੈ, ਇਕ ਉਹਦਾ ਲੜਕਾ ਏਅਰ ਕੌਮੋਡਰ ਹੈ। ਉਹ ਸਾਰੇ ਖੜ੍ਹੇ ਨੇ ਕਹਿਣ ਲੱਗੇ, ਲਾਲ ਸਿੰਘ! ਤੂੰ ਸਾਨੂੰ ਪਛਾਣਦਾ ਹੈਂ? ਉਹ ਕਹਿੰਦਾ, ਕੀ ਕਮਾਲ ਗੱਲ ਕਰਦੇ ਓਂ। ਆਹ ਮੁਨਸ਼ੀ ਸਿੰਘ ਹੈ, ਆਹ ਰਜਿੰਦਰ ਸਿੰਘ ਹੈ, ਆਹ ਰਜਿੰਦਰ ਸਿੰਘ ਸਾਰਿਆਂ ਦੇ ਨਾਉਂ ਲੈ ਦਿਤੇ। ਕਹਿੰਦਾ ਲੈ ਬਈ ਹੁਣ ਚੁੱਪ ਕਰ ਜਾਓ, ਕਹਿੰਦਾ ਗੁਰੂ ਨਾਨਕ ਸਾਹਿਬ ਆ ਗਏ। ਉੱਚੀ ਦੇ ਕੇ ਬੋਲਣ ਲੱਗ ਗਿਆ ਕਿ ਬੋਲ ਗੁਰੂ ਨਾਨਕ ਦੇਵ ਕੀ ਜੈ, ਜੈਕਾਰੇ ਬੁਲਾਉਣ ਲੱਗ ਗਿਆ, ਦੱਸਾਂ ਪਾਤਸ਼ਾਹੀਆਂ ਦੀ ਜੈ ਬੁਲਾ ਕੇ ਕਹਿੰਦਾ ਲਓ ਬਈ ਅਸੀਂ ਤਾਂ ਹੁਣ ਚੱਲੇ ਮਹਾਰਾਜ ਦੇ ਨਾਲ। 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਫਤਹਿ ਬੁਲਾ ਦਿਤੀ, ਇਕ ਹੱਥ ਓਧਰ ਕਰ ਲਿਆ, ਇਕ ਐਧਰ ਕਰ ਲਿਆ। ਐਉਂ ਸਰੀਰ ਛੱਡ ਦਿਤਾ ਜਿਵੇਂ ਸੱਪ ਕੰਜ 'ਚੋਂ ਬਾਹਰ ਆ ਜਾਂਦਾ ਹੈ। ਸੋ ਉਹ ਬਹੁਤਾ ਚਿਰ ਦੇ ਸਿੱਖ ਨਹੀਂ ਸੀਗੇ। 1950 'ਚ ਉਨ੍ਹਾਂ ਨੂੰ ਸਿੱਖੀ ਦੀ ਲਾਗ ਲੱਗੀ ਸੀ। ਉਥੋਂ 1972-73 'ਚ ਉਹ ਸਰੀਰ ਛੱਡ ਗਏ। ਲੇਕਿਨ ਉਹ ਗੁਰੂ ਘਰ ਦੇ ਸੇਵਕ ਬੜੇ ਜ਼ਬਰਦਸਤ ਸੀ, ਨਾਨਕ ਮਤੇ ਦਾ ਗੁਰਦੁਆਰਾ ਬਹੁਤ ਜ਼ਬਰਦਸਤ, ਅੰਗੀਠਾ ਸਾਹਿਬ ਦਾ ਗੁਰਦੁਆਰਾ, ਅਲਮੋੜੇ ਦਾ ਗੁਰਦੁਆਰਾ, ਆਪਣੇ ਕੰਮਾਂ 'ਚੋਂ ਨਿਕਲੇ ਸੇਵਾ ਕਰਦੇ ਸੀ। ਅਖੀਰ ਨਤੀਜਾ ਕੀ ਹੋਇਆ ਗੁਰੂ ਮਹਾਰਾਜ ਆਪ ਆਏ।

ਏਸੇ ਤਰ੍ਹਾਂ ਬਹੁਤ ਸਾਰੇ ਪ੍ਰੇਮੀ ਨੇ ਜਿਨ੍ਹਾਂ ਇਹ ਗੱਲ ਦੱਸੀ ਹੈ ਕਿ ਸਾਨੂੰ ਗੁਰੂ ਮਹਾਰਾਜ ਲੈਣ ਆਏ ਨੇ, ਜਾਂ ਪੰਜ ਪਿਆਰੇ ਲੈਣ ਆਏ ਨੇ ਜਾਂ ਸਿੰਘ ਲੈਣ ਆਏ ਨੇ। ਸੋ ਇਹ ਜਮਦੂਤਾਂ ਵਾਲਾ ਹਿਸਾਬ-ਕਿਤਾਬ ਤੁਹਾਡਾ ਖਤਮ ਹੋ ਗਿਆ, ਮੁੜ ਕੇ ਚੌਰਾਸੀ 'ਚ ਨਾ ਪੈ ਜਾਇਓ ਭਾਈ। ਹੋਰ ਕੁਛ ਨਹੀਂ ਹੁੰਦਾ ਤਾਂ ਸਿੰਘ ਬਣ ਜਾਓ। ਜੇ ਨਾਮ ਜਪ ਲਓਂ ਤਾਂ ਫੇਰ ਸਮਝ ਲਓਂ ਕਿ ਤੁਸੀਂ ਬਹੁਤ ਖੱਟ ਗਏ। ਸੋ ਨਾਮ ਜਪਣ ਵਾਸਤੇ ਗੁਰੂ ਧਾਰਨਾ ਪੈਂਦਾ ਹੈ, ਗੁਰੂ ਧਾਰਨ ਦਾ ਮਤਲਬ ਇਹ ਹੁੰਦਾ ਹੈ ਕਿ ਗੁਰੂ ਤੋਂ ਨਾਮ ਮਿਲੇ ਤੇ ਤੁਸੀਂ ਨਾਮ ਜਪੋਂ। ਸੋ ਇਸ ਤਰ੍ਹਾਂ ਚੜ੍ਹਦੀ ਕਲਾ 'ਚ ਰਹਿਣਾ। ਗੁਰੂ ਗੋਬਿੰਦ ਸਿੰਘ ਜੀ ਦਾ ਪੁੱਤਰ ਹੋਵੇ, ਮਾਤਾ ਸਾਹਿਬ ਕੌਰ ਜੀ ਦੀ ਗੋਦ ਵਿਚ ਉਹਦੀ ਪੁੱਤਰੀ ਬੈਠੀ ਹੋਵੇ ਤੇ ਜਾ ਕੇ ਮੱਥੇ ਟੇਕੇ ਮਾਤਾ ਰਾਣੀਆਂ ਨੂੰ। ਮਾਂ ਬਾਪ ਨਰਾਜ਼ ਨਹੀਂ ਹੋਣਗੇ।

ਇਕ ਰਾਜੇ ਦਾ ਲੜਕਾ ਹੋਵੇ ਉਹ ਬਜ਼ਾਰ ਵਿਚਜਾ ਕੇ ਲੋਕਾਂ ਨੂੰ ਕਹੇ ਅਰੇ ਬਾਬਾ, ਦੋ ਪੈਸੇ ਦੇ ਜਾ। ਉਹ ਬਾਪ ਰਾਜਾ ਨਰਾਜ਼ ਹੋਏਗਾ ਕਿ ਨਹੀਂ। ਉਹ ਕਹਿੰਦਾ ਹੈ ਕਿ ਇਹਨੂੰ ਪਤਾ ਹੀ ਨਹੀਂ ਆਪਣੀ ਹਸਤੀ ਦਾ।

ਸੋ ਤੁਸੀਂ ਸਾਰੀਆਂ ਬੇਟਾ, ਜਿੰਨੀਆਂ ਵੀ ਬੈਠੀਆਂ ਹੋਂ ਤੁਸੀਂ ਗੁਰੂ ਦਸ਼ਮੇਸ਼ ਪਿਤਾ ਜੀ ਦੇ ਪੁੱਤਰ ਓਂ, ਮਾਤਾ ਸਾਹਿਬ ਕੌਰ ਜੀ ਤੁਹਾਡੀ ਮਾਤਾ ਹੈ। ਕੋਈ ਔਖ ਸੌਖ ਆਉਂਦੀ ਹੈ ਆਪਣੇ ਪਿਤਾ ਨੂੰ ਕਹਿ ਦਿਓ। ਆਪਣੇ ਗੁਰੂ ਨੂੰ ਕਹਿ ਦਿਓ ਉਹ ਆਪੇ ਰਾਖੀ ਕਰਨਗੇ। ਬਾਕੀ ਹੁੰਦੀ ਹੈ ਭੂਤਾਂ-ਪ੍ਰੇਤਾਂ ਦੀ ਗੱਲ। ਇਹ ਜਿਹੜਾ ਜਲ ਛਕਾਇਆ ਗਿਆ ਮੰਤਰਿਆ ਹੋਇਆ ਜਿਹਨੂੰ ਅੰਮ੍ਰਿਤ ਕਹਿੰਦੇ ਨੇ, ਇਹ ਤੰਤ੍ਰ, ਮੰਤ੍ਰ, ਜੰਤਰ ਤਿੰਨ ਚੀਜ਼ਾਂ ਹੁੰਦੀਆਂ ਨੇ ਇਕੱਠੀਆਂ। ਇਹਦੇ ਨਾਲ ਜਿੰਨਾ ਚਿਰ ਛਾਇਆ ਮਾਇਆ ਨਹੀਂ ਹੋਣੀ ਜਿੰਨਾਂ ਚਿਰ ਤੁਸੀਂ ਆਪ ਗਲਤੀ ਨਹੀਂ ਕਰਦੇ। ਅੰਮ੍ਰਿਤ ਦੇ ਵਿਚ ਪੱਕੇ ਰਹਿਣਾ ਹੈ ਤੇ ਇਹਦੇ ਨਾਲ ਨਾਮ ਜਪਣਾ ਹੈ, ਜਦੋਂ ਗੁਰੂ ਨਾਨਕ ਤੁਹਾਡੇ ਅੰਦਰ ਵਸ ਗਿਆ, ਪ੍ਰੇਤ ਨੇ ਕਿੱਥੇ ਵਸਣਾ ਹੈ। ਪ੍ਰੇਤ ਤਾਂ ਤੁਹਾਨੂੰ ਦੇਖ ਕੇ ਹੀ ਨਿਕਲ ਜਾਏਗਾ। ਤੁਸੀਂ ਪ੍ਰੇਤ ਕੱਢ ਦਿਓਂਗੇ।

ਇਕ ਵਾਰੀ ਯੂ.ਪੀ. ਦੇ ਅੰਦਰ ਇਕ ਬੀਬੀ ਆਈ ਮੇਰੇ ਕੋਲ ਕਹਿਣ ਲੱਗੀ, ਬਾਪੂ ਜੀ! ਤੁਹਾਡਾ ਪੁੱਤਰ ਫੜ ਲਿਆ ਪ੍ਰੇਤ ਨੇ। ਸਿਆਲਕੋਟੀਏ ਸੀਗੇ। ਮੈਂ ਕਿਹਾ ਕੀ ਗੱਲ? ਕਹਿੰਦਾ, ਦਰਖਤ ਵੱਢ ਦਿਤੇ ਸੀ ਸਾਰਾ ਹੀ ਪਿੰਡ ਫੜ ਲਿਆ। ਉਹ ਕੀ ਕਰਦਾ ਹੈ ਇਕ 'ਚ ਆ ਜਾਂਦਾ ਹੈ, ਫੇਰ ਸਾਰੇ ਪਿੰਡ ਦਾ ਗੇੜਾ ਕਢਾ ਕੇ ਫੇਰ ਦੂਜੇ ਨੂੰ ਫੜ ਲੈਂਦਾ ਹੈ। ਐਉਂ ਨੱਠੇ ਫਿਰਦੇ ਨੇ ਸਭ।

ਮੈਂ ਕਿਹਾ, ਬੀਬੀ! ਤੂੰ ਤਾਂ ਐਨੇ ਪਾਠ ਕੀਤੇ ਨੇ ਮੂਲਮੰਤਰ ਦੇ। ਸਵਾ ਲੱਖ ਕੀਤਾ ਹੈ? ਕਹਿੰਦੀ ਹਾਂ। ਮੈਂ ਕਿਹਾ, 'ਤਾਤੀ ਵਾਉ ਨ ਲਾਗਈ' ਸ਼ਬਦ ਵੀਹ ਵਾਰੀ ਪੜ੍ਹ ਲੈ। ਮੂਲਮੰਤਰ ਪੜ੍ਹ ਲੈ ਜਲ ਦੇ ਉਤੇ ਨਿਗ੍ਹਾ ਟਿਕਾ ਕੇ, ਉਹ ਜਲ ਪਿਲਾ ਦੇ। ਪ੍ਰੇਤ ਕਿੱਥੇ ਰਹਿ ਜਾਏਗਾ। ਘਰ ਚਲੀ ਗਈ, ਜਾ ਕੇ ਆਪੇ ਹੀ ਜਲ ਪਿਲਾ ਦਿਤਾ ਬਣਾ ਕੇ। ਉਹ ਪ੍ਰੇਤ ਨੱਠ ਗਿਆ। ਦੂਸਰੇ ਉਹਦੇ ਦਿਓਰ ਸੀ ਉਹ ਕਹਿਣ ਲੱਗੇ ਸਾਨੂੰ ਵੀ ਕੁੱਛ ਕਰ ਦੇ, ਕਿੱਥੋਂ ਹੋਇਆ ਹੈ? ਉਹਨੇ ਦੱਸਿਆ ਨਾ। ਲਕੋ ਲਈ ਗੱਲ? ਲਕੋਣੀ ਹੀ ਠੀਕ ਹੈ ਨਹੀਂ ਤਾਂ ਫੇਰ ਦੁਨੀਆਂ ਸਾਰੀ ਮਗਰ ਪੈ ਜਾਂਦੀ ਹੈ। ਸੋ ਤੁਹਾਨੂੰ ਤਾਂ ਦੇਖ ਕੇ ਪ੍ਰੇਤ ਨੱਠਣਗੇ ਤੇ ਇਨ੍ਹਾਂ ਤੋਂ ਡਰਨਾ ਨਹੀਂ ਹੈ। ਭੂਤਾਂ, ਪ੍ਰੇਤਾਂ, ਸੀਤਲਾ, ਮਾਤਾ ਕੋਈ ਬੀਮਾਰੀ ਨਹੀਂ ਅੱਜਕਲ੍ਹ ਰਹੀ, ਇਹ ਵਾਇਰਸ ਦੀ ਬਿਮਾਰੀ ਹੁੰਦੀ ਹੈ, ਕੋਈ ਦੇਵੀ ਦੇਵਤਾ ਕੋਈ ਨਹੀਂ ਇਹਦਾ। ਐਵੇਂ ਭਰਮ 'ਚ ਲੱਗ ਕੇ ਅਸੀਂ ਲੱਗ ਜਾਂਦੇ ਹਾਂ। ਦੂਸਰਾ ਸਾਡੀ ਸਰਕਾਰ ਨੇ ਇਥੋਂ ਕੱਢ ਦਿਤੀ ਹੈ। ਇਕ ਹਜ਼ਾਰ ਰੁਪਈਆਂ ਦਿੰਦੇ ਨੇ ਜਿਹੜਾ ਦੱਸ ਦੇਵੇ ਕਿ small pox ਕਿਸੇ ਨੂੰ ਹੋਈ ਹੋਈ ਹੈ। ਸੋ ਇਨ੍ਹਾਂ ਵਹਿਮਾਂ 'ਚ ਨਹੀਂ ਰਹਿਣਆ। ਦੂਜਾ ਇਕ ਪੀਰ ਹੋਇਆ ਹੈ ਚੌਹਾਨ ਉਹ ਚੌਹਾਨ ਕਰਾਮਾਤਾਂ ਜਾਣਦਾ ਉਹ ਛਪਾਰ ਦੇ ਵਿਚ ਆ ਕੇ ਛਪਾਰਾ ਦੇ ਨਾਲ, ਚੌਧਰੀ ਸੀ ਛੱਪਾ ਰਾ, ਔਲਖਾਂ ਦਾ ਵਡੇਰਾ ਉਹ ਚੜ੍ਹਾਈ ਕਰ ਗਿਆ ਸੀ ਉਹ ਵੀ ਉਹਦੀ ਥਾਂ ਤੇ ਬੈਠਾ-ਬੈਠਾ ਚਲਾ ਗਿਆ। ਸੋ ਗੁੱਗੇ ਨੂੰ ਮੰਨਣ ਦਾ ਰਿਵਾਜ ਪੈ ਗਿਆ, ਸੱਪ ਨੂੰ ਮੰਨੀ ਜਾਂਦੇ ਨੇ। ਗੁੱਗਾ ਚੌਹਾਨ ਹੋਇਆ ਹੈ ਬੜਾ ਭਾਰੀ ਸਰਦਾਰ ਸੀ ਉਹ, ਰਾਜਪੂਤ ਸੀ, ਉਹਦੇ ਵੀ ਮੱਥੇ ਵੀ ਪੂਰ ਪਾਈ ਜਾਂਦੀ ਨੇ। ਸੋ ਐਹੋ ਜਿਹਾ ਕੋਈ ਕੰਮ ਨਹੀਂ ਕਰਨਾ ਭਾਈ, ਚੜ੍ਹਦੀ ਕਲਾ 'ਚ ਰਹਿਣਾ ਹੈ। ਕੋਈ ਔਖ ਸੌਖ ਆਉਂਦੀ ਹੈ, ਮੰਗਣ ਨੂੰ ਜੀਅ ਕਰਦਾ ਹੈ, ਗੁਰੂ ਗ੍ਰੰਥ ਸਾਹਿਬ ਤੋਂ ਮੰਗ ਲਓ। ਇਹ ਨਹੀਂ ਮੈਂ ਕਹਿੰਦਾ ਕਿ ਨਾ ਮੰਗੋ। ਮੰਗਾਂ ਪੂਰੀਆਂ ਕਰਦੇ ਨੇ ਗੁਰੂ ਗ੍ਰੰਥ ਸਾਹਿਬ। ਕਾਰੋਬਾਰ ਨਹੀਂ ਚਲਦਾ ਗੁਰੂ ਗ੍ਰੰਥ ਸਾਹਿਬ ਤੋਂ ਚਲਾ ਲਓ। ਬਾਣੀ ਵਿਚ ਸਾਰਾ ਕੁਛ ਹੀ ਲਿਖਿਆ ਹੋਇਆ ਹੈ। ਸੋ ਇਥੇ ਨਿਹਚਾ ਰੱਖੋ, ਜਿਹੜਾ 100% ਵਿਸ਼ਵਾਸ਼ ਰੱਖੇਗਾ, ਉਹਦੇ ਦੁਨੀਆਂ ਦੇ ਵੀ ਕੰਮ ਕਰਨਗੇ। ਜਿਹੜਾ ਗੁਰੂਆਂ ਦੇ ਨਾਲ ਪਿਆਰ ਕਰੇਗਾ ਉਹਦੀ ਰੂਹਾਨੀਅਤ ਵੀ ਤੁਰੇਗੀ। ਸਤਿਸੰਗ ਜਿੱਥੇ ਕਿਤੇ ਨੇੜੇ-ਤੇੜੇ ਹੋਵੇ, ਉਥੇ ਜ਼ਰੂਰ ਸੁਣੋ। ਸਤਿਸੰਗ ਦੀ ਨਿਸ਼ਾਨੀ ਇਹ ਹੁੰਦੀ ਹੈ, ਉਥੇ ਮਨ ਲਗ ਜਾਇਆ ਕਰਦਾ ਹੈ। ਆਵਾਜ਼ਾਂ ਨਹੀਂ ਹੁੰਦੀਆਂ, ਰੌਲੇ ਗੋਲੇ ਨਹੀਂ ਹੁੰਦੇ, ਉਥੇ ਕਿਸੇ ਦੀ ਨਿੰਦਿਆ ਨਹੀਂ ਹੁੰਦੀ, ਸਭ ਨੂੰ ਸਾਂਝਾ ਉਪਦੇਸ਼ ਹੁੰਦਾ ਹੈ। ਐਹੋ ਜਿਹਾ ਸਤਿਸੰਗ ਜਿਥੇ ਤੁਹਾਨੂੰ ਮਿਲੇ ਉਥੇ ਜਾਓ। ਬਾਕੀ ਮਹਾਂਪੁਰਸ਼ਾਂ ਦਾ ਸਤਿਕਾਰ ਜਿੰਨਾ ਕਰ ਸਕਦੇ ਓਂ, ਕਰੋ। ਪਾਖੰਡੀਆਂ ਤੋਂ ਬਚੋ, ਪਾਖੰਡੀਆਂ ਨੂੰ ਨਾ ਲੁਟਾਓ। ਤਾਂਤੀਰਆਂ, ਮੰਤਰੀਆਂ ਨੂੰ ਨਾ ਲੁਟਾਓ। ਗੁਰੂ ਮਹਾਰਾਜ ਆਪਣੇ ਸਮਰੱਥ ਨੇ। ਸੋ ਆਪ ਨੇ ਅੱਜ ਨਵਾਂ ਜਨਮ ਧਾਰਨ ਕੀਤਾ ਹੈ। ਚਾਰ ਵੱਡੇ ਸਮਾਗਮ ਹੁੰਦੇ ਨੇ। ਪਹਿਲਾ ਸਮਾਗਮ ਜਦੋਂ ਆਦਮੀ ਜਨਮ ਲੈਂਦਾ ਹੈ। ਉਹ ਮਾਂ-ਬਾਪ ਮਨਾਉਂਦੇ ਨੇ, ਦੂਸਰਾ ਸਮਾਗਮ ਜਦੋਂ ਚੜ੍ਹਾਈ ਕਰ ਜਾਂਦਾ ਹੈ। ਉਦੋਂ ਪੁੱਤਰ-ਪੋਤਰੇ ਰਲ ਕੇ ਮਨਾਉਂਦੇ ਨੇ। ਤੀਸਰਾ ਸਮਾਗਮ ਸ਼ਾਦੀ ਦਾ ਹੁੰਦਾ ਹੈ ਉਹ ਆਪ ਮਨਾਉਂਦਾ ਹੈ। ਚੌਥਾ ਸਭ ਤੋਂ ਵੱਡਾ ਜੋ ਮਹੱਤਵਪੂਰਨ ਸਮਾਗਮ ਹੁੰਦਾ ਹੈ ਕਿ ਜਦੋਂ ਅੰਮ੍ਰਿਤ ਛਕ ਲਵੇ। ਇਹਦੇ ਲਈ ਬੈਂਡ-ਵਾਜੇ ਵੱਜਣੇ ਚਾਹੀਦੇ ਨੇ ਬਾਹਰ ਕਿ ਅੱਜ ਐਨੇ ਪ੍ਰਾਣੀ 84 'ਚੋਂ ਨਿਕਲ ਕੇ ਗੁਰੂ ਵਾਲੇ ਬਣ ਗਏ। ਖੁਸ਼ੀਆਂ ਮਨਾਉਣੀਆਂ ਚਾਹੀਦੀਆਂ ਹਨ। ਇਹ ਬਹੁਤ ਵੱਡੀ ਖੁਸ਼ੀ ਹੋ ਜਾਣੀ ਚਾਹੀਦੀ ਹੈ ਕਿ ਅੱਜ ਅਸੀਂ ਗੁਰੂ ਦੇ ਲੜ ਲੱਗ ਗਏ। ਅੱਜ ਸਾਡਾ ਦਸ਼ਮੇਸ਼ ਪਿਤਾ ਬਾਲੀਵਾਰਸ਼ ਹੋ ਗਿਆ। ਸੋ ਇਸ ਤਰ੍ਹਾਂ ਦੀ ਬਿਰਤੀ 'ਚ ਰਹਿ ਕੇ ਤੁਸੀਂ ਆਪਣਾ ਸਮਾਂ ਬਤੀਤ ਕਰਨਾ ਹੈ।

**ਵਾਹਿਗੁਰੂ ਜੀ ਕਾ ਖਾਲਸਾ।**

**ਵਾਹਿਗੁਰੂ ਜੀ ਕੀ ਫਤਹਿ।**

# ਸਾਕਾ ਸਰਹਿੰਦ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

***ਧਾਰਨਾ - ਆਪ ਮੁਕਤ ਮੋਹਿ ਤਾਰੇ ਜੀ***
***ਐਸੇ ਗੁਰ ਕੌ ਬਲ ਬਲ ਜਾਈਏ।***

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥੧॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ*
*ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ*
*ਕੋ ਹੈ ਐਸੋ ਬੀਚਾਰੈ ॥੧॥*
*ਬਿਸਮ ਬਿਸਮ ਬਿਸਮ ਹੀ ਭਈ ਹੈ*
*ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ ਅੰਗ - ੧੩੦੧*

***ਧਾਰਨਾ - ਨਿਰਵੈਰ ਨਿਰਾਲਾ ਜੀ,***
***ਸਤਿਗੁਰ ਪੁਰਖ ਅਗੰਮ ਹੈ।***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਓਂ।

***ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।***
***ਜਾਣਹੁ ਧਰਤੀ ਧਰਮ ਕੀ, ਸਚੀ ਧਰਮਸਾਲਾ।***
***ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।***
***ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।***
***ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।***
***ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।***
***ਭਾਈ ਗੁਰਦਾਸ ਜੀ, ਵਾਰ 34, ਪਉੜੀ 1***

ਗੁਰੂ ਸਤਿਗੁਰੂ, ਗੁਰੂ ਨਾਨਕ ਸਾਹਿਬ ਦਾ ਗੁਰੂਆਂ ਵਿਚ ਦਰਜਾ ਹੁੰਦਾ ਹੈ। ਇਹ ਇਕ ਬੜੇ ਭੁਲੇਖੇ ਦੀ ਗੱਲ ਹੈ। ਗੁਰੂ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਹੀ ਹੁੰਦੇ ਆਏ ਨੇ। ਜਦੋਂ ਤੱਕ ਸੰਸਾਰ ਰਹਿਣਾ ਹੈ ਉਸ ਵੇਲੇ ਤੱਕ ਉਨ੍ਹਾਂ ਨੇ ਰਹਿਣਾ ਹੈ। ਚਾਹੇ ਹਿਸਾਬ ਪੜ੍ਹਾਉਣ ਵਾਲਾ ਹੈ, ਚਾਹੇ ਮੈਡੀਕਲ ਸਾਇੰਸ ਪੜ੍ਹਾਉਣ ਵਾਲਾ ਹੈ, ਚਾਹੇ ਇੰਜਨੀਰਿੰਗ ਪੜ੍ਹਾਉਣ ਵਾਲਾ ਹੈ। ਅੰਗ੍ਰੇਜ਼ੀ 'ਚ ਅਸੀਂ ਉਹਨੂੰ ਮਾਸਟਰ ਕਹਿੰਦੇ ਹਾਂ, ਟੀਚਰ ਕਹਿੰਦੇ ਹਾਂ, ਪ੍ਰੋਫੈਸਰ ਕਹਿੰਦੇ ਹਾਂ, ਉਸਤਾਦ ਕਹਿੰਦੇ ਹਾਂ। ਲੇਕਿਨ ਇਹ ਜੋ ਭਾਰਤ ਵਰਸ਼ ਦੀ ਸੰਸਕ੍ਰਿਤੀ ਸੀ। ਇਹਦੇ ਵਿਚ ਕੁਛ ਆਦਰ ਜ਼ਿਆਦਾ ਸੀ ਇਨ੍ਹਾਂ ਵਾਸਤੇ। ਜਦੋਂ ਤੋਂ ਟੀਚਰ ਅੱਖਰ ਆ ਗਿਆ, ਵਿਦਿਆਰਥੀ ਦਾ ਸਬੰਧ ਟੀਚਰ ਨਾਲੋਂ ਬਹੁਤ ਪਤਲਾ ਹੋ ਗਿਆ, ਮਾਸਟਰ ਨਾਲ ਪਤਲਾ ਹੋ ਗਿਆ। ਲੇਕਿਨ ਜੋ ਗੁਰੂ ਸੀ ਉਸ ਦੇ ਨਾਲ ਸਬੰਧ ਬਹੁਤ ਗਾੜ੍ਹਾ ਹੋਇਆ ਕਰਦਾ ਸੀ। ਸੇਵਾ ਕਰਨੀ, ਉਹਦਾ ਹੁਕਮ ਮੰਨਣਾ, ਉਹ ਦੱਸੀ ਹੋਈ ਮਰਿਆਦਾ ਤੇ ਚੱਲਣਾ, ਭਾਵੇਂ ਉਹ ਪਰਾ ਵਿਦਿਆ ਦਾ ਉਸਤਾਦ ਹੈ, ਚਾਹੇ ਅਪਰਾ ਵਿਦਿਆ ਦਾ। ਜੋ ਪਰਾ ਵਿਦਿਆ ਦਾ ਉਸਤਾਦ ਹੁੰਦਾ ਹੈ, ਜਿਸਨੂੰ ਗੁਰੂ ਆਖਦੇ ਸੀ, ਉਹਦੀ ਖਾਸ ਵਡਿਆਈ ਹੋਇਆ ਕਰਦੀ ਸੀ, ਖਾਸ ਸ਼ਰਧਾ ਹੋਇਆ ਕਰਦੀ ਸੀ। ਕਿਉਂਕਿ ਉਸ ਨੇ ਇਸ ਜੀਵ ਨੂੰ ਰਾਹ ਦੱਸਣਾ ਹੁੰਦਾ, ਹਨ੍ਹੇਰੇ 'ਚੋਂ ਕੱਢਣਾ ਹੁੰਦਾ, ਪ੍ਰਕਾਸ਼ 'ਚ ਪਾਉਣਾ ਹੁੰਦਾ। ਸੋ ਇਹ ਆਦਿ ਜੁਗਾਦਿ ਤੋਂ ਚਲਿਆ ਆਉਂਦਾ ਹੈ, ਸੋ ਏਸੇ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਅਨੰਦਪੁਰ ਦਾ ਘੋਰ ਸੰਗਰਾਮ ਹੋ ਰਿਹਾ ਹੈ। ਚਿੱਠੀ ਆਉਂਦੀ ਹੈ ਕਿ ਤੁਸੀਂ ਕਾਹਨੂੰ ਐਨੀ ਤਕਲੀਫ ਕੱਟ ਰਹੇ ਓਂ। ਝਗੜਾ ਐਨਾ ਹੀ ਹੈ ਕਿ ਤੁਸੀਂ ਕਿਲ੍ਹਾ ਖਾਲੀ ਕਰ ਦਿਓ ਤੇ ਸਾਰਾ ਭਾਰਤ ਵਰਸ਼ ਹੀ ਤੁਹਾਡਾ ਹੈ, ਜਿਥੇ ਤੁਹਾਡਾ ਜੀਅ ਕਰਦਾ ਹੈ, ਚਲੇ ਜਾਓ ਤੇ ਅਸੀਂ ਵੀ ਫੇਰ saving ਕਰ ਲਵਾਂਗੇ। ਮਹਾਰਾਜ ਕਹਿੰਦੇ, ਛਲ ਹੈ ਇਹ। ਕਪਟ ਹੈ। ਕਪਟ ਨੰਗਾ ਕਰ ਦਿਤਾ। ਦੂਜੀ ਵਾਰੀ ਫੇਰ ਆਇਆ ਉਸ ਤੋਂ ਵੱਧ ਕਸਮਾਂ ਖਾਧੀਆਂ ਗਈਆਂ, ਕੁਰਾਨ ਸ਼ਰੀਫ ਬੜੇ ਆਦਰ ਤੇ ਸਤਿਕਾਰ ਨਾਲ ਲੈ ਕੇ ਉਥੇ ਪਹੁੰਚਦੇ ਨੇ, ਮਹਾਰਾਜ ਜੀ ਨੇ ਇਕ ਬਚਨ ਕਿਹਾ ਉਥੇ, ਇਤਿਹਾਸਾਂ 'ਚ ਆਉਂਦਾ ਹੈ। ਮਹਾਰਾਜ ਕਹਿੰਦੇ, ਜੇ ਕੁਰਾਨ ਦੀ ਇੱਜ਼ਤ ਅਸੀਂ ਨਾ ਰੱਖੀ ਤਾਂ ਸੰਸਾਰ 'ਚ ਕੌਣ ਰੱਖੇਗਾ। ਇਹ ਸਾਡਾ ਫਰਜ਼ ਬਣ ਜਾਂਦਾ ਹੈ ਕਿ ਧਰਮ ਪੁਸਤਕਾਂ ਦੀ ਇੱਜ਼ਤ ਕਰਨੀ, ਵੇਦ ਦੀ, ਕੁਰਾਨ ਦੀ, ਇਹ ਮੂਰਖ ਲੋਕ ਨੇ ਜਿਹੜੇ ਬੇਅਦਬੀਆਂ ਕਰਦੇ ਨੇ, ਗੁਰੂ ਗ੍ਰੰਥ ਸਾਹਿਬ ਦੀ, ਕੁਰਾਨ ਸ਼ਰੀਫ ਦੀ, ਵੇਦਾਂ ਦੀ। ਮਹਾਰਾਜ ਕਹਿੰਦੇ, ਜਦੋਂ ਇਹ ਜਾਮਨ ਆ ਗਿਆ ਹੁਣ ਸਾਨੂੰ ਕਿੰਨੀਆਂ ਹੀ ਤਕਲੀਫਾਂ ਕਿਉਂ ਨਾ ਹੋਣ ਅਸੀਂ ਇਹਦਾ ਮਾਣ ਰੱਖਣਾ ਹੈ, ਕੁਰਾਨ ਸ਼ਰੀਫ ਦਾ। ਜਿਨ੍ਹਾਂ ਨਾਲ ਸਾਡਾ ਯੁੱਧ ਹੋ ਰਿਹਾ ਹੈ, ਉਨ੍ਹਾਂ ਦਾ ਈਸ਼ਟ ਹੈ ਇਹ। ਈਸ਼ਟ ਦਾ ਅਸੀਂ ਮਾਣ ਰੱਖਣਾ ਹੈ। ਭਾਵੇਂ ਛਲ ਦਿਸਦਾ ਸੀ। ਮਹਾਰਾਜ ਨੇ ਬਚਨ ਵੀ ਕੀਤਾ ਸੀ ਕਿ ਸੱਤ ਦਿਨ ਹੋਰ ਠਹਿਰੋ ਪਰ ਕਾਹਲ ਬਹੁਤ ਪਈ ਹੋਈ ਸੀ। ਅਖੀਰ ਕਿਲ੍ਹਾ ਛੱਡ ਦਿਤਾ। ਕਾਫੀ ਦੂਰ ਆ ਜਾਂਦੇ ਨੇ ਤੇ ਪਿੱਛੋਂ ਹੱਲਾ ਕਰ ਦਿਤਾ। ਭਾਈ ਉਦੈ

ਸਿੰਘ ਜਿਸਨੇ ਰਾਜੇ ਦਾ ਸੀਸ ਕੱਟਿਆ ਸੀ, ਜਸਵਾਲੀਏ ਦਾ ਉਹ ਪਿਛੇ ਰੁਕ ਗਿਆ। ਸਾਹਿਬਜ਼ਾਦੇ ਦਾ ਉਸਨੂੰ ਪਤਾ ਲੱਗਿਆ ਕਿ ਘਿਰ ਗਿਆ। ਸਾਹਿਬ ਅਜੀਤ ਸਿੰਘ ਨੂੰ ਕੱਢ ਦਿਤਾ ਗਿਆ, ਘੇਰੇ ਦੇ ਵਿਚ ਆਪ ਆ ਗਿਆ। ਉਸ ਤੋਂ ਬਾਅਦ ਉਥੇ ਸ਼ਹਾਦਤ ਪ੍ਰਾਪਤ ਹੋ ਗਈ। ਉਹਦਾ ਥਾਂ ਜੀਵਨ ਸਿੰਘ ਜੀ ਨੇ ਲੈ ਲਿਆ। ਜੋ ਸੀਸ ਲੈ ਕੇ ਆਏ ਸੀ ਗੁਰੂ ਨੌਵੇਂ ਪਾਤਸ਼ਾਹ ਦਾ।

ਇਧਰ ਸਰਸਾ ਚੜ੍ਹਿਆ ਹੋਇਆ ਹੈ, ਗੁਰੂ ਮਹਾਰਾਜ ਨਾਲ ਜਿਨ੍ਹਾਂ ਲਿਟਰੇਚਰ 102 ਲਿਖਾਰੀਆਂ ਨੇ ਲਿਖਿਆ ਸੀ, ਉਹ ਗੱਡਿਆਂ ਦੇ ਉਤੇ ਲੱਦਿਆ ਹੋਇਆ ਨਾਲ ਹੈ। ਬਹੁਤ ਵੱਡਾ ਲਿਟਰੇਚਰ ਮਹਾਰਾਜ ਨੇ ਸਾਡੇ ਵਾਸਤੇ, ਸਾਡੀ ਗਿਆਤ ਵਾਸਤੇ 52 ਕਵੀ ਤੇ 50 ਲਿਖਾਰੀ, ਲਗਾਤਾਰ ਲਿਖਦੇ ਰਹੇ ਤੇ ਖਰਚ ਕਿੰਨਾ ਕਰਿਆ। ਇਕੱਲੇ ਮਹਾਂਭਾਰਤ ਦੇ ਉਤੇ ਦੋ ਲੱਖ ਰੁਪਈਆ ਖਰਚ ਹੋਇਆ। ਜਦੋਂ ਮੰਗਲ ਕਵੀ ਨੂੰ ਭੇਜਿਆ ਗਿਆ, ਸੌ ਦੋ ਸੌ ਬੰਦਾ ਉਹਦੀ ਰਾਖੀ ਵਾਸਤੇ ਭੇਜਿਆ ਗਿਆ। ਰਾਇਪੁਰ ਦੀ ਰਾਣੀ ਨੂੰ ਭੁਲੇਖਾ ਪੈ ਗਿਆ ਕਿ ਕੋਈ ਦੁਸ਼ਮਣ ਚੜ੍ਹਿਆ ਆਉਂਦਾ ਹੈ ਉਹਨੇ ਕਿਲ੍ਹੇ 'ਚੋਂ ਫਾਇਰ ਕਰਿਆ, ਉਨ੍ਹਾਂ ਨੇ ਚਿੱਟਾ ਝੰਡਾ ਕੱਢਿਆ, ਰਾਣੀ ਦੇ ਕੋਲ ਆ ਗਏ ਤੇ ਕਹਿਣ ਲੱਗੇ ਕਿ ਅਸੀਂ ਤਾਂ ਗੁਰੂ ਦਸ਼ਮੇਸ਼ ਪਿਤਾ ਦੇ ਦਰਬਾਰ 'ਚੋਂ ਆਏ ਹਾਂ, ਉਸ ਪਾਤਸ਼ਾਹ ਨੇ ਲਿਟਰੇਚਰ ਦੀ ਕਦਰ ਕਰਦਿਆਂ ਹੋਇਆਂ ਐਨਾ ਧਨ ਦੇ ਦਿਤਾ ਕਿ ਰਾਜਿਆਂ ਨੂੰ ਭੁਲੇਖਾ ਪੈ ਗਿਆ ਕਿ ਕੋਈ ਦੁਸ਼ਮਣ ਚੜ੍ਹਿਆ ਆ ਰਿਹਾ ਹੈ। ਐਨੇ ਦਿਆਲੂ, ਕ੍ਰਿਪਾਲੂ ਪਾਤਸ਼ਾਹ। ਬੜਾ ਲਿਟਰੇਚਰ ਤਿਆਰ ਹੋਇਆ ਲੇਕਿਨ ਸਰਸਾ ਅੱਗੇ ਚੜ੍ਹਿਆ ਹੋਇਆ, ਕੋਈ ਤਰੀਕਾ ਨਹੀਂ ਸੀ ਲੰਘਣ ਦਾ। ਉਸ ਵੇਲੇ ਦੁਸ਼ਮਣ ਆ ਰਿਹਾ ਹੈ ਤੇ ਮਹਾਰਾਜ ਨੇ ਕਿਹਾ ਭਾਈ, ਠੀਕ ਹੈ ਆਤਮਕ ਖੁਰਾਕ ਅੱਜ ਨਹੀਂ ਮਿਲੀ, ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਵੇ। ਸਰਸੇ ਦੇ ਕੰਢੇ ਤੇ ਆਸਾ ਜੀ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਗਿਆ ਤੇ ਨੇੜੇ ਹੀ ਲੜਾਈ ਹੋ ਰਹੀ ਹੈ। ਭੋਗ ਪਿਆ ਤੇ ਤਿੰਨ ਹਿੱਸਿਆਂ ਵਿਚ ਮਹਾਰਾਜ ਜੀ ਨੇ ਵੰਡ ਦਿਤੇ। ਮਾਤਾਵਾਂ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਮਨੀ ਸਿੰਘ ਜੀ ਦੇ ਨਾਲ ਤੋਰ ਦਿਤੇ ਕਿ ਤੁਸੀਂ ਇਨ੍ਹਾਂ ਨੂੰ ਲੈ ਕੇ ਦਿੱਲੀ ਪਹੁੰਚੋ। ਪਹਿਲਾਂ ਉਹ ਹਰਿਦੁਆਰ ਪਹੁੰਚਦੇ ਨੇ, ਉਥੋਂ ਫੇਰ ਭੇਸ ਵਟਾ ਕੇ ਦਿੱਲੀ ਤੱਕ ਜਾਂਦੇ ਨੇ, ਛੋਟੇ ਸਾਹਿਬਜ਼ਾਦਿਆਂ ਨੂੰ ਤੇ ਮਾਤਾ ਜੀ ਨੂੰ ਦੂਸਰੇ ਦਲ ਵਿਚ ਕਰ ਦਿਤਾ, ਹਦਾਇਤਾਂ ਦੇ ਦਿਤੀਆਂ ਕਿ ਕਿੱਥੇ ਪਹੁੰਚਣਾ ਹੈ। ਆਪ ਥੋੜ੍ਹੇ ਜਿਹੇ ਸਿੰਘਾਂ ਦੇ ਨਾਲ ਸਰਸਾ ਪਾਰ ਕਰ ਰਹੇ ਨੇ। ਪਾਲਕੀਆਂ ਨੂੰ ਪਾਰ ਕਰਦੇ ਬਹੁਤ ਸਾਰੇ ਸਿੰਘ ਦਰਿਆ ਦੇ ਵਿਚ ਹੜ੍ਹ ਗਏ। ਮਹਾਰਾਜ ਜੀ ਦੇ ਨਾਲ ਸਿਰਫ ਥੋੜ੍ਹੇ ਜਿਹੇ ਸਿੰਘ ਬਾਹਰ ਨਿਕਲੇ। ਜਿਨ੍ਹਾਂ 'ਚੋਂ ਕਾਫੀ ਆ ਕੇ ਰੋਪੜ ਤੱਕ ਸ਼ਹੀਦੀਆਂ ਹੀ ਪ੍ਰਾਪਤ ਕਰ ਗਏ, ਅਖੀਰ ਆਪ ਨਿਹੰਗ ਖਾਨ ਦੇ ਕਿਲ੍ਹੇ ਵਿਚ ਠਹਿਰੇ। ਇਕ ਰਾਤ ਕੱਟੀ ਉਥੇ ਮਹਾਰਾਜ ਨੇ। ਨਿਹੰਗ ਖਾਨ ਪਠਾਨ ਉਸ ਨੇ ਆਪਣੀ ਜਾਨ ਦੀ ਬਾਜ਼ੀ ਲਾ ਕੇ ਰਾਖੀ ਕਰੀ। ਕਿਲ੍ਹੇ ਤੇ ਸਖਤ ਪਹਿਰੇ ਲਾ ਦਿਤੇ।

ਇਥੇ ਇਕ ਬੇਨਤੀ ਹੈ ਕਿ ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਜੀ, ਮੁਸਲਮਾਨ ਦਾ ਇਤਬਾਰ ਨਾ ਕਰੋ, ਭਾਵੇਂ ਉਹ ਲੱਖਾਂ ਸੁਗੰਧਾਂ ਖਾ ਲਏ। ਬੜੀ ਗਲਤੀ ਹੈ ਉਨ੍ਹਾਂ ਪ੍ਰੇਮੀਆਂ ਦੀ। ਕਿਉਂਕਿ ਇਤਿਹਾਸਕ ਤੱਥਾਂ ਤੋਂ ਜੇ ਅਸੀਂ ਦੇਖੀਏ ਤਾਂ ਗੁਰੂ ਨਾਨਕ ਮਹਾਰਾਜ ਨਾਲ ਜਿੰਨੀ ਬਾਣੀ ਸਾਡੀ ਰਾਗਾਂ 'ਚ ਆਈ ਹੈ, ਮਰਦਾਨੇ ਕਰਕੇ ਆਈ ਹੈ। ਉਹ ਤਾਂ ਅਮਰ ਯਾਦ ਹੈ ਉਸਦੀ। ਜੇ ਉਸੇ ਕੌਮ ਨੂੰ ਨਫਰਤ ਕਰੀਏ ਤਾਂ ਫੇਰ ਤਾਂ ਅਸੀਂ ਗਲਤ ਹਾਂ। ਬਾਬਾ ਫਰੀਦ ਵਿਚ ਬੈਠੇ ਨੇ, ਬੇਅੰਤ ਬੈਠੇ ਨੇ ਤੇ ਜੇ ਮਹਾਰਾਜ ਇਹ ਗੱਲ ਕਹਿੰਦੇ ਤਾਂ ਨਿਹੰਗ ਖਾਨ ਦੇ ਕਿਲ੍ਹੇ ਵਿਚ ਕਿਵੇਂ ਆ ਜਾਂਦੇ, ਇਹ ਨਿਰਮੂਲ ਗੱਲਾਂ ਨੇ ਸਾਰੀਆਂ। ਬਾਅਦ ਵਿਚ ਚਾਲਾਕ ਬੰਦਿਆਂ ਨੇ ਆਪੇਖ ਕਰਕੇ, ਮਿਲਾਵਟਾਂ ਕਰਕੇ, ਸਾਨੂੰ ਧੋਖੇ ਵਿਚ ਰੱਖਣ ਕਰਕੇ ਪਾ ਦਿਤੀਆਂ। ਉਸੇ ਵੇਲੇ ਗੁਰੂ ਮਹਾਰਾਜ ਦਾ ਜਦੋਂ ਪਤਾ ਲਗਦਾ ਹੈ, ਬੁੱਧ ਚੰਦ ਚਮਕੌਰ ਸਾਹਿਬ ਦਾ ਚੌਧਰੀ ਗੁਰੂ ਮਹਾਰਾਜ ਕੋਲ ਆਉਂਦਾ ਹੈ ਕਹਿੰਦਾ ਸੱਚੇ ਪਾਤਸ਼ਾਹ! ਤੁਸੀਂ ਬਹੁਤ ਵੱਡੀ ਕੁਰਬਾਨੀ ਕਰੀ ਹੈ। ਹੋਰ ਤਾਂ ਅਸੀਂ ਤੁਹਾਡੀ ਮਦਦ ਕੋਈ ਨਹੀਂ ਕਰ ਸਕਦੇ। ਤੁਸੀਂ ਇਥੇ ਰੋਪੜ ਨਾ ਠਹਿਰੋ, ਚਮਕੌਰ ਚੱਲੋ। ਉਚੀ ਗੜ੍ਹੀ ਹੈ, ਉਸ ਥਾਂ ਕੁਛ ਮੁਕਾਬਲਾ ਹੋ ਸਕਦਾ ਹੈ, ਇਹ ਮੈਦਾਨ ਵਿਚ ਨਹੀਂ ਹੋਣਾ। ਮਹਾਰਾਜ ਜੀ ਚਮਕੌਰ ਸਾਹਿਬ ਨੂੰ ਚੱਲ ਪੈਂਦੇ ਨੇ। ਬੜਾ ਭਿਆਨਕ ਉਥੇ ਯੁੱਧ ਹੁੰਦਾ ਹੈ, ਸਾਹਿਬਜ਼ਾਦੇ ਦੋ ਸ਼ਹੀਦ ਹੋ ਜਾਂਦੇ ਨੇ। ਦਿਨ ਭਰ ਲੜਾਈ ਹੁੰਦੀ ਹੈ, ਗੁਰੂ ਮਹਾਰਾਜ ਜੀ ਪੰਜ ਸਿੰਘਾਂ ਦਾ ਹੁਕਮ ਮੰਨ ਕੇ ਏਸ ਸ਼ਰਤ ਤੇ ਬਾਹਰ ਜਾਂਦੇ ਨੇ ਕਿ ਅਸੀਂ ਚੋਰੀ ਨਹੀਂ ਜਾਣਾ। ਅਸੀਂ ਦੱਸ ਕੇ ਜਾਣਾ ਹੈ, ਉਸ ਵੇਲੇ ਮਹਾਰਾਜ ਜੀ ਨੇ ਅਧੀ ਰਾਤ ਨੂੰ ਰਸਿੰਗਾ ਵਜਾਇਆ। ਪਤਾ ਲੱਗਿਆ ਕਿ ਅਟੈਕ ਹੋਣ ਵਾਲਾ ਹੈ ਅੰਦਰੋਂ। ਫੌਜਾਂ ਖਬਰਦਾਰ ਹੋ ਗਈਆਂ ਸਾਰੀਆਂ। ਮਹਾਰਾਜ ਜੀ ਨਿਕਲ ਜਾਂਦੇ ਨੇ ਤਿੰਨ ਸਿੰਘਾਂ ਦੇ ਨਾਲ ਤੇ ਉੱਚੀ ਟਿੱਬੀ ਤੇ ਜਾ ਕੇ ਉਨ੍ਹਾਂ ਨੇ 'ਪੀਰ-ਏ-ਹਿੰਦ ਮੇ ਰਵੀ' ਹਿੰਦੁਸਤਾਨ ਦਾ ਪੀਰ ਜਾ ਰਿਹਾ ਹੈ, ਫੜ ਲਓ ਜਿਹਨੇ ਫੜਨਾ ਹੈ। ਆਪ ਮਾਛੀਵਾੜੇ ਪਹੁੰਚਦੇ ਨੇ ਓਸ ਥਾਂ ਤੇ ਕੌਤਕ ਹੁੰਦਾ ਹੈ ਤੇ ਉਥੋਂ ਨਿਕਲ ਕੇ ਆਪ ਆਹਿਸਤਾ-ਆਹਿਸਤਾ ਆਪ ਰਾਏ ਕੱਲੇ ਦੇ ਪਾਸ ਪਹੁੰਚ ਜਾਂਦੇ ਨੇ। ਰਾਏ ਕੱਲਾ ਮੁਸਲਮਾਨ ਨਵਾਬ ਸੀ, ਸ਼ਰਧਾਲੂ ਸੀ ਤੇ ਉਹ ਲੈ ਜਾਂਦਾ ਹੈ। ਕੱਢਣ ਵਾਲੇ ਕੌਣ ਨੇ, ਗਨੀ ਖਾਂ, ਨਬੀ ਖਾਂ। ਗਵਾਹੀ ਦੇਣ ਵਾਲਾ ਕੌਣ ਹੈ, ਸਲੋਹ ਵਾਲਾ ਪੀਰ। A Friend in need a friend indeed. ਵਕਤ ਪਏ ਤੇ ਜਿਹੜਾ ਕੰਮ ਆਵੇ ਉਹ ਮਿਤਰ ਹੋਇਆ ਕਰਦਾ ਹੈ। ਕਿਸ ਤਰ੍ਹਾਂ ਅਸੀਂ ਕਿਸੇ ਕੌਮ ਨੂੰ ਬੁਰਾ ਕਹਿ ਸਕਦੇ ਹਾਂ। ਗੱਲਾਂ ਨੇ ਜੋਸ਼ ਦਿਵਾਉਣ ਵਾਲੀਆਂ। ਜਦੋਂ ਅਸੀਂ ਪਰਖਦੇ ਹਾਂ ਤਾਂ ਗੱਲ ਹੋਰ ਨਿਕਲਦੀ ਹੈ। ਸੋ ਏਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਉਥੋਂ ਭੇਜਿਆ ਮਾਹੀ ਨੂੰ ਕਿ ਅੱਜ ਏ ਅੱਜ ਜਾਹ ਤੂੰ

ਸਰਹੰਦ ਜਾ ਕੇ ਪਤਾ ਕਰ, ਕਿਉਂਕਿ ਉਡਦੀ-ਉਡਦੀ ਗੱਲ ਦਾ ਪਤਾ ਲੱਗ ਗਿਆ ਸੀ ਕਿ ਮਾਤਾ ਗੁਜਰੀ ਜੀ ਦਰਿਆ ਦੇ ਕੰਢੇ, ਉਥੇ ਇਕ ਝੌਂਪੜੀ ਸੀ ਮੁਆਸ਼ਕੀ ਦੀ। ਉਸ ਮੁਆਸ਼ਕੀ ਦੀ ਝੌਂਪੜੀ ਵਿਚ ਦੋ ਦਿਨ ਰਹੇ। ਠੰਢ ਦੇ ਵਿਚ ਕੱਪੜਾ ਕੋਈ ਨਹੀਂ ਹੈ। ਉਥੋਂ ਆ ਕੇ ਗੰਗੂ ਬ੍ਰਾਹਮਣ ਨਾਲ ਲੈ ਗਿਆ। ਬੜਾ ਉਸ ਨੇ ਕਿਹਾ ਕਿ ਮਾਤਾ ਜੀ ਮੇਰਾ ਘਰ ਬਹੁਤ ਸੁਰਖੱਸ਼ਿਤ ਹੈ, ਤੁਸੀਂ ਉਥੇ ਚੱਲੋ। ਨਿਗ੍ਹਾ ਉਸਦੀ ਕਾਹਦੇ ਤੇ ਸੀ ਇਕ ਖੱਚਰ ਧਨ ਦੀ ਭਰੀ ਹੋਈ ਸੀ। ਇਹ ਕੰਮਾ ਮੁਆਸ਼ਕੀ ਜੋ ਸੀ ਇਸਨੇ ਬੜੀ ਗੁਪਤ ਤਰੀਕੇ ਨਾਲ ਸੇਵਾ ਕਰੀ ਤੇ ਉਥੇ ਇਕ ਲਛਮਣੀ ਬ੍ਰਾਹਮਣੀ ਸੀ। ਜਿਹੜੀ ਵੇਲੇ ਕੁਵੇਲੇ ਪ੍ਰਸ਼ਾਦੇ ਲਿਆ ਕੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਨੂੰ ਛਕਾ ਜਾਂਦੀ ਸੀ ਕਿਸੇ ਨੂੰ ਸ਼ੱਕ ਵੀ ਨਾ ਪਵੇ, ਐਸੇ ਤਰ੍ਹਾਂ ਨਾਲ ਆਉਂਦੀ ਸੀ।

ਪਰ ਅੱਗੇ ਗੰਗੂ ਅਪਣੇ ਘਰ ਲੈ ਆਇਆ, ਇਹਨੇ ਆਉਂਦੇ ਹੀ ਰੌਲਾ ਪਾ ਦਿਤਾ। ਚੋਰ ਲੈ ਗਏ ਪੈਸਾ। ਮਾਤਾ ਜੀ ਕਹਿਣ ਲੱਗੇ, ਬੇਟਾ! ਪੈਸੇ ਦੀ ਤੈਨੂੰ ਲੋੜ ਹੈ, ਤੂੰ ਰੱਖ ਲੈ। ਆਹ ਗੱਲ ਨਾ ਕਰ। ਐਸ ਵੇਲੇ ਸਮਾਂ ਬੜਾ ਨਾਜ਼ੁਕ ਹੈ। ਕੋਠੇ ਤੇ ਚੜ੍ਹ ਕੇ ਰੌਲਾ ਨਾ ਪਾ। ਉਹ ਜਾ ਕੇ ਮੁਰਿੰਡੇ ਸ਼ਿਕਾਇਤ ਕਰ ਦਿੰਦਾ ਹੈ ਤੇ ਉਥੋਂ ਆ ਕੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ, ਇਕ ਰਾਤ ਜੇਲ੍ਹ ਦੇ ਵਿਚ ਰੱਖਦੇ ਨੇ। ਐਸਾ ਇਤਿਹਾਸ ਵਿਚ ਲਿਖਿਆ ਹੈ ਕਿ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਹੱਥਕੜੀਆਂ ਵੀ ਲਾ ਦਿਤੀਆਂ ਤੇ ਬੇੜੀਆਂ ਵੀ। ਜਿਵੇਂ ਕੋਈ ਬਹੁਤ ਵੱਡੇ ਗੁਨਹਗਾਰ ਹੱਥ ਆਏ ਹੁੰਦੇ ਨੇ।

ਜੋ ਸੰਤ ਬਾਬਾ ਅਜੀਤ ਸਿੰਘ ਨਥਲਪੁਰ ਵਾਲੇ ਇਨ੍ਹਾਂ ਦਾ ਰੱਥ ਉਨ੍ਹਾਂ ਦੇ ਬਜ਼ੁਰਗਾਂ ਤੋਂ ਮੰਗਾਇਆ ਉਸ ਰੱਥ 'ਚ ਬਿਠਾ ਕੇ ਆਪ ਬਸੀ ਲੈ ਗਏ, ਬਸੀ ਤੋਂ ਅਗਲੇ ਦਿਨ ਇਹੀ ਠਾਣੇਦਾਰ ਜਿਹੜਾ ਸੀ ਇਹ ਸਰਹੰਦ ਲੈ ਆਉਂਦਾ ਹੈ। ਸੋ ਇਹ ਜੋ ਸਾਰਾ ਵਾਕਾ ਸੀ, ਜਿਸ ਵਕਤ ਮਹਾਰਾਜ ਜੀ ਨੇ ਭੇਜਿਆ ਮਾਹੀ ਨੂੰ ਕਿ ਤੂੰ ਜਾਹ ਜਾ ਕੇ ਖਬਰ ਲੈ ਕੇ ਆ। ਬੜਾ ਚੁਸਤ ਬੰਦਾ ਸੀ, ਹੁਸ਼ਿਆਰ ਸੀ। ਉਹ ਜਦੋਂ ਖਬਰ ਲੈ ਕੇ ਜਾਂਦਾ ਹੈ। ਮਹਾਰਾਜ ਜੀ ਉਸਦਾ ਇੰਤਜ਼ਾਰ ਕਰ ਰਹੇ ਨੇ। ਥੋੜ੍ਹਾ ਲੇਟ ਹੋ ਗਿਆ, ਮਹਾਰਾਜ ਜੀ ਨੇ ਕਿਹਾ ਦੇਖੋ ਮਾਹੀ ਆ ਰਿਹਾ ਹੈ। ਆਪ ਬਾਹਰ ਪਲੰਘ ਤੇ ਬੈਠੇ ਨੇ। ਕਹਿੰਦੇ ਮਹਾਰਾਜ! ਦਿਸਦਾ ਨਹੀਂ। ਫੇਰ ਮਹਾਰਾਜ ਜੀ ਨੇ ਦੂਜੀ ਵਾਰੀ, ਤੀਜੀ ਵਾਰੀ, ਪੰਜਵੀਂ ਵਾਰੀ ਕਿਹਾ ਕਿ ਦੇਖੋ ਤਾਂ। ਅਖੀਰ ਕਿਹਾ ਕਿ ਦਰਖਤ ਦੇ ਉਤੇ ਚੜ੍ਹ ਕੇ ਦੇਖੋ। ਉਚਾ ਬੋਹੜ ਦਾ ਦਰਖਤ ਸੀ ਉਹਦੇ ਉਤੇ ਚੜ੍ਹੇ ਤਾਂ ਪਤਾ ਲੱਗਿਆ ਤੇ ਕਹਿਣ ਲੱਗੇ, ਹਾ ਜੀ ਆ ਰਿਹਾ ਹੈ। ਖਬਰ ਲੈ ਕੇ ਆ ਰਿਹਾ ਹੈ।

ਉਸ ਵੇਲੇ ਮਾਹੀ ਗੁਰੂ ਮਹਾਰਾਜ ਦੇ ਹਜ਼ੂਰ ਪੇਸ਼ ਹੁੰਦਾ ਹੈ ਤੇ ਉਹ ਬਚਨ ਨਹੀਂ ਕਰਦਾ ਰੋਈ ਜਾਂਦਾ ਹੈ। ਰੋ-ਰੋ ਕੇ ਬਚਨ ਕਰਦਾ ਹੈ। ਮਹਾਰਾਜ ਕਹਿੰਦੇ ਗੱਲ ਤਾਂ ਦੱਸ ਕੀ ਹੋਇਆ, ਕਿਵੇਂ ਹੋਇਆ? ਕਹਿੰਦਾ, ਮਹਾਰਾਜ! ਮੈਂ ਦੱਸ ਨਹੀਂ ਸਕਦਾ। ਜਿਹੜਾ ਕੰਮ ਤੁਹਾਡੇ ਟਰੱਸਿਟਡ ਬੰਦਿਆਂ ਨੇ ਕੀਤਾ ਹੈ, ਭਰੋਸੇ ਵਾਲਿਆਂ ਨੇ, ਗੰਗੂ ਤੁਹਾਡੇ ਕੋਲ ਲੰਗਰ 'ਚ ਸੇਵਾ ਕਰਨ ਵਾਲਾ ਬੰਦਾ, ਸੱਚੇ ਪਾਤਸ਼ਾਹ ਉਸ ਨੇ ਬਹੁਤ ਬੁਰਾ ਕੀਤਾ ਹੈ। ਬੇਮੁਖ ਹੋ ਗਿਆ, ਮਨਮੁਖ ਹੋ ਗਿਆ। ਸੋ ਉਸ ਨੇ ਮਹਾਰਾਜ ਜਾ ਕੇ ਖਬਰ ਕਰ ਦਿਤੀ, ਕਹਿੰਦੇ ਬਿਪਰ ਜਿਹੜਾ ਸੀ ਜਨਮ ਬਿਪਰਦਾ ਸੀ ਤੇ ਕੰਮ ਉਸਨੇ ਚੰਡਾਲਾ ਵਾਲਾ ਕੀਤਾ।

ਸੋ ਐਸਾ ਜੋ ਬੰਦਾ ਹੁੰਦਾ ਹੈ ਲੂਣ ਖਾ ਕੇ ਬੁਰਾ ਕਰਨ ਵਾਲਾ, ਭਰੋਸਾ ਦੇ ਕੇ ਅਕ੍ਰਿਤਘਣ ਬਣਨ ਵਾਲਾ, ਬੇਵਫਾ ਬਣਨ ਵਾਲਾ ਬਾਣੀ ਦੇ ਵਿਚ ਏਸ ਤਰ੍ਹਾਂ ਫੁਰਮਾਨ ਹੁੰਦਾ ਹੈ-

***ਧਾਰਨਾ - ਤੇਰੀ ਹੱਤਿਆ ਕਿਤੇ ਨਾ ਲਹਿਣੀ,***
***ਲੂਣ ਹਰਾਮੀ ਪਾਪੀਆ।***
***ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ॥***
***ਅੰਗ - ੩੧੫***

ਜਿਹੜੇ ਕੀਤੇ ਹੋਏ ਨੂੰ ਭੁਲਾ ਦੇਣ, ਕਹਿੰਦੇ ਉਨ੍ਹਾਂ ਦਾ ਥਾਂ ਦਰਗਾਹ ਦੇ ਵਿਚ ਘੋਰ ਨਰਕ ਹੁੰਦਾ ਹੈ, ਜਿਥੇ ਹੱਦ ਤੋਂ ਜ਼ਿਆਦਾ ਦੁਖ ਮਿਲਦਾ ਹੈ।

***ਅਕਿਰਤਘਣੈ ਕਉ ਰਖੈ ਨ ਕੋਈ***
***ਨਰਕ ਘੋਰ ਮਹਿ ਪਾਵਣਾ ॥ ਅੰਗ - ੧੦੮੬***

ਨਰਕ ਘੋਰ ਦੇ ਵਿਚ ਪੈਂਦਾ ਹੈ, ਉਹਦੀ ਹੱਤਿਆਂ ਨਹੀਂ ਲਹਿੰਦੀ ਤੇ ਐਸੇ ਜੋ ਬੰਦੇ ਨੇ ਭਾਈ ਗੁਰਦਾਸ ਜੀ ਉਨ੍ਹਾਂ ਬਾਰੇ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

**ਧਾਰਨਾ - ਧਰਤੀ ਭਾਰ ਨਾ ਝੱਲਦੀ,**
**ਅਕ੍ਰਿਤਘਣ ਬੰਦਿਆਂ ਦਾ।**

***ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।***
***ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।***
***ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।***
***ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।***
***ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।***
***ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ॥***
***ਭਾਈ ਗੁਰਦਾਸ ਜੀ ਵਾਰ, 35/9***

ਕੇਵਲ ਧਰਤੀ ਤੋਂ ਭਾਰ ਜੇ ਨਹੀਂ ਸਹਿ ਹੁੰਦਾ, ਡਾਵਾਂਡੋਲ ਹੁੰਦੀ ਹੈ, ਇਹਦਾ ਸੰਤੁਲਨ ਵਿਗੜਦਾ ਹੈ, gravity ਦੇ ਵਿਚੋਂ ਜੇ off ਹੁੰਦੀ ਹੈ ਤਾਂ ਹੁੰਦੀ ਹੈ ਜੇ ਅਕ੍ਰਿਤਘਣ ਬੰਦੇ ਬਹੁਤੇ ਹੋ ਜਾਣ। ਉਹਦਾ ਨਹੀਂ ਭਾਰ ਸਹਿ ਸਕਦੀ। ਸੋ ਐਸ ਤਰ੍ਹਾਂ ਨਾਲ ਐਡਾ ਉਸ ਨੇ ਮਾੜਾ ਕੰਮ ਕਰਿਆ। ਕਾਹਦੇ ਵਾਸਤੇ? ਪੈਸੇ ਵਾਸਤੇ। ਪੈਸੇ ਨੇ ਤਾਂ ਨਾਲ ਨਹੀਂ ਜਾਣਾ।

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***

*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਲੱਖ ਕਰੋੜ ਸੌ ਖਰਬ ਵਾਲੇ ਨੂੰ ਕਹਿੰਦੇ ਨੇ, ਐਨਿਆਂ-ਐਨਿਆਂ ਕੋਲ ਪੈਸਾ ਨਹੀਂ ਰਿਹਾ ਪ੍ਰੇਮੀਆਂ। ਗੁਰੂ ਕੋਲ ਐਨੀ ਦੇਰ ਰਹਿ ਕੇ ਤੈਨੂੰ ਮੱਤ ਨਾ ਆਈ। ਪੱਥਰ ਦਾ ਪੱਥਰ ਬਣਿਆ ਰਿਹਾ। ਕਿੰਨਾ ਘੋਰ ਪਾਪ ਤੂੰ ਕਰ ਦਿਤਾ, ਜੋ ਇਤਿਹਾਸ ਵਿਚੋਂ ਕਦੇ ਨਹੀਂ ਨਿਕਲਣਾ ਤੇ ਨਾ ਤੂੰ ਕਦੇ ਮਾਫ ਹੋਣਾ ਹੈ।

ਉਸ ਵੇਲੇ ਮਾਤਾ ਜੀ ਮਨ ਵਿਚ ਥੋੜ੍ਹਾ ਵਿਚਾਰ ਕਰਦੇ ਨੇ ਕਿ ਦੇਖੋ, ਗੁਰੂ ਕਲਗੀਧਰ ਪਾਤਸ਼ਾਹ ਨੇ ਕਿਹਾ ਸੀ ਕਿ ਬਹੁਤ ਦੁਖ ਪਾਵੋਂਗੇ, ਸੱਤ ਦਿਨ ਹੋਰ ਠਹਿਰ ਜਾਓ। ਅਕਾਲ ਪੁਰਖ ਦਾ ਭਾਣਾ ਦੂਸਰੀ ਤਰ੍ਹਾਂ ਵਰਤਣ ਵਾਲਾ ਹੈ। ਆਪ ਹੀ ਅਕਾਲ ਪੁਰਖ ਹੋ। ਤੁਸੀਂ ਤਪ ਬਹੁਤ ਕਰ ਲਿਆ, ਦਰਖਤਾਂ ਦੇ ਪੱਤੇ ਖਾ ਲਏ. ਛਿੱਲਾਂ ਖਾ ਲਈਆਂ, ਐਡਾ ਤਪ ਅੱਜ ਤੱਕ ਕਿਸੇ ਤਪੀਏ ਨੇ ਨਹੀਂ ਕੀਤਾ, ਜਿੰਨਾ ਤੁਸੀਂ ਕਰ ਲਿਆ। ਹੁਣ ਏਸ ਤਪ ਨੂੰ ਫਲ ਲੱਗਣਾ ਹੈ, ਸੱਤ ਦਿਨਾਂ ਤੋਂ ਬਾਅਦ। ਐਸਾ ਕ੍ਰਿਸ਼ਮਾ ਵਰਤਣਾ ਹੈ ਕਿ ਤੁਸੀਂ ਸੁਖ ਲਵੋਂਗੇ ਤੇ ਤੁਹਾਡਾ ਰਾਜ ਤੇਜ਼ ਵੱਧ ਜਾਏਗਾ। ਪਰ ਬਚਨ ਨਾ ਮੰਨਿਆ ਗੁਰੂ ਮਹਾਰਾਜ ਦਾ, ਪਰ ਡੋਲ ਗਏ ਉਸ ਵੇਲੇ ਇਮਤਿਹਾਨ ਵਿਚੋਂ ਤੇ ਮਾਤਾ ਜੀ ਵੀ ਪਹਿਲਾਂ ਤੁਰ ਪਏ ਸੀ। ਪਹਿਲਾਂ ਕਿਹਾ, ਫੇਰ ਆਪ ਤੁਰ ਪਏ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ, ਮਹਾਰਾਜ ਨੂੰ ਫੇਰ ਆਉਣਾ ਪਿਆ। ਕਹਿਣ ਲੱਗੇ, ਜੇ ਉਸ ਵੇਲੇ ਬਾਣੀ ਮੰਨ ਲੈਂਦੇ, ਐਸਾ ਇਤਿਹਾਸ 'ਚ ਜ਼ਿਕਰ ਆਉਂਦਾ ਹੈ ਕਿ -

***ਸੁਤ ਕੀ ਮਾਨੀ ਬਾਤ ਨਹਿਂ ਤੌ ਅਪਦਾ ਪਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਤੂੰ ਆਪਣੇ ਪੁੱਤਰ ਗੁਰੂ ਦਸ਼ਮੇਸ਼ ਪਿਤਾ ਦੀ ਗੱਲ ਨਾ ਮੰਨੀ ਤਾਂ ਸਾਨੂੰ ਅਪਦਾ ਪਈ।

***ਭਏ ਕ੍ਰੌਧ ਕਿਤ ਬਿਛੁਰਿਗੇ, ਜਿਨ ਸੁਧਿ ਨਹਿਂ ਕਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਹੁਣ ਪਤਾ ਹੀ ਨਹੀਂ ਲਗਦਾ ਕਿ ਕੌਣ ਕਿੱਥੇ ਚਲਿਆ ਗਿਆ, ਕੌਣ ਕਿੱਥੇ ਚਲਿਆ। ਪਰਿਵਾਰ ਦਾ ਕੀ ਹੋਇਆ ਤੇ ਗੁਰੂ ਦਸ਼ਮੇਸ਼ ਪਿਤਾ ਦਾ ਕੀ ਹੋਇਆ। ਵੱਡੇ ਸਾਹਿਬਜ਼ਾਦਿਆਂ ਨਾਲ ਕੀ ਵਰਤਿਆ ਤੇ ਮਾਤਾਵਾਂ ਕਿੱਥੇ ਗਈਆਂ, ਕੁਛ ਨਹੀਂ ਪਤਾ ਲਗਦਾ।

***ਰਹਿਤ ਦੁਰਗ ਮਹਿਂ ਲਰਤਿ ਜਬਿ ਸੁਤ ਕਹਤਿ ਬਚੰਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਜਿੰਨਾ ਚਿਰ ਕਿਲ੍ਹੇ ਵਿਚ ਬੈਠ ਕੇ ਲੜਦੇ ਰਹੇ, ਓਨੀਂ ਦੇਰ ਤੱਕ ਗੁਰੂ ਮਹਾਰਾਜ ਨੇ ਬਚਾਈ ਰੱਖਿਆ।

***ਸਪਤ ਦਿਵਸ ਮਹਿਂ ਸਕਲ ਸੁਖ, ਹਮ ਕਿਯ ਨ ਅਮੰਨਾ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 5949***

ਸੱਤਾਂ ਦਿਨਾਂ ਦੇ ਵਿਚ ਸਾਰੇ ਹੀ ਸੁੱਖ ਮਿਲ ਜਾਣਗੇ, ਆਹ ਬਚਨ ਅਸੀਂ ਗੁਰੂ ਮਹਾਰਾਜ ਦਾ ਮੰਨਿਆ ਨਾ। ਬੜੀ ਬਿਪਤਾ ਪੈ ਗਈ। ਸੋ ਇਸ ਤਰ੍ਹਾਂ ਦੇ ਨਾਲ, ਜਿਸ ਵਕਤ ਆਪ ਸਰਹੰਦ ਦੇ ਕਿਲ੍ਹੇ ਦੇ ਅੰਦਰ ਆ ਜਾਂਦੇ ਨੇ। ਠੰਢੇ ਬੁਰਜ ਦੇ ਵਿਚ ਕੈਦ ਕਰ ਦਿਤਾ, ਵਸਤਰ ਕੋਲ ਕੋਈ ਨਹੀਂ ਹੈ। ਜੋ ਵਸਤਰ ਪਾਏ ਹੋਏ ਨੇ, ਓਹੀ ਵਸਤਰ ਨੇ। ਉਸ ਵੇਲੇ ਬਾਬਾ ਜ਼ੋਰਾਵਰ ਸਿੰਘ ਜੀ ਦੀ ਉਮਰ ਸੱਤ ਸਾਲ ਗਿਆਰ੍ਹਾਂ ਮਹੀਨੇ ਅੱਠ ਦਿਨ ਦੀ ਸੀ। ਬਾਬਾ ਫਤਹਿ ਸਿੰਘ ਜੀ ਦੀ ਉਮਰ ਪੰਜ ਸਾਲ ਦੱਸ ਮਹੀਨੇ ਦੱਸ ਦਿਨ ਦੀ ਸੀ। ਐਸ ਛੋਟੀ ਉਮਰ ਦੇ ਅੰਦਰ ਦਾਦੀ ਦੇ ਨਾਲ ਕਿਲ੍ਹੇ ਦੇ ਵਿਚ ਬੈਠੇ ਨੇ। ਸਾਰੀ ਰਾਤ ਮਾਤਾ ਜੀ ਨੂੰ ਸੋਚਦਿਆਂ ਲੰਘ ਗਈ ਕਿ ਕੀ ਹੋਇਆ ਪਰਿਵਾਰ ਦਾ। ਬਚਨ ਨਾ ਮੰਨਿਆ।

ਉਸ ਵੇਲੇ ਸਵੇਰਾ ਹੀ ਹੁੰਦਾ ਹੈ, ਕੁਛ ਖਾਣ ਪੀਣ ਨੂੰ ਨਾ ਦਿਤਾ ਗਿਆ। ਪਹਿਲੇ ਦਿਨ ਵੀ ਨਾ ਦਿਤਾ, ਦੂਸਰੇ ਦਿਨ ਵੀ ਨਾ ਦਿਤਾ। ਉਸ ਵੇਲੇ ਇਕ ਪ੍ਰੇਮੀ ਗੁਰਸਿੱਖ ਸੀ ਉਸ ਨੂੰ ਪਤਾ ਲੱਗਿਆ, ਉਸ ਨੇ ਕਿਹਾ ਕਿ ਛਕਣ ਨੂੰ ਕੁੱਛ ਤਾਂ ਮੈਂ ਜ਼ਰੂਰ ਪਹੁੰਚਾਵਾਂ। ਬੇਅੰਤ ਤਰੀਕੇ ਕੀਤੇ, ਸਿਪਾਹੀਆਂ ਨਾਲ ਗੱਲਬਾਤ ਕੀਤੀ। ਕੋਈ ਨਾ ਮੰਨਿਆ। ਕਹਿੰਦੇ ਕਿਲ੍ਹੇ ਦੇ ਅੰਦਰ ਇਥੇ ਤਾਂ ਚਿੜ੍ਹੀ ਵੀ ਨਹੀਂ ਫਰਕਦੀ, ਇਥੇ ਜਾ ਕਿਵੇਂ ਸਕਦੇ ਹਾਂ ਅਸੀਂ, ਪਹਿਰਾ ਐਨਾ ਜ਼ਬਰਦਸਤ ਲੱਗਿਆ ਹੋਇਆ ਹੈ ਹੇਠਾਂ ਤੇ ਆਪ ਬੁਰਜ ਵਿਚ ਕੈਦ ਨੇ। ਉਸ ਨੇ ਕਮੰਦ ਫਸਾਈ, ਉਹ ਰੱਸੇ ਦੇ ਬਲ ਨਾਲ ਚੜ੍ਹ ਕੇ ਚਲਿਆ ਗਿਆ ਤੇ ਜਾ ਕੇ ਉਸ ਮੋਤੀ ਮਹਿਰੇ ਨੇ ਦੁੱਧ ਪਿਲਾਇਆ ਤੇ ਕੁਛ ਛਕਣ ਨੂੰ ਲੈ ਕੇ ਗਿਆ। ਬਾਹਰਲੀ ਖਬਰ ਦਿਤੀ ਸਾਰੀ, ਅੰਦਰਲੀ ਖਬਰ ਜਾ ਕੇ ਬਾਹਰ ਦਿਤੀ। ਸੋ ਉਸ ਵੇਲੇ ਸਾਹਿਬਜ਼ਾਦਿਆਂ ਨੂੰ ਦਰਬਾਰ ਦੇ ਵਿਚ ਲਿਜਾਇਆ ਗਿਆ ਕਿ ਪੁੱਛੀਏ, ਇਨ੍ਹਾਂ ਤੋਂ। ਜਿਸ ਵਕਤ ਆਪ ਜਾਂਦੇ ਨੇ ਤਾਂ ਸਾਹਿਬ ਜ਼ੋਰਾਵਰ ਸਿੰਘ ਕਹਿਣ ਲੱਗੇ, ਫਤਹਿ ਸਿੰਘਾ ਆਪਾਂ ਗੁਰੂ ਕੀ ਫਤਹਿ ਬੁਲਾਉਣੀ ਹੈ। ਇਹ ਜਿਹੜੇ ਸਾਨੂੰ ਦੱਸਦੇ ਨੇ ਨਾ ਕਿ ਐਉਂ ਝੁਕ ਕੇ ਸੱਤ ਸਲਾਮਾਂ ਕਰਨੀਆਂ ਨੇ ਇਹ ਨਹੀਂ ਆਪਾਂ ਕਰਨੀਆਂ। ਆਪਾਂ ਫਤਹਿ ਬੁਲਾਉਣੀ ਹੈ। ਉਸ ਵੇਲੇ ਦਰਬਾਰ 'ਚ ਜਾਂਦੇ ਨੇ ਜਾ ਕੇ ਗੱਜ ਵੱਜ ਕੇ ਫਤਹਿ ਬੁਲਾਉਂਦੇ ਨੇ ਤੇ ਨਵਾਬ ਨੇ ਦੇਖਿਆ, ਸਾਰਿਆਂ ਨੇ ਦੇਖਿਆ ਕਿ ਕਿੰਨੇ ਸੁੰਦਰ ਬੱਚੇ ਜਿਵੇਂ ਵਾਹਿਗੁਰੂ ਨੇ ਵਿਹਲੇ ਬੈਠ ਕੇ ਆਪ ਬਣਾਏ ਹੋਣ। ਨਿਗ੍ਹਾ ਨਹੀਂ ਹਟਦੀ, ਆਪਣੇ ਬੱਚੇ ਸਭ ਦੇ ਯਾਦ ਆਉਂਦੇ ਨੇ ਕਿ ਐਨੇ ਸੁੰਦਰ ਬਾਚੇ। ਆਹ ਬਿਪਤਾ ਇਨ੍ਹਾਂ ਤੇ ਪੈ ਗਈ ਸਾਰੇ ਤਾਂ ਦੋਖਈ ਨਹੀਂ ਸੀਗੇ। ਲੜਾਈਆਂ ਲੜੀਆਂ ਜਾਂਦੀਆਂ ਨੇ, ਸਾਰੇ ਵੈਰੀ ਨਹੀਂ ਹੁੰਦੇ। ਦਰਦ ਵਾਲੇ ਬੰਦੇ ਵੀ ਵਿਚ ਹੁੰਦੇ ਨੇ। ਦੇਖਦੇ ਨੇ ਬੱਚਿਆਂ ਵਲ ਤੇ ਨਾਲ ਇਹ ਦੇਖਦੇ ਨੇ ਦਲੇਰੀ ਵੀ ਕਿ ਗੱਜ ਵੱਜ ਕੇ ਇਨ੍ਹਾਂ ਨੇ ਆਪਣੇ ਨਾਅਰਾ ਵਜਾਇਆ ਹੈ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ'

Pure Man ਹੈ ਨਾ ਜਿਹੜਾ, ਆਦਰਸ਼ਕ man, ਉਹ ਪ੍ਰਮੇਸ਼ਰ ਦਾ ਹੈ, ਉਹ ਕਿਸੇ ਹੋਰ ਦਾ ਨਹੀਂ ਹੈਗਾ। ਜਿਹੜਾ ਪ੍ਰਮੇਸ਼ਰ ਦਾ ਹੈ, ਫਤਹਿ ਪ੍ਰਮੇਸ਼ਰ ਦੀ ਹੈ। ਗੱਲ ਤਾਂ ਸਿੱਧੀ ਸੀ, ਇਹਦੇ ਵਿਚ ਨਾ ਕਿਸੇ ਨੂੰ challege ਸੀ ਨਾ ਕਿਸੇ ਨੂੰ ਕੋਈ ਦੁਖ ਦੇਣ ਵਾਲੀ ਗੱਲ ਸੀ, ਉਹ ਇਹ ਸੀ ਕਿ ਜਿਹੜਾ super man ਹੈ ਉਹ ਪ੍ਰਮੇਸ਼ਰ ਦਾ ਹੈ। ਸੁਪਰ ਮੈਨ ਨੂੰ ਖਾਲਸਾ ਕਹਿੰਦੇ ਸੀ ਜਿਹਦੇ ਮਨ ਵਿਚ ਕੋਈ ਭਰਮ ਨਹੀਂ ਸੀ। ਜਿਹਦੇ ਮਨ ਵਿਚ ਕੋਈ ਦ੍ਵੈਤ ਨਹੀਂ ਸੀ। ਜਿਹਨੂੰ ਪੂਰਨ ਗਿਆਨ ਸੀ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ॥***
***ਅੰਗ - ੧੪੨੭***

ਜਿਨ੍ਹਾਂ ਦੇ ਅੰਦਰ ਪੂਰਨ ਜੋਤ ਜਗਦੀ ਸੀ, ਜਿਨ੍ਹਾਂ ਨੂੰ ਦੂਜਾ ਨਜ਼ਰ ਨਹੀਂ ਸੀ ਆਉਂਦਾ।

***ਮਨਿ ਸਾਚਾ ਮੁਖਿ ਸਾਚਾ ਸੋਇ ॥***
***ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥***
***ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥***
***ਅੰਗ - ੨੭੨***

ਦੂਜਾ ਨਹੀਂ ਦੇਖਦੇ ਪ੍ਰਭੂ ਤੋਂ ਬਗੈਰ। ਐਸੇ ਜੋ ਪੁਰਸ਼ ਸੀ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਜਿਹਦੇ ਅੰਦਰ ਪੂਰਨ ਗਿਆਨ ਦੀ ਜੋਤ ਜਗੀ ਹੋਈ ਹੈ, ਆਪਾ ਹੈ ਨਹੀਂ ਜਿਹਦੇ ਅੰਦਰ ਉਹ ਹੈ ਕੀਹਦਾ ਵਾਹਿਗੁਰੂ ਦਾ। ਅਸੀਂ ਤਾਂ ਬਾਲ-ਬੱਚਿਆਂ ਦੇ ਹੋਵਾਂਗੇ। ਕਿਸੇ ਹੋਰ ਦੇ ਹੋਵਾਂਗੇ, ਉਹ ਤਾਂ ਵਾਹਿਗੁਰੂ ਦਾ ਹੁੰਦਾ ਹੈ। ਕਿਸੇ ਹੋਰ ਦਾ ਨਹੀਂ ਹੁੰਦਾ ਤੇ ਜੋ ਵਾਹਿਗੁਰੂ ਦਾ ਹੈ, ਵਾਹਿਗੁਰੂ ਦੀ ਹਮੇਸ਼ਾ ਹੀ ਫਤਹਿ ਹੈਗੀ। ਇਹ ਤਾਂ ਸਿੱਧੀ ਗੱਲ ਸੀ। ਲੇਕਿਨ ਉਹ ਕਈਆਂ ਨੂੰ ਚੁੱਭੀ ਜਿਹੜੇ ਕੱਟੜ ਸੀਗੇ। ਜਿਹੜੇ ਦੂਸਰੇ ਸੀ ਉਨ੍ਹਾਂ ਨੇ ਕਿਹਾ ਕਿ ਬੜੀ ਦਲੇਰੀ ਹੈ ਬੱਚਿਆਂ ਦੇ ਅੰਦਰ।

ਉਸ ਵੇਲੇ ਨਵਾਬ ਨੇ ਕਿਹਾ ਕਿ ਬੱਚਿਓ! ਸਾਨੂੰ ਬੜਾ ਅਫਸੋਸ ਹੈ ਕਿ ਤੁਹਾਡੇ ਕੋਲ ਅਸੀਂ ਅਫਸੋਸ ਕਰਦੇ ਹਾਂ ਕਿ ਤੁਹਾਨੂੰ ਫੜ ਲਿਆ ਹੁਣ ਤੁਸੀਂ ਫਿਕਰ ਨਾ ਕਰੋ। ਡਰੋ ਨਾ ਤੁਸੀਂ। ਤੁਹਾਡੀ ਪਾਲਣਾ ਹੋਏਗੀ, ਪੂਰੀ ਤਰ੍ਹਾਂ ਤੁਹਾਡੀ ਸੰਭਾਲ ਹੋਏਗੀ। ਜੋ ਸਟੇਟਸ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਹੈ ਉਹਦੇ ਮੁਤਾਬਿਕ ਹੀ ਤੁਹਾਡੇ ਨਾਲ ਵਰਤਾਅ ਹੋਵੇਗਾ ਤੇ ਹੁਣ ਤੁਹਾਨੂੰ ਅਸੀਂ ਦਸਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਤਾਂ ਲੜਾਈ ਵਿਚ ਮਾਰੇ ਗਏ, ਕੋਈ ਸਿੱਖ ਨਹੀਂ ਬਚਿਆ। ਤੁਹਾਡੇ ਵੱਡੇ ਭਰਾ ਵੀ ਉਥੇ ਹੀ ਸ਼ਹੀਦ ਹੋ ਗਏ ਨੇ, ਸਿਰਫ ਤੁਸੀਂ ਤਿੰਨ ਜਣੇ ਬਚੇ ਹੋਂ। ਤੁਹਾਡੇ ਦਾਦੀ ਜੀ ਤੇ ਤੁਸੀਂ ਦੋਵੇਂ। ਐਨਾ ਜਦੋਂ ਬਚਨ ਨਵਾਬ ਨੇ ਕਰਿਆ, ਉਸ ਵੇਲੇ ਜ਼ੋਰਾਵਰ ਸਿੰਘ ਜੀ ਕਹਿਣ ਲੱਗੇ, ਨਵਾਬ ਸਾਹਿਬ! ਐਹ ਤੁਹਾਡੀ ਗੱਲ ਅਸੀਂ ਨਹੀਂ ਮੰਨਦੇ ਹੈਗੇ। ਗੁਰੂ ਦੀ ਝਾਲ ਝੱਲਣ ਵਾਲਾ ਸੰਸਾਰ 'ਚ ਕੋਈ ਨਹੀਂ। ਗੁਰੂ ਜੇ ਚਾਹੇ ਤਾਂ ਇਕ ਅੱਖ ਦੇ ਫੋਰ ਦੇ ਵਿਚ ਸਭ ਕੁਛ ਖਤਮ ਕਰ ਸਕਦਾ ਹੈ। ਉਨ੍ਹਾਂ ਨੂੰ ਤੁਸੀਂ ਕੀ ਸਮਝਦੇ ਹੋਂ, ਉਹ ਮਾਮੂਲੀ ਮਨੁੱਖ ਨਹੀਂ, ਉਨ੍ਹਾਂ ਦੀ ਝਾਲ ਨਹੀਂ ਝੱਲੀ ਜਾਂਦੀ।

***ਧਾਰਨਾ - ਐਸਾ ਜੰਮਿਆਂ ਨਾ ਜਗਤ ਉਤੇ ਕੋਈ,***
***ਜਿਹੜਾ ਝਾਲ ਝੱਲੇ ਉਨ੍ਹਾਂ ਦੀ।***

ਐਸੀਆਂ ਮਿੱਠੀਆਂ-ਮਿੱਠੀਆਂ ਗੱਲਾਂ, ਨਾਲ ਇਹ ਗੱਲ ਸੁਣ ਕੇ ਕਿ ਤੁਹਾਡੇ ਪਿਤਾ ਤਾਂ ਸ਼ਹੀਦ ਹੋ ਚੁੱਕੇ ਨੇ, ਭਰਾ ਤੁਹਾਡੇ ਸ਼ਹੀਦ ਹੋ ਚੁੱਕੇ ਨੇ, ਸਿਰਫ ਤੁਸੀਂ ਬਚਦੇ ਓਂ। ਉਸ ਵੇਲੇ ਬੱਚੇ ਐਉਂ ਨਹੀਂ ਹੈ ਕਿ ਉਨ੍ਹਾਂ ਦਾ ਦਿਲ ਟੁੱਟ ਜਾਵੇ ਜਾਂ ਗੱਲ ਮੰਨ ਲੈਣ। ਪੂਰੇ ਜੋਸ਼ ਵਿਚ ਆ ਗਿਆ, ਜ਼ੋਰਾਵਰ ਸਿੰਘ। ਕਹਿਣ ਲੱਗਿਆ, ਨਵਾਬ ਸਾਹਿਬ -

***ਸੁਨਿ ਜੁਝਾਰ ਸਿੰਘ ਬਨਿ ਸਵਧਾਨ।***
***ਸਭਿਨਿ ਸੁਨਾਵਤਿ ਬਾਕ ਬਖਾਨ।***
***ਸ਼੍ਰੀ ਸਤਿਗੁਰ ਜੋ ਪਿਤਾ ਹਮਾਰਾ।***
***ਜਗ ਮਹਿਂ ਕੌਨ ਸਕਹਿ ਤਿਹ ਮਾਰਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਕਹਿਣ ਲੱਗੇ, ਨਾ ਆਕਾਸ਼, ਹਨ੍ਹੇਰੀ, ਪਰਬਤ, ਪਹਾੜ ਸੂਰਜ, ਚੰਦ ਇਹ ਫੜੇ ਨਹੀਂ ਜਾਂਦੇ ਕਦੇ ਵੀ। ਜਿਹੜੇ ਸਾਡੇ ਪਿਤਾ ਜੀ ਨੇ ਉਹ ਤਾਂ ਅਕਾਲ -

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਉਹ ਤਾਂ ਕਾਲ ਦੇ ਵੀ ਕਾਲ ਨੇ ਉਨ੍ਹਾਂ ਨੂੰ ਕੌਣ ਮਾਰਗ ਸਕਦਾ ਹੈ ਕਿਉਂਕਿ ਉਹ ਤਾਂ ਅਕਾਲ ਪੁਰਖ ਦਾ ਨਿਜ ਰੂਪ ਨੇ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - ੪੪੨***

ਉਹ ਤਾਂ ਆਪ ਆਏ ਨੇ ਸੰਸਾਰ ਤੇ, ਅਕਾਲ ਪੁਰਖ ਨੇ ਕਿਹਾ ਹੈ -

***ਮੈ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***

ਬਚਨ ਸੁਣੇ ਤੇ ਨਾਲ ਦਰਬਾਰੀਆਂ ਨੇ ਉਠ ਕੇ ਜੋ ਨੇੜੇ ਸੀ, ਕਹਿਣ ਲੱਗਿਆ, ਬੱਚਿਓ! ਤੁਸੀਂ ਮਾਣ ਮਰਿਆਦਾ ਭੰਗ ਕਰ ਦਿਤੀ ਕੋਰਟ ਦੀ। ਇਥੇ ਆਉਣ ਦਾ ਤਰੀਕਾ ਹੈ ਕਿ ਪਹਿਲਾਂ ਸੱਤ ਵਾਰੀ ਸੀਸ ਨਿਵਾਉਣਾ ਪੈਂਦਾ ਹੈ। ਅੱਧੇ ਕਉਡੇ ਹੋ ਕੇ ਛਾਤੀ ਨਾਲ ਸੱਤ ਵਾਲੀ ਹੱਥ ਲਾਉਂਦੇ ਸੀ

ਤੇ ਫੇਰ ਜਾ ਕੇ ਦੋਵੇਂ ਹੱਥ ਬੰਨ੍ਹ ਕੇ ਸਲਾਮ ਕਹਿ ਕੇ ਫੇਰ ਸਿੱਧੇ ਹੁੰਦੇ ਸੀ। ਤੁਸੀਂ ਮਰਿਆਦਾ ਭੰਗ ਕਰ ਦਿਤਾ ਤੇ ਤੁਸੀਂ ਸੀਸ ਨਿਵਾਓ। ਸਲਾਮ ਕਰੋ ਨਿਵਾ ਕੇ ਸੀਸ। ਉਸ ਵੇਲੇ ਕਹਿਣ ਲੱਗੇ ਦੋਵੇਂ ਭਰਾਵਾਂ ਨੇ ਇਕ ਦੂਜੇ ਵਲ ਦੇਖਿਆ, ਜ਼ੋਰਾਵਰ ਸਿੰਘ ਕਹਿਣ ਲੱਗੇ, ਫਤਹਿ ਸਿੰਘ! ਕਿਹੜਾ ਸੀਸ ਨਿਵਾਈਏ, ਇਹ ਸੀਸ ਤਾਂ ਆਪਣਾ ਨਹੀਂ ਹੈ।

***ਧਾਰਨਾ - ਇਹ ਸੀਸ ਨਾ ਮੇਰਾ ਹੈ,***
***ਇਹ ਨਹੀਂ ਨਿਵਣਾ ਪਾਪੀਆਂ ਅੱਗੇ।***

ਕਹਿਣ ਲੱਗੇ, ਫਤਹਿ ਸਿੰਘ ਕੀ ਕਹਿੰਦੇ ਨੇ ਇਹ। ਭਰਾਤਾ ਸੀਸ ਨਿਵਾਉਣ ਨੂੰ ਕਹਿੰਦੇ ਨੇ। ਕਹਿੰਦੇ ਯਾਦ ਹੈ, ਇਹ ਸੀਸ ਤਾਂ ਆਪਣਾ ਹੈ ਹੀ ਨਹੀਂ। ਆਪਾਂ ਤਾਂ ਇਹ ਗੁਰੂ ਨੂੰ ਅਰਪਣ ਕਰ ਦਿਤਾ ਸੀ। ਜਿਸ ਵਕਤ ਅੰਮ੍ਰਿਤ ਦੀ ਘੁੱਟ ਮੰਗੀ ਸੀ, ਆਪਣਾ ਤਾਂ ਸੀਸ ਰਿਹਾ ਹੀ ਨਾ-

***ਤਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਸਮਰੱਥ ਨੂੰ ਅਸੀਂ ਸੀਸ ਅਰਪ ਚੁੱਕੇ ਹਾਂ, ਸੀਸ ਸਾਡੇ ਨਹੀਂ।

***ਇਹ ਨਰ ਪਾਮਰ ਪਾਪ ਕਮਾਵੈਂ।***
***ਕਿਮ ਇਨ ਆਗੇ ਸੀਸ ਨਿਵਾਵੈਂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਇਹ ਤਾਂ ਪਾਮਰ ਨੇ, ਝੂਠੇ ਨੇ ਵਾਅਦਾ ਕਰਕੇ, ਅਹਿਦਨਾਮਾ ਕਰਕੇ ਫੇਰ ਮੁਕਰ ਗਏ। ਧੋਖਾ ਦੇ ਕੇ ਕਿੱਡਾ ਵੱਡਾ ਇਨ੍ਹਾਂ ਨੇ ਮਾੜਾ ਕੰਮ ਕਰਿਆ ਹੈ। ਗੁਰਮੁਖਾਂ ਦੇ ਅੱਗੇ ਤਾਂ ਸੀਸ ਨਿਵ ਸਕਦਾ ਹੈ, ਪ੍ਰਮੇਸ਼ਰ ਦੇ ਪਿਆਰਿਆਂ ਅੱਗੇ, ਇਨ੍ਹਾਂ ਪਾਮਰਾਂ ਅੱਗੇ ਸੀਸ ਨਿਵੇਂਗਾ? ਜਵਾਬ ਦੇ ਦਿਤਾ।

ਵਿਚਾਰ ਕੀਤੀ ਗਈ, ਅਖੀਰ ਹੋਇਆ ਕਿ ਬੱਚੇ ਨੇ ਇਨ੍ਹਾਂ ਨੂੰ ਭੇਜ ਦੇਵੋ। ਕੱਲ੍ਹ ਨੂੰ ਫੇਰ ਕਚਹਿਰੀ ਲੱਗੇਗੀ, ਬਾਹਰ ਪਤਾ ਲੱਗ ਗਿਆ ਸਾਰੇ। ਦੂਸਰੇ ਦਿਨ ਮਾਤਾ ਜੀ ਤੋਂ ਅਲਹਿਦਾ ਰੱਖ ਦਿਤੇ ਗਏ ਕਿ ਉਹ ਸਿਖਾਉਂਦੇ ਨੇ। ਇਨ੍ਹਾਂ ਨੂੰ ਅੱਡ ਰੱਖੋ।

ਸੋ ਦੂਸਰਾ ਦਿਨ ਜਦੋਂ ਆਉਂਦਾ ਹੈ, ਫੇਰ ਕੋਰਟ ਦੇ ਵਿਚ ਆਉਂਦੇ ਨੇ, ਉਥੇ ਇਹ ਗੱਲ ਮਨਾਈ ਗਈ ਕਿ ਇਨ੍ਹਾਂ ਦਾ ਸੀਸ ਨਿਵਾਉਣਾ ਹੈ, ਵੱਡਾ ਦਰਵਾਜ਼ਾ ਬੰਦ ਕਰ ਲਓ ਤੇ ਖਿੜਕੀ ਥਾਈਂ ਲੰਘਾਓ। ਜਦੋਂ ਖਿੜਕੀ ਥਾਣੀਂ ਲੰਘਾਉਣਾ ਹੈ, ਦੱਸੋ ਇਸ ਤਰ੍ਹਾਂ ਕਿ ਪਹਿਲਾਂ ਸਿਰ ਅੰਦਰ ਕਰਨਾ ਹੈ ਫੇਰ ਜਾ ਕੇ ਲੰਘਣਾ ਹੈ। ਸੋ ਜਿਹੜਾ ਪਹਿਰੇਦਾਰ ਨਾਲ ਲਈ ਜਾਂਦਾ ਸੀ, ਉਸ ਨੇ ਕਿਹਾ ਦੇਖੋ ਬੱਚਿਓ, ਆਹ ਹੁਣ ਛੋਟੇ ਦਰਵਾਜ਼ੇ ਥਾਣੀਂ ਆਪਾਂ ਹੁਣ ਲੰਗਣਾ ਹੈ, ਛੋਟੀ ਖਿੜਕੀ ਹੈ, ਮੈਂ ਤੁਹਾਨੂੰ ਲੰਘ ਕੇ ਦਿਖਾਉਂਦਾ ਹਾਂ, ਤੁਸੀਂ ਇਸ ਤਰ੍ਹਾਂ ਕਰਨਾ ਹੈ ਤੇ ਉਹ ਜਦੋਂ ਲੰਘਿਆ ਤਾਂ ਪਹਿਲਾਂ ਸਿਰ ਨੀਵਾਂ ਕਰਿਆ ਉਸ ਨੇ। ਫੇਰ ਜਾ ਕੇ ਉਹ ਖਿੜਕੀ ਥਾਣੀਂ ਲੰਘਿਆ, ਇਕ ਦੂਜੇ ਵਲ ਦੇਖਦੇ ਨੇ ਕਹਿੰਦੇ ਇਹ ਤਾਂ ਸੀਸ ਨਿਵ ਗਿਆ ਉਨ੍ਹਾਂ ਅੱਗੇ ਆਪਣਾ। ਇਹ ਤਾਂ ਸੀਸ ਤਾਂ ਗੁਰੂ ਕਲਗੀਧਰ ਪਾਤਸ਼ਾਹ ਤੋਂ, ਗੁਰਮੁਖਾਂ ਤੋਂ ਬਗੈਰ, ਗੁਰਸਿੱਖਾਂ ਤੋਂ ਬਗੈਰ ਹੋਰ ਕਿਸੇ ਅੱਗੇ ਨਹੀਂ ਨਿਵਣਾ ਹੈ। ਜ਼ੋਰਾਵਰ ਸਿੰਘ ਕਹਿਣ ਲੱਗੇ, ਚਲਾਕੀ ਕਰਦੇ ਨੇ ਆਪਣੇ ਨਾਲ। ਐਉਂ ਨਹੀਂ ਆਪਾਂ ਲੰਘਣਾ। ਮੈਂ ਪਹਿਲਾਂ ਲੰਘਾਂਗਾ, ਤੂੰ ਪਿਛੋਂ ਲੰਘ ਕੇ ਆਈਂ ਉਸੇ ਤਰ੍ਹਾਂ ਹੀ। ਸੋ ਉਨ੍ਹਾਂ ਨੇ ਖਿੜਕੀ ਦਾ ਉਪਰਲਾ ਹਿੱਸਾ ਫੜਿਆ, ਪਹਿਲਾਂ ਪੈਰ ਅੱਗੇ ਕਰਿਆ, ਫੇਰ ਬਾਕੀ ਹਿੱਸਾ ਲੰਘਾਇਆ। ਉਸ ਵੇਲੇ ਉਹ ਸਮਝ ਗਏ ਕਿ ਇਹ ਬੱਚੇ ਤਾਂ ਬਹੁਤ ਨਿਡਰ ਨੇ। ਉਸ ਵੇਲੇ ਜਿਸ ਵਕਤ ਜਾਂਦੇ ਨੇ, ਕੋਲ ਜਾਂਦੇ ਨੇ, ਫੇਰ ਫਤਹਿ ਬੁਲਾਈ। ਪਹਿਲਾਂ ਸਵਾਲ ਇਹ ਕਰਿਆ ਗਿਆ ਕਿ ਤੁਹਾਨੂੰ ਰਾਜ ਦਾ ਡਰ ਨਹੀਂ ਹੈ। ਕਾਨੂੰਨ ਦਾ ਡਰ ਨਹੀਂ ਹੈ, ਤੁਸੀਂ ਸੀਸ ਨਹੀਂ ਨਿਵਾਉਂਦੇ, ਉਸ ਵੇਲੇ ਵੱਡੇ ਸਾਹਿਬਜ਼ਾਦੇ ਕਹਿਣ ਲੱਗੇ, ਜ਼ੋਰਾਵਰ ਸਿੰਘ ਕਹਿਣ ਲੱਗੇ, ਨਵਾਬ ਡਰ ਨਾਮ ਦੀ ਚੀਜ਼ ਸਾਨੂੰ ਦੱਸੀ ਨਹੀਂ ਗਈ। ਸਾਡੇ ਗੁਰੂ ਨੇ ਨਹੀਂ ਦੱਸੀ ਡਰਨ ਦੀ ਗੱਲ, ਨਾ ਡਰਾਉਣ ਦੀ ਗੱਲ। ਦੋਵੇਂ ਗੱਲਾਂ ਨਹੀਂ ਹਨ। ਐਸ ਤਰ੍ਹਾਂ ਨਾਲ ਕਹਿੰਦੇ ਨੇ -

***ਧਾਰਨਾ - ਡਰ ਨਾ ਅਸੀਂ ਨਾ ਕਿਸੇ ਦਾ ਬਈ ਮੰਨਦੇ,***
***ਇਹ ਹੈ ਹੁਕਮ ਪੂਰੇ ਸਾਹਿਬ ਦਾ।***

ਕਹਿਣ ਲੱਗੇ, ਨਵਾਬ ਸਾਹਿਬ! ਡਰਦਾ ਉਹ ਹੁੰਦਾ ਹੈ, ਜੋ ਪਾਪ ਕਰਿਆ ਕਰਦਾ ਹੈ, ਜਿਹੜਾ ਉਲਟੀਆਂ ਗੱਲਾਂ ਕਰਦਾ ਹੋਵੇ।

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***
***ਅੰਗ - ੮੪***

ਜਿਹਨੇ ਕੋਈ ਕਸੂਰ ਕਰਿਆ ਹੋਵੇ, ਡਰਦਾ ਉਹ ਹੁੰਦਾ ਹੈ ਤੇ ਸਾਡੇ ਸਤਿਗੁਰੂ ਦਾ ਹੁਕਮ ਹੈ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - ੧੪੨੭***

ਨਾ ਤਾਂ ਕਿਸੇ ਨੂੰ ਡਰਾਉਣਾ ਹੈ ਸੰਸਾਰ ਦੇ ਅੰਦਰ। ਨਾ ਕਿਸੇ ਦਾ ਡਰ ਹੀ ਮੰਨਣਾ ਹੈ। ਕਿਉਂਕਿ ਗਲਤ ਗੱਲ ਤਾਂ ਗੁਰਸਿੱਖ ਕਰਦਾ ਨਹੀਂ ਕਦੇ ਵੀ। ਆਪਣੇ ਹੱਕ ਤੇ ਰਹਿੰਦਾ ਹੈ। ਕੋਈ ਵੀ ਗਲਤ ਗੱਲ ਨਹੀਂ ਕਰਦਾ। ਮਹਾਰਾਜ ਕਹਿੰਦੇ ਡਰ ਉਹਨੂੰ ਹੈ ਜਿਹੜਾ ਗਲਤ ਗੱਲ ਕਰਦਾ ਹੈ। ਜਿਹੜਾ ਡਰ ਤੋਂ ਉਪਰ ਲੰਘ ਗਿਆ, ਉਹ ਨਿਡਲ ਹੋ ਜਾਂਦਾ ਹੈ ਕਿਉਂਕਿ ਵਾਹਿਗੁਰੂ ਜੋ ਹੈ, ਵਾਹਿਗੁਰੂ ਦਾ ਨਾਮ ਜਪ ਕੇ ਨਿਰਭਉ ਸ਼ਕਤੀ ਅੰਦਰ ਆ ਜਾਂਦੀ ਹੈ। ਉਹ ਡਰ ਖਤਮ ਹੋ ਜਾਂਦਾ ਹੈ। ਨਾ ਮੌਤ ਦਾ ਡਰ ਰਹਿੰਦਾ ਹੈ, ਨਾ ਕਿਸੇ ਹੋਰ ਚੀਜ਼ ਦਾ ਡਰ ਰਹਿੰਦਾ ਹੈ, ਮਹਾਰਾਜ ਕਹਿੰਦੇ -

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***

*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*
*ਅੰਗ - ੧੪੨੭*

ਗਿਆਨੀ ਗਿਆਨਵਾਨ ਦੀ ਅਵਸਥਾ ਇਹੀ ਹੁੰਦੀ ਹੈ ਕਿ ਨਾ ਡਰਨਾ ਤੇ ਨਾ ਕਿਸੇ ਨੂੰ ਡਰ ਦੇਣਾ। ਸੋ ਕਹਿਣ ਲੱਗੇ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸੀਂ ਕੋਈ ਗੱਲ ਕਰੀ ਹੈ ਮਾੜੀ ਕਿ ਅਸੀਂ ਡਰੀਏ। ਜਦੋਂ ਕੁਛ ਕਰਿਆ ਹੀ ਨਹੀਂ ਹੈ ਫੇਰ ਡਰ ਕਿਸ ਗੱਲ ਦਾ। ਜਦੋਂ ਇਹ ਬਚਨ ਸੁਣੇ -

***ਸੁਨਿ ਕਰਿ ਸਭਾ ਸਕਲ ਬਿਸਮਾਈ॥***
***ਇਹ ਬਾਰਿਕ ਕਤਾ ਸਮੁਝਿ ਸਕਾਈ॥***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, 5951***

ਕਹਿਣ ਲੱਗੇ, ਕਿੰਨੀ ਸਮਝ ਹੈ ਛੋਟੇ-ਛੋਟੇ ਬੱਚਿਆਂ ਨੂੰ। ਕਮਾਲ ਦੀ ਗੱਲ ਹੈ ਕਿਹੜੇ ਵੇਲੇ ਇਨ੍ਹਾਂ ਨੇ ਗੱਲਾਂ ਸਿੱਖ ਲਈਆਂ। ਉਸ ਵੇਲੇ ਨਵਾਬ ਵਿਚਾਰ ਕਰਨ ਲੱਗ ਗਿਆ ਕੁਛ। ਕਹਿਣ ਲੱਗੇ, ਇਨ੍ਹਾਂ ਬੱਚਿਆਂ ਨੇ ਕਸੂਰ ਤਾਂ ਕੋਈ ਕਰਿਆ ਨਹੀਂ ਹੈ। ਕਾਜ਼ੀ ਨੂੰ ਕਿਹਾ ਕਿ ਕੋਈ ਦੇਖ ਤਾਂ ਦਫਾ ਲਗਦੀ ਹੈ ਇਨ੍ਹਾਂ ਦੇ ਉਤੇ ਕੋਈ, ਚਾਰਜ ਲਗਦਾ ਹੈ, ਉਸ ਵੇਲੇ ਕਾਜ਼ੀ ਨੇ ਸੋਚਿਆ, ਸੋਚ ਕੇ ਕਹਿਣ ਲੱਗਿਆ, ਨਵਾਬ ਸਾਹਿਬ ਇਨ੍ਹਾਂ ਤੇ ਚਾਰਜ ਕੋਈ ਨਹੀਂ ਲਗਦਾ। ਬਾਕੀ ਇਹ ਹੈ ਕਿ ਇਨ੍ਹਾਂ ਦੀ ਉਮਰ ਅਜੇ ਐਨੀ ਨਹੀਂ ਹੈ ਕਿ ਇਨ੍ਹਾਂ ਦੇ ਉਤੇ ਦੋਸ਼ ਲਾ ਦਿਤਾ ਜਾਵੇ। ਇਹ ਠੀਕ ਹੀ ਕਹਿੰਦੇ ਨੇ ਕਿ ਡਰੀਏ ਅਸੀਂ ਤਾਂ ਜੇ ਗਲਤ ਗੱਲ ਕਰੀ ਹੋਵੇ।

ਆਹ ਤਾਂ ਕੁਰਾਨ ਸ਼ਰੀਫ ਦੇ ਅੰਦਰ ਆਉਂਦਾ ਹੀ ਨਹੀਂ ਹੈ ਕਿ ਕੋਈ ਦਫਾ ਲੱਗ ਜਾਵੇ। ਫੇਰ ਇਹ ਬੱਚੇ ਆਪਣੇ ਧਰਮ ਦੇ ਮੁਤਾਬਿਕ ਫਤਹਿ ਬੁਲਾਉਂਦੇ ਨੇ। ਆਹ ਵੀ ਦੋਸ਼ ਨਹੀਂ ਲਗਦਾ। ਫੇਰ ਛੋਟੇ ਬੱਚੇ ਨੇ ਨਾ ਇਨ੍ਹਾਂ ਨੂੰ ਲੜਨ ਦਾ ਪਤਾ ਹੈ ਕਿ ਲੜਨ ਦੇ ਨਤੀਜੇ ਕੀ ਹੁੰਦੇ ਨੇ, ਨਾ ਹੀ ਨਾ ਲੜਨ ਦਾ ਇਨ੍ਹਾਂ ਨੂੰ ਪਤਾ ਹੈ। ਇਹ ਸ਼ੀਲਖੋਰ ਬੱਚੇ ਨੇ, ਇਨ੍ਹਾਂ ਨੇ ਕੁਛ ਵਿਗਾੜਿਆ ਨਹੀਂ ਹੈ। ਨਵਾਬ ਕਹਿਣ ਲੱਗਿਆ ਕਿ ਜੇ ਇਹ ਇਸਲਾਮ ਦੇ ਵਿਚ ਆ ਜਾਣ ਫੇਰ ਤਾਂ ਇਨ੍ਹਾਂ ਦਾ ਬਹੁਤ ਆਦਰ ਸਤਿਕਾਰ ਹੋਵੇ। ਬੜੇ ਅਹੁਦੇ ਮਿਲ ਜਾਣ ਤੇ ਇਹ ਗੱਲ ਹੋ ਜਾਵੇ ਫੇਰ ਬਹੁਤ ਵੱਡੀ ਗੱਲ ਹੈ। ਕਿਉਂਕਿ ਉਨ੍ਹਾਂ ਦੇ ਮਨ ਵਿਚ ਇਹ ਸੀਗਾ ਕਿ ਕੁਦਰਤੀ ਤੌਰ ਦੇ ਉਤੇ, ਦੂਸਰੇ ਧਰਮਾਂ ਨੂੰ ਉਹ ਮੰਨਦੇ ਨਹੀਂ ਸੀਗੇ। ਉਨ੍ਹਾਂ ਦਾ ਸੀ ਕਿ ਇਹ ਜਿਹੜੇ ਲੋਕ ਨੇ ਇਹ ਪ੍ਰਮੇਸ਼ਰ ਤੋਂ ਬੇਮੁਖ ਹੋ ਕੇ ਮੂਰਤਾਂ ਵਗੈਰਾ ਨੂੰ ਮੰਨਦੇ ਨੇ ਤੇ ਇਹ ਕੁਫਰ ਕਰਦੇ ਨੇ, ਕੁਫਰ ਕਰਕੇ ਕਾਫਰ ਨੇ। ਇਹ ਨਰਕਾਂ ਨੂੰ ਜਾਣਗੇ। ਇਸਲਾਮ ਵਿਚ ਲਿਆ ਦਿਤੇ ਜਾਣ, ਜੋ ਧਰਮ ਹੈ। ਸੋ ਉਨ੍ਹਾਂ ਨੇ ਜਿਸ ਵਕਤ ਇਹ ਗੱਲ ਕਹੀ, ਉਸ ਵੇਲੇ ਸਾਹਿਬਜ਼ਾਦੇ ਕਹਿਣ ਲੱਗੇ, ਕਿਹੜੀ ਚੀਜ਼ ਨੂੰ ਤੁਸੀਂ ਮੁਸਲਮਾਨ ਬਣਾਉਣਾ ਚਾਹੁੰਦੇ ਓਂ। ਆਤਮਾ ਦਾ ਕੋਈ ਧਰਮ ਨਹੀਂ ਹੋਇਆ ਕਰਦਾ, ਨਾ ਹਿੰਦੂ ਹੁੰਦੀ ਹੈ, ਨਾ ਮੁਸਲਮਾਨ। ਨਾ ਉਹ ਸਿੱਖ ਹੁੰਦੀ ਹੈ, ਨਾ ਈਸਾਈ ਹੁੰਦੀ ਹੈ ਉਹ ਤਾਂ ਆਤਮਾ ਆਤਮਾ ਹੀ ਹੈ। ਬਾਕੀ ਬੇਅੰਤ ਤਰੀਕੇ ਨੇ ਪ੍ਰਮੇਸ਼ਰ ਨੂੰ ਮਿਲਣ ਦੇ, ਧਰਮ ਤਾਂ ਧਾਰੀਦਾ ਹੈ ਕਿ ਇਹਦੇ ਵਿਚ ਜਾ ਕੇ ਪ੍ਰਮੇਸ਼ਰ ਛੇਤੀ ਮਿਲ ਜਾਏਗਾ। ਸੋ ਹੁਣ ਤਾਂ ਇਹ ਹੋ ਨਹੀਂ ਸਕਦਾ, ਇਹ ਬਦਲਿਆ ਨਹੀਂ ਜਾ ਸਕਦਾ ਹੁਣ।

ਨਾਮਦੇਵ ਜੀ ਨੂੰ ਜਿਸ ਵਕਤ ਫੜ ਲਿਆਂਦਾ ਤੇ ਗਊ ਮਾਰ ਕੇ ਅੱਗੇ ਰੱਖ ਦਿਤਾ। ਉਸ ਵੇਲੇ ਕਿਹਾ ਕਿ ਨਾਮਦੇਵ ਤਿੰਨ ਸ਼ਰਤਾਂ ਨੇ ਪਹਿਲੀ ਇਹ ਹੈ ਕਿ ਗਊ ਜੀਉਂਦੀ ਕਰ ਦੇ। ਦੂਸਰੀ ਇਹ ਹੈ ਕਿ ਜੇ ਜੀਊਣਾ ਹੈ ਤਾਂ ਇਸਲਾਮ ਵਿਚ ਆ ਜਾ ਤੇ ਤੀਸਰੀ ਗੱਲ ਇਹ ਹੈ ਕਿ ਜਿੱਥੇ ਗਊ ਮਰੀ ਹੋਈ ਹੈ ਉਥੇ ਨਾਲ ਹੀ ਤੈਨੂੰ ਮਾਰ ਦੇਣਾ ਹੈ। ਉਸ ਵੇਲੇ ਨਾਮਦੇਵ ਜੀ ਕਹਿਣ ਲੱਗੇ ਕਿ ਮੈਨੂੰ ਇਹ ਗੱਲ ਮਨਜ਼ੂਰ ਨਹੀਂ ਹੈ। ਗਊ ਮੈਂ ਨਹੀਂ ਜੀਉਂਦੀ ਕਰ ਸਕਦਾ ਉਹ ਪ੍ਰਮੇਸ਼ਰ ਨੇ ਕਰਨੀ ਹੈ, ਬਾਕੀ ਜਿਹੜੀ ਤੁਸੀਂ ਮੇਰੇ ਜੀਉਣ ਵਾਸਤੇ ਸ਼ਰਤ ਹੈ, ਉਹ ਮੈਨੂੰ ਮਨਜ਼ੂਰ ਨਹੀਂ ਹੈ। ਤੀਸਰੀ ਸ਼ਰਤ ਜਿਹੜੀ ਹੈ ਉਹ ਠੀਕ ਹੈ ਮੈਂ ਉਹਦੇ ਵਾਸਤੇ ਤਿਆਰ ਹਾਂ। ਉਸ ਵੇਲੇ ਮਾਤਾ ਆਉਂਦੀ ਹੈ, ਮਾਂ ਆ ਕੇ ਕਹਿਣ ਲੱਗੀ, ਨਾਮਦੇਵ! ਕਾਹਨੂੰ ਤੂੰ ਜਾਨ ਗਵਾਉਂਦਾ ਹੈਂ। ਨਾਮਦੇਵ ਨੇ ਕਿਹਾ ਮਾਤਾ! ਹੁਣ ਮੈਂ ਨਾਮ ਨਹੀਂ ਜਪਦਾ, ਨਾਮ ਦੀ ਧੁਨ ਆਪੇ ਹੀ ਹੋ ਰਹੀ ਹੈ, ਮੇਰੇ ਅਖਤਿਆਰ ਤੋਂ ਬਾਹਰ ਹੈ। ਹੁਣ ਉਹ ਛੱਡ ਨਹੀਂ ਹੁੰਦਾ। ਉਹ ਸਾਰੇ ਸਰੀਰ ਦੇ ਵਿਚ ਸਮਾਅ ਗਿਆ।

***ਧਾਰਨਾ - ਛੋਡਿਆ ਨਾ ਜਾਏ ਜੀ,***
***ਸਹਿਜ ਸਮਾਨਾ ਭੀਤਰੇ।***
***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ੧ ॥***
***ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥***
***ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ ੧ ॥ ਰਹਾਉ ॥***
***ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥***
***ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥ ੨ ॥***
***ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥***
***ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ॥ ੩ ॥***
***ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥***
***ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥***
***ਅੰਗ - ੮੦੯***

ਨਾਮ ਅੰਦਰ ਰਚ ਗਿਆ, ਪੂਰਨ ਗਿਆਨ ਹੋ ਗਿਆ, ਦੂਜਾ ਨਜ਼ਰ ਨਹੀਂ ਆਉਂਦਾ। ਉਹਨੂੰ ਕੀ ਕਹਿਣਾ ਕਿ ਤੂੰ ਫਲਾਣੇ ਧਰਮ 'ਚ ਆ ਜਾ। ਉਹਦੀ ਦ੍ਰਿਸ਼ਟੀ 'ਚ ਤਾਂ ਸਾਰੇ ਧਰਮ ਇਕੋ ਹੁੰਦੇ ਨੇ। ਧਰਮ ਦੀ ਪਰਿਭਾਸ਼ਾ ਬਹੁਤ ਨੀਵੀਂ ਰਹਿ ਜਾਂਦੀ ਹੈ। ਜਿਵੇਂ ਇਕ ਬੀ.ਏ 'ਚ ਪੜ੍ਹਦੇ ਬੰਦੇ ਨੂੰ ਕੋਈ ਕਹੇ ਕਿ ਤੂੰ ਪਹਿਲੀ ਜਮਾਤ 'ਚ ਲਗ ਜਾ, ਮਖੌਲ ਹੈ

ਉਹਦੇ ਨਾਲ, ਉਹ ਪੂਰਨ ਪਦ ਤੇ ਪਹੁੰਚੇ ਹੋਏ ਸੀ, ਸਾਹਿਬਜ਼ਾਦੇ ਐਵੇਂ ਨਹੀਂ ਸੀ। ਜੇ ਧਰੂੰ ਨੂੰ ਪੰਜ ਸਾਲ ਦੇ ਵਿਚ ਪੂਰਨ ਗਿਆਨ ਹੋ ਸਕਦਾ ਹੈ, ਇਹ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਆਪਣੀ ਓਲਾਦ ਸੀ, ਪੂਰਨ ਗਿਆਨਵਾਨ ਸੀ।

ਮੁਸਕਰਾ ਪਏ ਕਹਿੰਦੇ, ਕਿਹੜੀ ਚੀਜ਼ ਨੂੰ ਕਹਿੰਦੇ ਨੇ। ਸੋ ਏਸੇ ਤਰ੍ਹਾਂ ਪ੍ਰਹਿਲਾਦ ਨੂੰ ਕਹਿੰਦੀ ਹੈ ਮਾਂ ਕਿ ਤੂੰ –

*ਤੂ ਰਾਮ ਕਹਨ ਕੀ ਛੋਡੁ ਬਾਨਿ ॥*
*ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥*

*ਅੰਗ – ੧੧੯੪*

ਕਹਿੰਦੇ ਮਾਤਾ! ਹੁਣ ਨਾਮ ਦੇ ਛੱਡਣ ਦੀ ਬਾਤ ਕਰਦੀ ਹੈ ਇਹ ਤਾਂ ਨਹੀਂ ਛੱਡ ਹੁੰਦਾ। ਇਹ ਤਾਂ ਰੋਮ-ਰੋਮ 'ਚ ਰਚ ਗਿਆ।

ਸੋ ਏਸ ਤਰ੍ਹਾਂ ਦੇ ਨਾਲ ਜਵਾਬ ਦੇ ਦਿਤਾ, ਕਹਿੰਦੇ ਤੁਸੀਂ ਤਾਂ ਬਹੁਤ ਛੋਟੀ ਗੱਲ ਕਰਦੇ ਓਂ। ਇਹ ਸ਼ਰਤ ਲਾ ਕੇ ਕਿ ਤੁਸੀਂ ਬਚ ਜਾਓਂਗੇ, ਇਸਲਾਮ ਵਿਚ ਆ ਜਾਓਂਗੇ, ਤੁਸੀਂ ਇਕ ਗੱਲ ਸਾਨੂੰ ਸਮਝਾ ਦਿਓ ਕਿ ਇਸਲਾਮ 'ਚ ਆ ਕੇ ਅਸੀਂ ਮਰਨਾ ਤਾਂ ਨਹੀਂ ਫੇਰ ਮੁੜ ਕੇ ਆ ਕੇ।

ਇਕ ਦੂਜੇ ਦੇ ਮੂੰਹ ਵਲ ਦੇਖਣ ਲੱਗ ਗਏ ਸਾਰੇ। ਕਹਿੰਦੇ ਜਵਾਬ ਦਿਓ ਬੱਚਿਆਂ ਦਾ ਕਿ ਫੇਰ ਤਾਂ ਨਹੀਂ ਮਰਾਂਗੇ।

ਕਹਿਣ ਲੱਗੇ, ਮਰਨ ਤੋਂ ਬਾਅਦ ਕੀ ਹੁੰਦਾ ਹੈ, ਉਹ ਵੀ ਸਾਨੂੰ ਸਮਝਾ ਦਿਓ। ਕਹਿਣ ਲੱਗੇ, ਜਦੋਂ ਮਰ ਜਾਂਦਾ ਹੈ ਨਾ, ਫੇਰ ਰੂਹ ਕਬਰਾਂ 'ਚ ਪਈ ਰਹਿੰਦੀ ਹੈ ਤੇ ਰੋਜ਼ੇ ਆਖਰ ਜਿਸ ਦਿਨ ਕਿਆਮਤ ਆਉਂਦੀ ਹੈ, ਉਸ ਦਿਨ ਹਿਸਾਬ ਕਿਤਾਬ ਹੋਣਾ ਹੈ, ਜਿਨ੍ਹਾਂ ਦੀ ਤਾਂ ਗਵਾਹੀ ਮੁਹੰਮਦ ਸਾਹਿਬ ਭਰ ਦੇਣਗੇ। ਉਹ ਤਾਂ ਹੋ ਜਾਣਗੇ ਪਾਰ, ਜਿਨ੍ਹਾਂ ਦੀ ਨਹੀਂ ਭਰਨਗੇ ਉਹ ਫੇਰ ਦੋਜਕ ਦੇ ਵਿਚ ਸੜਨਗੇ। ਕਹਿਣ ਲੱਗੇ, ਇਹ ਤਾਂ ਗੱਲ ਹੀ ਕੁਛ ਨਾ ਰਹੀ, ਅਸੀਂ ਤਾਂ ਜਾਣਾ ਹੀ ਨਹੀਂ ਦੋਜਕ ਵਿਚ। ਸਾਡੇ ਵਾਸਤੇ ਤਾਂ ਦੋਜ਼ਕ ਨਹੀਂ, ਨਾ ਧਰਮਰਾਜ ਦੀ ਦਰਗਾਹ ਹੈ –

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ – ੩੮*

ਅਜ਼ਰਾਈਲ ਕੋਲ ਤਾਂ ਉਨ੍ਹਾਂ ਨੇ ਜਾਣਾ ਹੈ ਜਿਹੜੇ ਦ੍ਵੈਤ ਵਿਚ ਰਹੇ ਨੇ। ਜਿਨ੍ਹਾਂ ਨੇ ਗਲਤ ਕੰਮ ਕਰੇ ਨੇ। ਸਾਡਾ ਤਾਂ ਰਸਤਾ ਹੀ ਨਹੀਂ ਹੈ, ਅਸੀਂ ਕਿਸੇ ਕਬਰ 'ਚ ਨਹੀਂ ਪੈਣਾ, ਕਿਸੇ ਥਾਂ ਰਹਿਣਾ ਨਹੀਂ। ਇਹ ਤਾਂ ਜੀਵਨ ਮੁਕਤੀ ਦੀ ਅਵਸਥਾ ਸਾਨੂੰ ਪ੍ਰਾਪਤ ਹੈ, ਜਦੋਂ ਤੱਕ ਅਸੀਂ ਸਰੀਰ ਵਿਚ ਹਾਂ ਸਰੀਰ ਵਿਚ ਹਾਂ, ਜਦੋਂ ਸਰੀਰ 'ਚੋਂ ਅਸੀਂ ਨਿਕਲ ਗਏ ਆਪਣੇ ਨਿਜ ਘਰ ਚਲੇ ਜਾਵਾਂਗੇ ਅਸੀਂ ਵਿਚਾਲੇ ਤਾਂ ਰੁਕਣਾ ਨਹੀਂ। ਨਾ ਕਿਸੇ ਦੀ ਗਵਾਹੀ ਹੋਣੀ ਹੈ। ਫੇਰ ਤਾਂ ਬਹੁਤ ਛੋਟੀ ਚੀਜ਼ ਤੁਸੀਂ ਸਾਨੂੰ ਕਹਿ ਰਹੇ ਓਂ। ਦੂਜੀ ਗੱਲ ਇਹ ਹੈ ਕਿ ਜੇ ਮਰਨਾ ਹੀ ਹੈ ਸਰੀਰ ਨੇ ਜਾਣਾ ਹੀ ਹੈ, ਸਾਨੂੰ ਤਾਂ ਇਹ ਪਤਾ ਲੱਗ ਚੁੱਕਿਆ ਹੈ ਕਿ ਮੌਤ ਹੈ ਹੀ ਨਹੀਂ। ਕਾਲ ਜਿਹੜਾ ਹੈ ਓਨਾ ਚਿਰ ਹੈ ਜਿੰਨਾ ਚਿਰ ਆਦਮੀ ਦੇ ਅੰਦਰ ਹਉਮੈ ਦਾ ਜਜ਼ਬਾ ਹੈ, ਜਦੋਂ ਤੱਕ ਦੋਹਾਂ ਦੇ ਵਿਚ ਖੇਲ੍ਹਦਾ ਹੈ।

*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮੁ ਰਾਇ ਦੇਇ ਸਜਾਇ ॥ ਅੰਗ – ੨੨੮*

ਉਸ ਵੇਲੇ ਤੱਕ ਧਰਮਰਾਜ ਦੇ ਜਾਣਾ ਹੈ, ਜਦੋਂ ਇਹਨੂੰ ਗਿਆਨ ਹੋ ਗਿਆ, ਆਪਣੇ ਸਰੂਪ ਨੂੰ ਪ੍ਰਾਪਤ ਕਰ ਲਿਆ, ਫੇਰ ਕਿਹੜਾ ਧਰਮਰਾਜ ਹੈ, ਕਿਹੜੀ ਮੌਤ ਹੈ। ਫੇਰ ਤਾਂ ਮਰਦਾ ਹੀ ਨਹੀਂ, ਫੇਰ ਤਾਂ ਅਮਰ ਜੀਵਨ ਪ੍ਰਾਪਤ ਹੋ ਜਾਂਦਾ ਹੈ।

ਉਹ ਅਮਰ ਹੋ ਜਾਂਦਾ ਹੈ, ਅੰਮ੍ਰਿਤ ਪੀਣ ਵਾਲਾ। ਸਾਨੂੰ ਨਾਮ ਦਾ ਅੰਮ੍ਰਿਤ ਪ੍ਰਾਪਤ ਹੋ ਗਿਆ ਨਵਾਬ ਸਾਹਿਬ, ਅਸੀਂ ਮਰਨਾ ਨਹੀਂ ਹੈ। ਸਾਨੂੰ ਨਹੀਂ ਲੋੜ, ਇਹ ਬੱਚਿਆਂ ਵਾਲੀਆਂ ਗੱਲਾਂ ਤੁਸੀਂ ਕਰਦੇ ਓਂ ਕਿ ਆਹ ਲੈ ਲਓ, ਇਸਲਾਮ ਧਾਰਨ ਕਰ ਲਓ। ਇਹ ਚੀਜ਼ ਨਹੀਂ।

ਛੋਟੇ ਭਰਾ ਨੇ ਵੱਡੇ ਵਲ ਦੇਖਿਆ ਫਤਹਿ ਸਿੰਘ। ਕਹਿੰਦੇ ਭਰਾਤਾ ਜੀ! ਮੇਰੀ ਇਕ ਗੱਲ ਸੁਣੋ, ਮੈਂ ਕਹਿ ਸਕਦਾ ਹਾਂ? ਕਹਿੰਦੇ ਦੱਸ ਫਤਹਿ ਸਿੰਘਾ! ਕੀ ਕਹਿਣਾ ਚਾਹੁੰਦਾ ਹੈਂ। ਤਾਂ ਉਸ ਵੇਲੇ ਉਨ੍ਹਾਂ ਨੇ ਕਿਹਾ ਜੋ ਇਤਿਹਾਸ 'ਚ ਲਿਖਿਆ ਹੈ–

*ਧਰਮ ਪਿਤਾਮੇ ਜਸੋਂ ਰਖਿ ਲੀਨਾ।*
*ਸ਼ੁਭ ਜਸ ਤੇ ਜਗ ਪੂਰਨ ਕੀਨਾ।*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5951*

ਆਪਣੇ ਬਾਬਾ ਜੀ ਦੀ ਗੱਲ ਯਾਦ ਹੈ ਨਾ, ਉਨ੍ਹਾਂ ਦੇ ਅੱਗੇ ਵੀ ਆਹੀ ਸਵਾਲ ਰੱਖਿਆ ਸੀ, ਉਨ੍ਹਾਂ ਨੇ ਸੀਸ ਦੇ ਦਿਤਾ ਲੇਕਿਨ ਧਰਮ ਨਹੀਂ ਹਾਰਿਆ।

*ਤੀਨਿ ਲੋਕ ਮਹਿਂ ਸ਼ਾਕਾ ਚੀਨਾ॥*
*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5951*

ਤਿੰਨਾਂ ਲੋਕਾਂ ਦੇ ਵਿਚ, ਸਾਰਿਆਂ ਦੇ ਵਿਚ ਇਹ ਸਾਕੇ ਨੂੰ ਚੀਨਿਆਂ ਜਾਂਦਾ ਹੈ। ਉਸ ਵੇਲੇ ਜਵਾਬ ਦੇ ਦਿਤਾ ਕਹਿਣ ਲੱਗੇ ਜਿਹੜਾ ਸਿੱਖੀ ਸਿਦਕ ਹੈ ਸਾਡਾ ਇਹ ਸਾਡਾ ਬਹੁਤ ਉਚਾ ਹੈ ਇਹ ਜਾਨ ਦੇ ਨਾਲ ਸਬੰਧ ਨਹੀਂ ਰੱਖਦਾ –

*ਧਾਰਨਾ – ਸਿਰ ਜਾਵੇ ਤਾਂ ਜਾਵੇ*
*ਸਿੱਖੀ ਸਿਦਕ ਨਾ ਜਾਵੇ।*
*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*

*ਅੰਗ – ੧੩੬੫*

ਕਹਿਣ ਲੱਗੇ, ਨਵਾਬ ਸਾਹਿਬ! ਸੀਸ ਦੀ ਨਹੀਂ ਕੋਈ ਪਰਵਾਹ ਪਰ ਸਿਦਕ ਨਾ ਸਾਡਾ ਡੋਲੇ। ਅਸੀਂ ਸਿਦਕ ਦੇ ਉਤੋਂ ਸੀਸ ਕੁਰਬਾਨ ਕਰ ਦੇਣਾ ਹੈ। ਮਰਨ ਤੋਂ ਨਹੀਂ ਸਾਨੂੰ ਡਰ ਲਗਦਾ ਕਿਉਂਕਿ ਮਰਨ ਤੋਂ ਬਾਅਦ ਅਸੀਂ ਆਪਣੇ ਘਰ ਨੂੰ ਜਾਣਾ ਹੈ, ਨਿਜ ਘਰ ਦੇ ਅੰਦਰ। ਉਹ ਘਰ ਦੀ ਪ੍ਰਾਪਤੀ ਸਾਨੂੰ ਗੁਰੂ ਨੇ ਕਰਾ ਦਿਤੀ ਹੈ। ਆਹ ਗੱਲਾਂ ਸਮਝ ਵਿਚ ਨਹੀਂ ਆਉਂਦੀਆਂ ਬਹੁਤਿਆਂ ਦੇ। ਉਸ ਵੇਲੇ ਕਹਿਣ ਲੱਗੇ ਕਿ ਬੱਚਿਓ! ਦੇਖ ਲਓ ਬੜੀ ਕਰੜੀ ਗੱਲ ਹੈ ਅਸੀਂ ਤੁਹਾਨੂੰ ਛੱਡ ਰਹੇ ਹਾਂ, ਤੇ ਤੁਸੀਂ ਐਨਾ ਹੀ ਹੈ ਕਿ ਹੁਣ ਵਾਹਿਗੁਰੂ-ਵਾਹਿਗੁਰੂ ਕਹਿੰਦੇ ਓਂ, ਫੇਰ ਅੱਲਾਹ-ਅੱਲਾਹ ਕਹਿ ਲਿਓ। ਫਰਕ ਤਾਂ ਕੋਈ ਨਹੀਂ, ਤੁਹਾਡੇ ਹੀ ਗੁਰੂ ਕਹਿੰਦੇ ਨੇ, ਫਰਕ ਨਹੀਂ ਕੋਈ। ਉਹ ਕਹਿੰਦੇ ਸਾਡੇ ਗੁਰੂ ਇਹੀ ਗੱਲ ਕਹਿੰਦੇ ਨੇ ਕਿ ਸਾਰੇ ਇਕ ਨੇ-

ਦੇਹੁਰਾ ਮੁਸੀਤ ਸੋਈ ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।

***ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ***
***ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥***
***ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ***
***ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥***
***ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ,***
***ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥***
***ਅਕਾਲ ਉਸਤਤਿ***

ਪੂਜਾ ਵੀ ਤੇ ਦੇਹੁਰਾ ਵੀ, ਨਮਾਜ਼ ਵੀ ਇਹ ਸਾਰੀ ਇਕ ਹੈ, ਮਾਨਸ ਸਾਰੇ ਇਕ ਨੇ। ਪਰ ਪਿਆਰਿਓ! ਤੁਹਾਨੂੰ ਕੀ ਹੱਕ ਹੈ ਕਿ ਅਸੀਂ ਜਿਸ ਰਸਤੇ ਤੇ ਚੱਲੇ ਹੋਏ ਹਾਂ ਉਸ ਤੋਂ ਸਾਨੂੰ ਬਦਲਾ ਦਿਓਂ। ਬਾਕੀ ਜਿਹੜੀ ਤੁਸੀਂ ਸੀਸ ਦੇਣ ਦੀ ਗੱਲ ਕਹਿੰਦੇ ਓਂ। ਇਹ ਅਸੀਂ ਦੇਣ ਵਾਸਤੇ ਤਿਆਰ ਹਾਂ ਧਰਮ ਨਹੀਂ ਅਸੀਂ ਹਾਰਨਾ।

***ਧਾਰਨਾ - ਸੀਸ ਦੇਵਾਂਗੇ ਧਰਮ ਨਹੀਓਂ ਹਾਰਨਾ,***
***ਇਹ ਹੈ ਰੀਤ ਗੁਰਸਿੱਖੀ ਦੀ।***

ਕਹਿਣ ਲੱਗੇ, ਸਾਡੇ ਰੀਤ ਚਲੀ ਆਈ ਹੈ। ਸਾਡੇ ਦਾਦਾ ਜੀ ਨਾਲ ਮਤੀ ਦਾਸ, ਸਤੀ ਦਾਸ, ਭਾਈ ਦਇਆਲਾ ਸਾਰਿਆਂ ਨੇ ਸੀਸ ਦੇ ਦਿਤੇ, ਤਨ ਦੇ ਉਤੇ ਬੇਅੰਤ ਤਸੀਹੇ ਸਹਿ ਲਏ ਪਰ ਧਰਮ ਤੋਂ ਬੇਮੁਖ ਨਹੀਂ ਹੋਏ। ਕਹਿਣ ਲੱਗੇ, ਰੀਤ ਹੈ -

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952)***

ਜਿਵੇਂ -

ਰਘੂਕੁਲ ਰੀਤ ਚਲੀ ਆਈ, ਉਹ ਬਚਨ ਤੋਂ ਨਹੀਂ ਸੀ ਹਟਦੇ। ਜੋ ਬਚਨ ਕਰ ਲਿਆ ਉਹ ਪੂਰਾ ਕਰਦੇ ਸੀ। ਕਹਿੰਦੇ, ਉਹੀ ਰੀਤ ਸਾਡੇ ਚਲੀ ਜਾ ਰਹੀ ਹੈ। ਸਾਡੇ ਪਿਤਾ ਜੀ ਦੇ ਪੜਦਾਦਾ ਜੀ ਉਹ ਵੀ ਤੱਤੀਆਂ ਤਵੀਆਂ ਤੇ ਬੈਠ ਗਏ। ਉਨ੍ਹਾਂ ਨੇ ਧਰਮ ਨਹੀਂ ਹਾਰਿਆ, ਸਾਡੇ ਦਾਦਾ ਜੀ ਨੇ ਧਰਮਨਾ ਹਾਰਿਆ, ਗੁਰਸਿੱਖਾਂ ਨੇ ਧਰਮ ਨਾ ਹਾਰਿਆ, ਬੰਦ-ਬੰਦ ਕਟਾ ਲਏ ਤਾਂ ਨਹੀਂ ਧਰਮ ਹਾਰਿਆ। ਬਾਕੀ ਤੁਸੀਂ ਜ਼ੁਲਮ ਕਰਦੇ ਓਂ, ਬਗੈਰ ਕਿਸੇ ਕਸੂਰ ਤੋਂ ਜਿਸ ਰਾਜ ਵਿਚ ਜ਼ੁਲਮ ਹੋਵੇ ਤੇ ਬਗੈਰ ਕਿਸੇ ਕਸੂਰ ਤੋਂ ਹੋਵੇ, ਤਾਂ ਉਹ ਰਾਜ ਆਪਣੀਆਂ ਜੜ੍ਹਾਂ ਖੋਖਲੀਆਂ ਕਰ ਰਿਹਾ ਹੁੰਦਾ ਹੈ।

***ਤੁਮਰੀ ਜਰਾਂ ਉਖਾਰਨਿ ਹੇਤ।***
***ਹਮ ਨਹਿੰ ਡਰਪਹਿੰਗੇ ਸਿਰ ਦੇਤਿ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਅਸੀਂ ਨਹੀਂ ਡਰਨਾ ਸਿਰ ਦਿੰਦਿਆਂ ਨੇ, ਕਿਉਂਕਿ ਸਾਡੇ ਸੀਸ ਦੇਣ ਨਾਲ ਇਹ ਜ਼ੁਲਮੀ ਰਾਜ ਦੀਆਂ ਜੜ੍ਹਾਂ ਉਖੜਣੀਆਂ ਨੇ, ਸਾਡੀ ਸ਼ਹੀਦੀ ਐਵੇਂ ਨਹੀਂ ਜਾਣੀ।

ਸੋ ਬਚਨ ਸੁਣੇ ਤੇ ਨਾਲ ਕਹਿਣ ਲੱਗੇ, ਨਵਾਬ ਸਾਹਿਬ! ਇਹ ਇਸਲਾਮ ਦੇ ਵਿਚ ਆ ਕੇ ਫੇਰ ਜੀਉਂਦੇ ਰਹਿ ਜਾਈਦੈ? ਕੋਈ ਨਹੀਂ ਰਹਿੰਦਾ, ਕਿੱਥੇ ਨੇ ਮੁਹੰਮਦ ਸਾਹਿਬ, ਕਿੱਥੇ ਨੇ ਪੀਰ ਪੈਗੰਬਰ ਵੱਡੇ-ਵੱਡੇ ਆਉਲੀਏ -

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥***
***ਅੰਗ - ੪੮੮***

ਦੁਨੀਆਂ ਦੇ ਉਤੇ ਵੱਡੇ-ਵੱਡੇ ਆਏ, ਵੱਡਿਆਂ-ਵੱਡਿਆਂ ਨੇ ਆ ਕੇ ਵੱਡੇ-ਵੱਡੇ ਉਪਦੇਸ਼ ਦਿਤੇ, ਵੱਡੇ-ਵੱਡੇ ਕਾਰਨਾਮੇ ਕੀਤੇ। ਇਹ ਤਾਂ ਨੇਤ ਬਣਿਆ ਹੋਇਆ ਹੈ -

***ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥***
***ਨਾਨਕ ਹਰਿ ਗੁਨ ਗਾਇ ਲੇ***
***ਛਾਡਿ ਸਗਲ ਜੰਜਾਲ ॥ ਅੰਗ - ੧੪੨੯***

ਉਹਨੇ ਤਾਂ ਜਾਣਾ ਹੀ ਜਾਣਾ ਹੈ। ਜੋ ਉਪਜਿਆ ਹੈ ਉਹਨੇ ਜਾਣਾ ਹੀ ਹੈ। ਇਥੇ ਰਹਿਣ ਵਾਲਾ ਥਾਉਂ ਨਹੀਂ ਹੈ ਕੋਈ ਵੀ -

***ਧਾਰਨਾ - ਇਥੇ ਬੈਠ ਨਾ ਕਿਸੇ ਨੇ ਰਹਿਣਾ***
***ਵਾਰੀ ਆਈ ਤੁਰ ਜਾਵਣਾ।***
***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਕੁਰਾਨ ਕੇਤੇ***
***ਸਿੰਮ੍ਰਿਤਿ ਸਮੂਹਨ ਕੇ ਹੁਇ ਹੁਇ ਬਿਤਾਏ ਹੈਂ।***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ ਫੇਰੇ ਭੂਮ ਹੀ ਮਿਲਏ ਹੈਂ।***
***ਅਕਾਲ ਉਸਤਤਿ***

ਕਹਿਣ ਲੱਗੇ, ਸੰਸਾਰ 'ਚ ਨਹੀਂ ਰਹਿਣਾ, ਧਰਮ ਨੇ

ਨਾਲ ਰਹਿਣਾ ਹੈ। ਬਾਕੀ ਜਿਹੜੀਆਂ ਚੀਜ਼ਾਂ ਤੁਸੀਂ ਕਹਿੰਦੇ ਓਂ, ਮਾਇਆ ਦੇਵਾਂਗੇ, ਬੜਾ ਸੋਹਣਾ ਪਾਲਾਂਗੇ, ਇਹ ਤਾਂ ਇਥੇ ਹੀ ਰਹਿ ਜਾਣੀਆਂ ਨੇ ਸਾਰੀਆਂ। ਇਹ ਗੱਲ ਨਹੀਂ ਹੋ ਸਕਦੀ। ਉਸ ਵੇਲੇ ਸਾਰੇ ਚੁੱਪ ਬੈਠੇ ਨੇ, ਨਵਾਬ ਨੇ ਇਧਰ ਉਧਰ ਦੇਖਣਾ ਸ਼ੁਰੂ ਕਰ ਦਿਤਾ। ਸਾਰੀ ਜਿੰਨੀ ਵੀ ਸਭਾ ਬੈਠੀ ਹੈ ਸਭ ਚੁੱਪ ਬੈਠੀ ਹੈ, ਕੋਈ ਕੁਛ ਸੋਚ ਰਿਹਾ ਹੈ, ਕੋਈ ਕੁਛ ਸੋਚ ਰਿਹਾ ਹੈ। ਕੋਈ ਮਨਮੋਹਣੀਆਂ ਸ਼ਕਲਾਂ ਨੂੰ ਦੇਖ ਰਿਹਾ ਹੈ। ਕੋਈ ਬੱਚਿਆਂ ਦੀ ਦਲੇਰੀ ਨੂੰ ਦੇਖ ਕੇ ਸਾਬਾਸ਼-ਸਾਬਾਸ਼ ਕਹਿ ਰਿਹਾ ਹੈ। ਕੋਈ ਉਨ੍ਹਾਂ ਦੇ ਉਤਰ ਸੁਣ ਕੇ, ਵਿਚਾਰ ਵਾਲੇ ਉਨ੍ਹਾਂ ਦੇ ਵਿਚਾਰ ਸੁਣ ਕੇ ਚੁੱਪ ਬੈਠੇ ਨੇ। ਨਵਾਬ ਵੀ ਚੁੱਪ ਬੈਠਾ ਹੈ। ਉਸ ਵੇਲੇ ਨਿਗ੍ਹਾ ਪੈ ਗਈ ਉਹਦੀ ਮਲੇਰਕੋਟਲੀਆਂ ਤੇ। ਉਹਨੇ ਸ਼ੇਰ ਮੁਹੰਮਦ ਨੂੰ ਬੁਲਾਇਆ ਕਹਿੰਦੇ, ਸ਼ੇਰ ਮੁਹੰਮਦ ਆਹ ਬੱਚਿਆਂ ਨੂੰ ਅਸੀਂ ਤੇਰੇ ਹਵਾਲੇ ਕਰਦੇ ਹਾਂ ਤੇ ਜਿਵੇਂ ਤੇਰਾ ਜੀਅ ਕਰਦਾ ਹੈ ਇਨ੍ਹਾਂ ਤੋਂ ਬਦਲਾ ਕੱਢ ਲੈ। ਤੇਰਾ ਭਰਾ ਇਨ੍ਹਾਂ ਦੇ ਪਿਤਾ ਨੇ ਮਾਰਿਆ ਹੈ। ਕਹਿਣ ਲੱਗਿਆ, ਨਵਾਬ ਸਾਹਿਬ! ਇਹ ਕੋਈ ਸੂਰਮਿਆਂ ਦੀ ਰੀਤ ਨਹੀਂ ਹੈ। ਸੂਰਮੇ ਮੈਦਾਨੇ ਜੰਗ ਦੇ ਵਿਚ ਲੜਦੇ ਨੇ, ਜਦੋਂ ਚੈਲੰਜ ਕਰਦੇ ਨੇ, ਇਹ ਕਾਇਰਾਂ ਵਾਲੀ ਗੱਲ ਤੁਸੀਂ ਕਿਵੇਂ ਕਹਿ ਦਿਤੀ। ਇਨ੍ਹਾਂ ਸ਼ੀਲ ਖੋਰ ਬੱਚਿਆਂ ਦਾ ਕੋਈ ਕਸੂਰ ਹੈ? =

***ਬਾਲਕ ਸ਼ੀਰ ਖੋਰ ਕਜਾ ਦੋਸ਼।***
***ਹਾਨ ਲਾਭ ਕੀ ਇਨਹਿੰ ਨ ਹੋਸ਼।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5953***

ਇਨ੍ਹਾਂ ਨੂੰ ਤਾਂ ਹੋਸ਼ ਹੀ ਨਹੀਂ, ਨਾ ਹਾਨ ਦੀ ਨਾ ਲਾਭ ਦੀ। ਜਿਹੋ ਜਿਹੇ ਵਾਤਾਵਰਣ 'ਚ ਪਲੇ ਨੇ, ਉਹ ਗੱਲਾਂ ਇਹ ਕਰ ਰਹੇ ਨੇ ਤੇ ਮੈਂ ਬੁੱਝਦਿੱਲ ਹਾਂ। ਇਹ ਤੁਸੀਂ ਬੜਾ ਮਾੜਾ ਕੰਮ ਕਰ ਰਹੇ ਓਂ। ਬੱਚਿਆਂ ਦੇ ਉਤੇ ਪਿਤਾ ਦਾ ਦੋਸ਼ ਕੱਢ ਰਹੇ ਓਂ। ਇਨ੍ਹਾਂ ਨੇ ਕੀ ਵਿਗਾੜਿਆ ਹੈ। ਇਸਲਾਮ ਦੇ ਵਿਚ ਕੱਢ ਕੇ ਦਿਖਾਓ ਮੈਨੂੰ ਕੁਰਾਨ ਸ਼ਰੀਫ 'ਚ, ਕੋਈ ਐਸਾ ਕਾਨੂੰਨ ਹੈ ਜਿਹੜਾ ਕਿਸੇ ਤਰ੍ਹਾਂ ਨਾਲ ਵੀ ਇਨ੍ਹਾਂ ਨੂੰ ਕਸੂਰਵਾਰ ਠਹਿਰਾਏ। ਸ਼ਸਤਰ ਇਨ੍ਹਾਂ ਨੇ ਨਹੀਂ ਚੁੱਕੇ, ਚੈਲੰਜ ਇਨ੍ਹਾਂ ਨੇ ਨਹੀਂ ਕਰਿਆ। ਬੱਚੇ ਕਹਿ ਹੀ ਦਿੰਦੇ ਨੇ, ਜੋ ਕੁਛ ਇਨ੍ਹਾਂ ਨੇ ਸਿਖਿਆ ਹੈ ਉਹਦੇ ਮੁਤਾਬਿਕ ਕਹਿੰਦੇ ਨੇ। ਵੱਡੇ ਹੋਣਗੇ, ਹੋਸ਼ ਆਏਗੀ ਫੇਰ ਜਾ ਕੇ ਕੋਈ ਗੱਲ ਬਣਦੀ ਹੈ। ਸ਼ੀਲਖੋਰ ਪੰਜ ਸਾਲ ਦਾ ਬੱਚਾ ਹੈ ਕਿੰਨਾ ਛੋਟਾ ਹੈ। ਆਹ ਤਾਂ ਬੱਚੇ ਗੋਦੀ ਚੁੱਕੀਦੇ ਨੇ, ਨਾਲ ਸੁਲਾਈਦੇ ਨੇ। ਤੁਸੀਂ ਇਨ੍ਹਾਂ ਦੇ ਉਤੇ ਦੋਸ਼ ਲਾ ਰਹੇ ਓਂ। ਮੈਂ ਐਹੋ ਜਿਹਾ ਬੁੱਝਦਿਲ ਨਹੀਂ ਹਾਂ। ਸਾਡਾ ਖਾਨਦਾਨ ਐਨਾ ਬੁਝਦਿਲ ਨਹੀਂ। ਅਸੀਂ ਆਹ ਬੱਚਿਆਂ ਦੇ ਉਤੇ ਦੋਸ਼ ਕੱਢੀਏ। ਹਾਂ ਗੁਰੂ ਗੋਬਿੰਦ ਸਿੰਘ ਇਕੱਲੇ ਯੁੱਧ ਵਿਚ ਆ ਜਾਣ, ਫੇਰ ਅਸੀਂ ਆਪਣਾ ਜੋਸ਼ ਕੱਢਾਂਗੇ, ਲੜਾਂਗੇ ਪੂਰੇ ਤਰੀਕੇ ਨਾਲ। ਐਨੀ ਗੱਲ ਹੀ ਨਹੀਂ ਕਹੀ, ਕਹਿਣ ਲੱਗੇ, ਮੈਂ ਇਸ ਸਭਾ ਵਿਚ ਬੈਠਣਾ ਹੱਤਕ ਸਮਝਦਾ ਹਾਂ। ਜਿਥੇ ਇਨਸਾਫ ਨਹੀਂ ਹੈ। ਸੋ ਉਸ ਵੇਲੇ ਨਵਾਬ ਦੇ ਮਨ ਵਿਚ ਆਈ ਕਿ ਬੱਚਿਆਂ ਨੂੰ ਛੱਡ ਦੇਈਏ। ਇਰਾਦਾ ਦੇਖਿਆ ਉਸ ਵੇਲੇ, ਦੋ ਬੰਦੇ ਬੈਠੇ ਸੀ ਉਹਦੇ ਵਿਚ ਇਕ ਦਾ ਨਾਉਂ ਸੁੱਚਾ ਨੰਦ ਸੀ ਜਿਹਨੂੰ ਝੂਠਾ ਨੰਦ ਕਹਿੰਦੇ ਨੇ। ਉਹ ਵੀ ਵਜ਼ੀਰ ਸੀ, ਇਕ ਹਰਜਸ ਸੀਗਾ ਤੇ ਸੁੱਚਾ ਨੰਦ, ਝੂਠਾ ਨੰਦ, ਉਸ ਵੇਲੇ ਖੜ੍ਹਾ ਹੋ ਜਾਂਦਾ ਹੈ, ਉਹ ਕਹਿਣ ਲੱਗਿਆ ਇਹ ਬੱਚੇ ਦੋਸ਼ਦਾਰ ਨੇ ਨਾ ਛੱਡੋ ਨਵਾਬ ਸਾਹਿਬ। ਰਾਜਨੀਤੀ ਇਹ ਕਹਿੰਦੀ ਹੈ ਕਿ ਇਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ, ਇਨ੍ਹਾਂ ਨੂੰ ਛੋਟੇ-ਛੋਟੇ ਨਾ ਜਾਣੋ -

ਇਹ ਤਾਂ ਨਾਗਾਂ ਦੇ ਪੁੱਤਰ ਨੇ। ਨਾਗ ਦਾ ਪੁੱਤਰ ਨਾਗ ਹੀ ਬਣਨਾ ਹੈ। ਤੁਹਾਡੇ ਹੱਥ 'ਚ ਬੜੀ ਮੁਸ਼ਕਲ ਨਾਲ ਆਏ ਨੇ, ਮਨ ਦੀ ਭਾਉਣੀ ਕਰੋ -

ਸੁੱਚਾ ਪੂਰੀ ਖੱਤਰੀ ਸੀਗਾ ਤੇ ਉਸ ਵੇਲੇ ਹਰਜਸ ਕਹਿਣ ਲੱਗਿਆ, ਨਵਾਬ ਸਾਹਿਬ! ਇਹ ਸੁੱਚਾ ਨੰਦ ਜੀ ਨੇ ਬਿਲਕੁਲ ਗੱਲ ਸਹੀ ਕਹੀ ਹੈ। ਕਾਜ਼ੀ ਕਹਿਣ ਲੱਗਿਆ ਕਿ ਮੇਰੇ ਕੋਲ ਕੋਈ ਦਫਾ ਨਹੀਂ ਜਿਹੜੀ ਮੈਂ ਇਨ੍ਹਾਂ ਤੇ ਲਾ ਦੇਵਾਂ, ਕਹਿੰਦਾ ਦਫਾ ਤਾਂ ਮੈਂ ਇਨ੍ਹਾਂ ਤੇ ਲਵਾ ਦੇਵਾਂ। ਹੁਣੇ ਲਵਾ ਦਿੰਦਾ ਹਾਂ ਸਭਾ 'ਚ। ਹੁਕਮ ਕਰ ਦਿਤਾ, ਬੱਚਿਆਂ ਨੂੰ ਭੇਜ ਦਿਤਾ। ਸਭਾ ਜਾ ਰਹੀ ਹੈ, ਥੋੜ੍ਹੀ ਦੇਰ ਬਾਅਦ ਤਿੰਨ ਦੁਕਾਨਾਂ ਲਵਾ ਦਿਤੀਆਂ। ਇਕ ਦੁਕਾਨ ਮਠਿਆਈ ਦੀ ਲਾ ਦਿਤੀ, ਇਕ ਖਿਡੌਣਿਆਂ ਦੀ ਲਾ ਦਿਤੀ, ਫੇਰ ਬੁਲਾ ਲਏ ਕਹਿੰਦੇ, ਬੱਚਿਓ! ਤੁਹਾਨੂੰ ਛੱਡ ਦਿਤਾ, ਤੁਸੀਂ ਐਉਂ ਕਰੋ ਆਹ ਤਿੰਨ ਦੁਕਾਨਾਂ ਲੱਗੀਆਂ ਹੋਈਆਂ ਨੇ, ਆਹ ਖਾਣਾ ਹੈ ਕੁਛ ਖਾ ਲਓ। ਖੇਲ੍ਹਾਂ ਲੈਣੀਆਂ ਨੇ ਖੇਲ੍ਹਾਂ ਲੈ ਲਓ ਤੇ ਹੋਰ ਕੁਛ ਲੈਣਾ ਹੈ, ਤੁਸੀਂ ਉਹ ਲੈ ਲਓ। ਉਸ ਵੇਲੇ ਦੋਵੇਂ ਭਰਾ ਬਾਹਰ ਨਿਕਲਦੇ ਨੇ, ਸਿਪਾਹੀ ਪਾਸੇ ਹੋ ਗਏ। ਤਾਂ ਵੱਡਾ ਤੇ ਛੋਟਾ, ਨਿਗ੍ਹਾ ਕਰੀ ਮਠਿਆਈ ਵਲ, ਝਾਕੇ ਵੀ ਨਹੀਂ ਓਧਰ। ਮੋਢਾ ਮਾਰਿਆ ਤੇ ਅੱਗੇ ਹੋ ਗਏ। ਅੱਗੇ ਖਿਡੌਣਿਆਂ ਦੀ ਦੁਕਾਨ ਹੈ, ਬੜੇ ਖਿਡੌਣੇ ਪਏ ਨੇ, ਉਨ੍ਹਾਂ ਵਲ ਵੀ ਨਹੀਂ ਦੇਖਿਆ। ਅੱਗੇ ਆ ਗਈ ਹੱਥਿਆਰਾਂ ਵਾਲੀ, ਛੋਟੇ-ਛੋਟੇ ਹਥਿਆਰ ਪਏ ਨੇ, ਕਮਾਣਾਂ ਪਈਆਂ ਨੇ, ਤੀਰ ਪਏ ਨੇ, ਛੋਟੀਆਂ ਸਿਰੀ ਸਾਹਿਬਾਂ ਪਈਆਂ ਨੇ, ਰਾਈਫਲਾਂ ਪਈਆਂ ਨੇ, ਉਸ ਵੇਲੇ ਕਹਿਣ ਲੱਗੇ ਜੋ ਤੁਹਾਡਾ ਜੀਅ ਕਰਦਾ ਹੈ, ਤੁਸੀਂ ਲੈ ਲਓ। ਉਨ੍ਹਾਂ ਨੇ ਉਸੇ ਵੇਲੇ ਸ਼ਸਤਰ ਧਾਰਨ ਕਰ ਲਏ। ਪੂਰੇ ਸ਼ਸਤਰ ਧਾਰਨ ਕਰ ਲਏ। ਕਟਾਰਾਂ, ਕ੍ਰਿਪਾਨ ਪਹਿਨ ਲਈ, ਭੱਥਾ ਲੈ ਲਿਆ ਤੇ ਕਮਾਨ ਪਿੱਛੇ ਪਾ ਲਈ, ਰਾਈਫਲ ਲੈ ਲਈ। ਢਾਲ ਚੁੱਕ ਲਈ ਤੇ ਸੁੱਚਾ ਨੰਦ, ਨਵਾਬ ਵੀ ਨਾਲ ਹੈ, ਸੁੱਚਾ ਨੰਦ ਕਹਿਣ ਲੱਗਿਆ, ਬੱਚਿਓ! ਬੱਚਿਆਂ ਦਾ ਕੰਮ ਹੁੰਦਾ ਹੈ ਮਠਿਆਈ ਖਾਣੀ, ਤੁਸੀਂ ਮਠਿਆਈ ਨਹੀਂ ਖਾਂਦੇ, ਫੇਰ ਉਸ ਤੋਂ ਦੂਜਾ ਕੰਮ ਹੁੰਦਾ ਹੈ, ਖੇਲ੍ਹਾਂ ਲੈ ਕੇ ਖੇਲ੍ਹਣਾ। ਇਹ ਤੁਸੀਂ ਕੀ ਕਰਦੇ ਓਂ? ਕਹਿਣ ਲੱਗੇ, ਕਹਿੰਦੇ ਅਸੀਂ ਸ਼ਸਤਰ ਲਏ

ਨੇ, ਕਹਿੰਦੇ ਫੇਰ ਕੀ ਕਰੋਂਗੇ, ਅਸੀਂ ਜੇ ਤੁਹਾਨੂੰ ਛੱਡ ਦਿੰਦੇ ਹਾਂ? ਕਹਿੰਦੇ, ਅਸੀਂ ਜਾਵਾਂਗੇ ਬਾਹਰ, ਸਿੰਘਾਂ ਨੂੰ ਇਕੱਠੇ ਕਰਾਂਗੇ ਤੇ ਅਸੀਂ ਜ਼ੁਲਮ ਜਿਹੜੇ ਕਰਦੇ ਨੇ ਉਨ੍ਹਾਂ ਨੂੰ ਜ਼ੁਲਮ ਤੋਂ ਹਟਾਵਾਂਗੇ, ਯੁੱਧ ਕਰਾਂਗੇ। ਜਦੋਂ ਐਨਾ ਬਚਨ ਸੁਣਿਆ ਕਹਿਣ ਲੱਗਿਆ ਕਿਉਂ ਕਾਜ਼ੀ ਸਾਹਿਬ! ਫੇਰ ਬਾਗੀ ਹੋਏ ਨਾ ਇਹ। ਬਗਾਵਤ ਦਾ ਦੋਸ਼ ਲਗਦਾ ਹੈ ਕਿ ਨਹੀਂ ਹੁਣ। ਉਸ ਵੇਲੇ ਕਾਜ਼ੀ ਨੇ ਕਿਹਾ ਕਿ ਹਾਂ ਹੁਣ ਬਗਾਵਤ ਦਾ ਦੋਸ਼ ਲਗਦਾ ਹੈ। ਉਮਰ ਦਾ ਖਿਆਲ ਫੇਰ ਨਹੀਂ ਕਿਸੇ ਨੇ ਕਰਿਆ। ਕਹਿੰਦੇ ਜਵਾਬ ਦੇਣ ਲੱਗੇ –

***ਬਡੇ ਹੋਇੰਗੇ ਪਿਤਾ ਸਮਾਨਾ।***
***ਲਾਖਹੁਂ ਲਸ਼ਕਰ ਕੀਨਸਿ ਹਾਨਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਕਹਿਣ ਲੱਗਿਆ, ਸੁੱਚਾ ਨੰਦ ਕਿ ਜਦੋਂ ਇਹ ਵੱਡੇ ਹੋ ਗਏ, ਪਿਤਾ ਵਰਗੇ, ਇਨ੍ਹਾਂ ਦੇ ਪਿਤਾ ਲੱਖਾਂ ਲਸ਼ਕਰ ਹਾਨ ਕਰ ਦਿਤੇ। ਇਹ ਵੀ –

***ਨਿਤ ਊਧਮ ਕੌ ਦੇਸ਼ ਉਠਾਵੈਂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਇਹ ਨਿੱਤ ਝਗੜੇ ਕਰਨਗੇ –

***ਏਹ ਨਹਿਂ ਕਸੋਂਹੂੰ ਸੀਸ ਨਿਵਾਵੈਂ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਹੁਣੇ ਨਹੀਂ ਸੀਸ ਨਿਵਾਉਂਦੇ। ਇਨ੍ਹਾਂ ਨੇ ਡਰ ਕੀ ਮੰਨਣਾ ਹੈ।

***ਅਬਿ ਪਕਰੇ ਬਸ ਆਇ ਤੁਮਾਰੇ।***
***ਛੂਟ ਨ ਜਾਹਿਂ ਮਵਾਸ ਮਝਾਰੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਕਹਿੰਦੇ ਫੇਰ ਤਾਂ ਇਹ ਬਾਗੀ ਹੋ ਜਾਣਗੇ। ਉਸ ਵੇਲੇ ਹੁਕਮ ਕਰ ਦਿਤਾ ਕਾਜ਼ੀ ਨੇ ਕਿ ਹਕੂਮਤ ਦੇ ਸਾਮ੍ਹਣੇ ਬਗਾਵਤ ਕਰਨ ਦਾ ਦੋਸ਼ ਕੰਧਾਂ 'ਚ ਚਿਣਨ ਦਾ ਹੁੰਦਾ ਹੈ ਤੇ ਇਨ੍ਹਾਂ ਨੂੰ ਕੰਧਾਂ ਵਿਚ ਚਿਣ ਦਿਓ। ਉਸੇ ਵੇਲੇ ਹੁਕਮ ਦੀ ਤਾਮੀਲ ਹੋ ਗਈ, ਇੱਟਾਂ ਮੰਗਾਂ ਲਈਆਂ ਗਈਆਂ, ਗਾਰਾ ਮੰਗਾ ਲਿਆ ਤੇ ਦੇਖਦੇ ਨੇ ਸਾਹਿਬਜ਼ਾਦੇ ਉਸ ਵੇਲੇ ਚਿਣਦਾ ਨਹੀਂ ਕੋਈ। ਆਲੇ-ਦੁਆਲੇ ਝਾਕਦੇ ਨੇ ਕੋਈ ਤਿਆਰ ਨਹੀਂ ਹੁੰਦਾ ਚਿਣਨ ਵਾਸਤੇ। ਉਸ ਵੇਲੇ ਦੋ ਜਲਾਦ ਦਿੱਲੀ ਗਏ ਜਿਨ੍ਹਾਂ ਦਾ ਉਥੇ ਮੁਕੱਦਮਾ ਸੀ, ਇਕ ਦਾ ਨਾਉਂ ਸ਼ਸ਼ਾਦ ਬੇਗ ਸੀ, ਇਕ ਦਾ ਨਾਉਂ ਵਿਸਾਲ ਬੇਗ ਸੀ। ਉਹ ਜਿਸ ਵਕਤ ਆਏ ਤਾਂ ਨਵਾਬ ਨੇ ਕਿਹਾ ਕਿ ਆਹ ਕੰਮ ਤੁਹਾਡੇ ਜ਼ਿੰਮੇ ਲਾਉਂਦੇ ਹਾਂ ਅਸੀਂ। ਕਹਿੰਦੇ, ਲਓ ਅਸੀਂ ਤਾਂ ਰੋਜ਼ ਹੀ ਕਰਦੇ ਹਾਂ। ਕਹਿੰਦੇ, ਕੰਧ ਵਿਚ ਚਿਣਨਾ ਹੈ। ਕੰਧ ਦੇ ਵਿਚ ਚਿਣਾਈ ਸ਼ੁਰੂ ਹੋ ਗਈ ਸਾਧਸੰਗਤ ਜੀ। ਚਿਣਦੇ ਜਾਂਦੇ ਨੇ ਤੇ ਆਪਸ ਵਿਚ ਦੋਵੇਂ ਬਚਨ ਕਰਦੇ ਨੇ ਕਿ ਡੋਲਣਾ ਨਹੀਂ ਆਪਾਂ, ਆਪਾਂ ਗੁਰੂਪੁਰੀ 'ਚ ਜਾਵਾਂਗੇ ਜੇ ਆਪਣਾ ਸਰੀਰ ਛੁੱਟ ਜਾਏਗਾ। ਘਬਰਾਉਣਾ ਨਹੀਂ ਹੈ। ਉਸ ਵੇਲੇ ਕੰਧ ਚਿਣਦੇ-ਚਿਣਦੇ ਕੰਧ ਗਿਰ ਜਾਂਦੀ ਹੈ। ਬੇਹੋਸ਼ ਹੋ ਜਾਂਦੇ ਨੇ ਦੋਵੇਂ ਸਾਹਿਬਜ਼ਾਦੇ, ਉਧਰੋਂ ਸ਼ਾਮ ਹੋ ਜਾਂਦੀ ਹੈ, ਕਚਹਿਰੀ ਬਰਖਾਸਤ ਹੋ ਜਾਂਦੀ ਹੈ, ਕੰਬਲਾਂ ਦੇ ਵਿਚ ਵਲੇਟ ਦਿਤਾ ਉਨ੍ਹਾਂ ਨੂੰ। ਰਾਤ ਨੂੰ ਉਨ੍ਹਾਂ ਨੂੰ ਗਰਮ ਦੁੱਧ, ਹੋਰ ਗਰਮ ਚੀਜ਼ਾਂ ਦਿੰਦੇ ਨੇ ਤਾਂ ਕਿ ਹੋਸ਼ ਵਿਚ ਆ ਜਾਣ। ਉਸ ਵੇਲੇ ਦੂਸਰਾ ਦਿਨ ਹੋ ਗਿਆ, ਫੇਰ ਬੁਲਾ ਲਏ। ਓਹੀ ਸਵਾਲ ਫੇਰ ਦੁਹਰਾਏ ਗਏ। ਉਨ੍ਹਾਂ ਨੇ ਕਿਹਾ ਕਿ ਜਦੋਂ ਅਸੀਂ ਇਕ ਵਾਰ ਕਹਿ ਦਿਤਾ ਹੁਣ ਤੁਸੀਂ ਬਾਰ-ਬਾਰ ਕਿਉਂ ਕਹੀ ਜਾਂਦੇ ਓਂ। ਅਸੀਂ ਤਾਂ ਚਾਹੁੰਦੇ ਹਾਂ –

***ਧਰਮ ਹੇਤ ਸਿਰ ਚਾਹਤਿ ਦੀਯੋ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਇਹ ਸਾਡੇ ਸਿਰ ਦੇਣ ਦੇ ਨਾਲ –

***ਤੁਰਕਨਿ ਜਰਾਂ ਬਿਨਾਸ਼ੀ ਕੀਯੋ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ– 5953***

ਤੁਹਾਡੇ ਰਾਜ ਦਾ ਵਿਨਾਸ਼ ਹੋ ਜਾਏਗਾ, ਸਾਡੇ ਸ਼ਹੀਦ ਹੁੰਦੇ ਸਾਰ। ਅਸੀਂ ਤਾਂ ਯਾਦ ਕਰਦੇ ਹਾਂ –

***ਸਿਮਰਹਿਂ ਬਾਤ ਪਿਤਾਮੇ ਕੇਰੀ।***
***ਲਾਜ ਬੰਸ ਕੀ ਚਹੈਂ ਬਡੇਰੀ॥***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5953***

ਅਸੀਂ ਆਪਣੇ ਬੰਸ ਦੀ ਲਾਜ ਰੱਖਣੀ ਹੈ, ਧਰਮ ਤੋਂ ਨਹੀਂ ਹਾਰਨਾ। ਓਸ ਵੇਲੇ ਇਨ੍ਹਾਂ ਜਲਾਦਾਂ ਨੂੰ ਕਿਹਾ ਗਿਆ ਤੇ ਇਨ੍ਹਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ, ਦੋਹਾਂ ਜਲਾਦਾਂ ਨੇ ਗੋਡਿਆਂ ਥੱਲੇ ਲੈ ਲਿਆ, ਜਿਵੇਂ ਬੱਕਰੇ ਨੂੰ ਜਿਹਵਾ ਕਰੀਦਾ ਹੈ, ਐਸ ਤਰ੍ਹਾਂ ਦੇ ਨਾਲ ਇਨ੍ਹਾਂ ਨੇ ਛੁਰੀ ਚਲਾਈ।

***ਅਧਮ ਤਬੈ ਤਰਵਾਰ ਚਲਾਈ।***
***ਸਿਰ ਜੁਝਾਰ ਸਿੰਘ ਦਯੋ ਗਿਰਾਈ।***
***ਬਹੁਰ ਦੂਸਰੋ ਵਾਰ ਪ੍ਰਹਾਰਾ।***
***ਫਤੇ ਸਿੰਘ ਕੌ ਸੀਸ ਉਤਾਰਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5954***

ਉਸ ਵੇਲੇ ਬੇਅੰਤ ਸਭਾ ਇਕੱਠੀ ਹੋਈ-ਹੋਈ ਸੀ, ਸ਼ਹਿਰ ਵੀ ਆ ਗਿਆ ਸੀ, ਸਾਰੇ ਹਾਹਾਕਾਰ ਮਚ ਗਈ, ਕੀ ਮੁਸਲਮਾਨ, ਕੀ ਹਿੰਦੂ, ਦਿਲ ਵਾਲੇ ਬੰਦੇ ਜਿਨ੍ਹਾਂ ਦੇ ਅੰਦਰ ਦਿਲ ਸੀ, ਦਰਦ ਸੀ, ਸਾਰੇ ਅਫਸੋਸ ਕਰਦੇ ਨੇ, ਹੰਝੂ ਜਾਂਦੇ ਨੇ, ਰੁਮਾਲਾਂ ਦੇ ਨਾਲ ਪੂੰਝਦੇ ਨੇ।

ਇਧਰ ਹਾਹਾਕਾਰ ਮਚ ਗਈ ਤੇ ਓਧਰ ਦਰਗਾਹ ਦੇ ਵਿਚ ਸਾਰੇ ਲੋਕਾਂ 'ਚ ਜੈ-ਜੈਕਾਰ ਹੁੰਦੀ ਹੈ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਜੈ ਜੈਕਾਰ ਸੁਰਗਾਂ ਵਿਚ ਹੋਵੇ,***
***ਹਾਇ-ਹਾਇ ਕਰੇ ਸਾਰੀ ਦੁਨੀਆਂ***
***ਹਾਹਾਕਾਰ ਜਹਾਂ ਕਹਿਂ ਭਯੋ।***
***ਜੈ ਜੈ ਸ਼ਬਦ ਸੁਰਨਿ ਮਹਿਂ ਥਿਯੋ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5954***

ਗੰਧਰਭ ਲੋਕ, ਦੇਵ ਗੰਧਰਭ ਲੋਕ, ਪਿਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਬ੍ਰਹਮ ਦੇਵ ਲੋਕ, ਕਰਮ ਦੇਵ ਲੋਕ, ਸ਼ਿਵ ਲੋਕ, ਬੈਕੁੰਠ ਧਾਮ ਤੱਕ ਜਿੰਨੀ ਸ੍ਰਿਸ਼ਟੀ ਸੀ ਸਾਰੀ ਫੁੱਲ ਵਰਸਾਉਂਦੀ ਹੈ। ਦੇਵਤੇ ਆਏ ਨੇ ਫੁੱਲ ਬਰਸਾ ਰਹੇ ਨੇ, ਨਾਦ ਵਜਾ ਰਹੇ ਨੇ। ਓਸ ਵੇਲੇ ਸਾਹਿਬਜ਼ਾਦੇ ਮਾਤਾ ਜੀ ਨੂੰ ਨਮਸਕਾਰ ਕਰਨ ਵਾਸਤੇ ਜਾਂਦੇ ਨੇ, ਕਿਉਂਕਿ ਅਮਰ ਰੂਹਾਂ ਨੇ। ਮਾਤਾ ਜੀ ਦੇਖਦੇ ਨੇ ਭੁਲੇਖਾ ਪਿਆ, ਕਹਿੰਦੇ ਪੁੱਤਰੋ! ਤੁਸੀਂ ਆ ਗਏ। ਕਹਿੰਦੇ, ਨਹੀਂ ਮਾਤਾ ਜੀ! ਅਸੀਂ ਜਾ ਰਹੇ ਹਾਂ, ਸਾਨੂੰ ਅਸ਼ੀਰਵਾਦ ਦਿਓ। ਕਹਿੰਦੀ, ਤੁਸੀਂ ਜਾ ਰਹੇ ਓਂ? ਕਹਿੰਦੇ ਹਾਂ। ਫੇਰ ਦਾਦੀ ਨੂੰ ਨਾਲ ਲੈ ਕੇ ਚੱਲਿਓ, ਮੈਂ ਵੀ ਤੁਹਾਡੇ ਨਾਲ ਚਲਦੀ ਹਾਂ। ਆਪ ਨੇ 28 ਸਾਲ ਯੋਗ ਸਾਧਨਾ ਸਾਧੀ ਸੀ ਮਾਤਾ ਜੀ ਨੇ, ਪੂਰੇ 28 ਸਾਲ। ਸਾਰਾ ਅੰਦਰ ਖੁਲ੍ਹਿਆ ਹੋਇਆ ਸੀ, ਦਸਮ ਦੁਆਰ, ਸਰੀਰ ਵਿਚ ਆਉਣਾ, ਸਰੀਰ ਤੋਂ ਬਾਹਰ ਚਲੇ ਜਾਣਾ ਮਾਮੂਲੀ ਕ੍ਰਿਆ ਹੁੰਦੀ ਹੈ ਇਹ, ਸਾਧੂਆਂ ਵਾਸਤੇ। ਸੋ ਆਪ ਨੇ ਉਸ ਵੇਲੇ ਸਮਾਧੀ ਲਾਈ ਤੇ ਸ੍ਵਾਸ ਚਾੜ੍ਹੇ ਤੇ ਬ੍ਰਹਮ ਰੁੰਦਰ ਤੋੜ ਕੇ ਆਪ ਪੋਤਿਆਂ ਦੇ ਨਾਲ ਚਲੇ ਜਾਂਦੇ ਨੇ।


ਕਿਉਂਕਿ ਗੁਰਮੁਖ ਜਿਹੜਾ ਹੁੰਦਾ ਹੈ ਉਹਨੂੰ ਕਾਲ ਨਹੀਂ ਆਇਆ ਕਰਦਾ। ਗੁਰਮੁਖ ਹਮੇਸ਼ਾਂ ਆਪਣੀ ਮਰਜ਼ੀ ਨਾਲ ਜਾਂਦਾ ਹੈ –

***ਧਾਰਨਾ – ਆਵੈ ਜਾਏ ਨਿਸੰਗ***
***ਗੁਰਮੁਖ ਪਿਆਰਾ–ਗੁਰਮੁਖ ਪਿਆਰਾ।***

ਸੋ ਤਿੰਨੋ ਧਰਮ ਦੇ ਉਤੋਂ ਬਲੀਦਾਨ ਦੇ ਕੇ ਸਾਨੂੰ ਸਿੱਖਿਆ ਦੇ ਕੇ ਆਪ ਆਪਣੇ ਸੁਰ ਲੋਕ ਨੂੰ ਚਲੇ ਜਾਂਦੇ ਨੇ। ਅਮਰ ਲੋਕ ਦੇ ਅੰਦਰ।

ਸੋ ਇਹ ਵਾਰਤਾ ਜਿਸ ਵਕਤ ਮਾਹੀ ਸੁਣਾ ਰਿਹਾ ਹੈ, ਸੁਣਨ ਵਾਲੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਸਾਰੇ ਰੋ ਰਹੇ ਨੇ, ਰਾਏ ਕੱਲਾ ਵੀ ਤੇ ਹੋਰ ਜਿੰਨੇ ਵੀ ਬੈਠੇ ਸੀ। ਤੇ ਗੁਰੂ ਮਹਾਰਾਜ ਇਕ ਪਲੰਘ ਤੇ ਬੈਠੇ ਛੋਟੀ ਕਰਦ ਦੇ ਨਾਲ ਆਪ ਇਕ ਬੂਟੇ ਦੀ ਜੜ੍ਹ ਦੇ ਨਾਲ ਘੁੰਮਾਈ ਜਾਂਦੇ ਨੇ ਤੇ ਜਿਸ ਵਕਤ ਗੱਲ ਸੁਣਾ ਹਟਿਆ ਕਿ ਮੇਰੇ ਤੋਂ ਮਹਾਰਾਜ ਹੋਰ ਨਹੀਂ ਬੋਲਿਆ ਜਾਂਦਾ। ਜਿੰਨੇ ਪ੍ਰੇਮੀ ਬੈਠੇ ਨੇ ਸਾਰਿਆਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ। ਕੋਈ ਨਹੀਂ ਬੋਲਦਾ, ਗੁਰੂ ਮਹਾਰਾਜ ਆਪ ਆਪਣੇ ਧਿਆਨ ਵਿਚ ਨੇ, ਜਦੋਂ ਇਸ ਨੇ ਕਿਹਾ ਕਿ ਸੱਚੇ ਪਾਤਸ਼ਾਹ! ਉਸ ਤੋਂ ਬਾਅਦ ਮੋਹਰਾਂ ਵਿਛਾ ਕੇ ਥਾਂ ਲਿਆ ਗਿਆ ਤੇ ਉਥੇ ਸਸਕਾਰ ਕੀਤਾ ਗਿਆ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਦੂਜੇ ਪਾਸੇ ਹੈ ਤੇ ਮਾਤਾ ਗੁਜਰੀ ਜੀ ਦਾ ਸਸਕਾਰ ਦੂਸਰੇ ਪਾਸੇ ਹੈ ਤੇ ਐਉਂ ਲਗਦਾ ਹੈ ਕਿ ਉਹ ਹੁਣ ਵੀ ਉਨ੍ਹਾਂ ਦੀ ਰਾਖੀ ਕਰਨ ਵਾਸਤੇ ਦਰਵਾਜ਼ੇ ਦੇ ਅੱਗੇ ਹੁੰਦੇ ਨੇ।

ਸੋ ਐਨਾ ਜਦੋਂ ਬਚਨ ਹੋਇਆ ਮਹਾਰਾਜ ਜੀ ਨੇ ਉਹ



ਵੱਡੇ ਸਾਹਿਬਜਾਦੇ ਸਾਹਿਬ ਅਜੀਤ ਸਿੰਘ ਅਤੇ ਸਾਹਿਬਜਾਦਾ ਜੁਝਾਰ ਸਿੰਘ ਜੰਗ ਵਿਚ ਜੂਝਦੇ ਹੋਏ।

ਜਿਹੜਾ ਬੂਟਾ ਉਹਦੇ ਦੁਆਲੇ ਛੁਰੀ ਫੇਰਦੇ ਸੀ, ਕਰਦ ਫੇਰਦੇ ਉਹ ਉਪਰ ਨੂੰ ਪੁੱਟ ਲਿਆ। ਉਧਰੋਂ ਬਚਨ ਸਮਾਪਤ ਹੁੰਦਾ ਹੈ ਤੇ ਉਧਰੋਂ ਇਹ ਬੂਟਾ ਪੁੱਟਿਆ ਜਾਂਦਾ ਹੈ। ਉਸ ਵੇਲੇ ਐਸਾ ਫੁਰਮਾਨ ਹੋਇਆ –

***ਧਾਰਨਾ – ਹੱਥੀਂ ਆਪਣੇ ਉਖਾੜੀ ਜੜ੍ਹ ਪਾਪੀਆ,***
***ਕਰ ਲਿਆ ਨਾਸ਼ ਆਪਣਾ।***

ਮਹਾਰਾਜ ਕਹਿਣ ਲੱਗੇ ਪਿਆਰਿਓ! ਮੁਗਲ ਖਾਨਦਾਨ ਦੇ ਰਾਜ ਨੇ ਆਪਣਾ ਨਾਸ਼ ਕਰ ਲਿਆ। ਆਪਣੇ ਹੀ ਆਪਣੇ ਹੱਥਾਂ ਦੇ ਨਾਲ ਜੜ੍ਹ ਉਖੇੜ ਦਿਤੀ।

***ਸੁਨਿ ਕਰਿ ਸ਼੍ਰੀ ਗੁਰ ਬਾਕ ਬਖਾਨਾ।***
***'ਭਯੋ ਨਾਸ਼ ਅਬਿ ਸਭਿ ਤੁਰਕਾਨਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5957***

ਕਹਿੰਦੇ ਹਾਅ ਦਾ ਨਾਲ ਮਲੇਰੀਏ ਨੇ ਮਾਰਿਆ ਸੀ ਕਹਿੰਦੇ ਇਕ –

***ਇਕ ਮਲੇਰੀਅਨ ਕੀ ਜੜ੍ਹ ਰਹੈ।***
***ਅਪਰ ਤੁਰਕ ਸਭਿ ਹੀ ਜਰ ਦਹੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5957***



ਮਾਤਾ ਗੁਜਰੀ ਜੀ ਨਾਲ ਹਨ ਛੋਟੇ ਸਾਹਿਬਜਾਦੇ ਸਾਹਿਬ ਜੋਰਾਵਰ ਸਿੰਘ ਅਤੇ ਸਾਹਿਬਜਾਦੇ ਫਤਿਹ ਸਿੰਘ।

ਬਾਕੀ ਸਾਰਿਆਂ ਦੀ ਜੜ੍ਹ ਪੁੱਟੀ ਜਾਏਗੀ, ਨਾਮ ਨਿਸ਼ਾਨ ਨਹੀਂ ਰਹਿਣਾ, ਰਾਜ ਭਾਗ ਨਹੀਂ ਰਹਿਣਾ। ਇਹ ਪਾਪਾਂ ਦਾ ਫਲ ਸਦੀਆਂ ਤੱਕ ਭੋਗਣਗੇ ਤੇ ਮਲੇਰਕੋਟਲੀਆਂ ਦੀ ਜੜ੍ਹ ਜਿਹੜੀ ਹੈ ਉਹ ਸਦਾ ਹਰੀ ਰਹੇਗੀ ਕਿਉਂਕਿ ਉਨ੍ਹਾਂ ਨੇ ਸੂਰਮਿਆਂ ਵਾਲਾ ਕੰਮ ਕਰਿਆ, ਬਹਾਦਰਾਂ ਵਾਲਾ ਕੰਮ ਕਰਿਆ, ਭਾਵੇਂ ਸਾਡੇ ਨਾਲ ਲੜਦੇ ਨੇ, ਪਰ ਮਰਦਾਂ ਵਾਲਾ ਕੰਮ ਕਰਿਆ ਉਨ੍ਹਾਂ ਨੇ, ਗਿੱਧੀਆਂ ਵਾਲਾ ਕੰਮ ਨਹੀਂ ਕਰਿਆ। ਸੋ ਬਾਕੀ ਤੁਸੀਂ ਅਫਸੋਸ ਨਾ ਕਰੋ, ਉਨ੍ਹਾਂ ਦੀ ਤਾਂ ਮਹਿਮਾ ਗਾਓ।

***ਧਾਰਨਾ – ਵਾਹਵਾ-ਵਾਹਵਾ ਬਈ ਜਸ ਗਾਉ***
***ਸਾਰੀ ਦੁਨੀਆਂ।***
***ਐਸੀ ਕਰਨੀ ਕਰ ਗਏ ਪਿਆਰੇ,***
***ਜਸ ਗਾਉ ਸਾਰੀ ਦੁਨੀਆਂ***

ਕਹਿਣ ਲੱਗੇ, ਇਹ ਅਫਸੋਸ ਕਰਨ ਦਾ ਥਾਉਂ ਨਹੀਂ ਹੈ। ਖੁਸ਼ੀ ਹੋਣੀ ਚਾਹੀਦੀ ਹੈ ਕਿ ਬੱਚੇ ਛੋਟੇ-ਛੋਟੇ ਕਿੱਡਾ ਵੱਡਾ ਰਸਤਾ ਦਿਖਾ ਗਏ।

ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਕੀ ਸੋਚਦੇ ਹਾਂ ਅਸੀਂ। ਸਾਡੇ ਮਨ ਵਿਚ ਕੀ ਆਉਂਦਾ ਹੈ ਇਨ੍ਹਾਂ ਗੱਲਾਂ ਨੂੰ ਸੁਣ ਕੇ ਅਸੀਂ ਕਿੱਥੇ ਕੁ ਖੜ੍ਹੇ ਹਾਂ। ਧੰਨ ਨੇ ਦਸ਼ਮੇਸ਼ ਪਿਤਾ! ਸਾਰਾ ਹੀ ਪਰਿਵਾਰ ਵਾਰ ਦਿਤਾ। ਉਹ ਵੀ ਖੁਸ਼ੀ-ਖੁਸ਼ੀ। ਨਾਲ ਕਹਿ ਰਹੇ ਨੇ, ਹੇ ਪ੍ਰਭੂ! ਤੇਰੀ ਅਮਾਨਤ ਅਦਾ ਹੋ ਗਈ, ਆਪਣੀ ਅਦਾ ਨੂੰ ਸਾਂਭ। ਅਮਾਨਤ ਦੇਣ ਵੇਲੇ ਸਾਰੇ ਹੀ ਔਖੇ ਹੁੰਦੇ ਨੇ। ਕੋਈ ਬੰਦਾ ਨਹੀਂ ਜਿਹੜਾ ਅਮਾਨਤ ਲੈ ਕੇ ਦੁਬਾਰਾ ਮੋੜਨ ਵੇਲੇ ਖੁਸ਼ ਹੋ ਕੇ ਦੇਵੇ। ਜਦੋਂ ਅਮਾਨਤ ਮੋੜਨੀ ਪੈਂਦੀ ਹੈ ਔਖੀ ਹੈ ਫੇਰ ਮੋੜਨੀ।

***ਦਸ ਬਸਤੂ ਲੇ ਪਾਛੈ ਪਾਵੈ ॥***
***ਏਕ ਬਸਤੁ ਕਾਰਨਿ ਬਿਖੋਟਿ ਗਵਾਵੈ ॥***
***ਏਕ ਭੀ ਨ ਦੇਇ ਦਸ ਭੀ ਹਿਰਿ ਲੇਇ ॥***
***ਤਉ ਮੂੜਾ ਕਹੁ ਕਹਾ ਕਰੇਇ ॥***

***ਅੰਗ – ੨੬੮***

ਇਕ ਚੀਜ਼ ਵੀ ਪ੍ਰਮੇਸ਼ਰ ਦੀ ਵਾਪਸ ਨਹੀਂ ਕਰ ਦਿੰਦਾ। ਉਸੇ ਵੇਲੇ ਮੈਂ ਧਾਰ ਲੈਂਦਾ ਹੈ, ਮੇਰੀ ਬਣ ਜਾਂਦੀ ਹੈ। ਬਈ ਦਿੱਤੀ ਤਾਂ ਪ੍ਰਮੇਸ਼ਰ ਨੇ ਹੀ ਹੈ। ਇਹ ਤਾਂ ਗੁਰੂ ਮਹਾਰਾਜ ਜੀ ਹੀ ਸੀ ਜਿਨ੍ਹਾਂ ਨੇ ਆਪਣਾ ਆਪ ਸਾਰਾ ਹੀ ਵਾਰ ਦਿਤਾ।


ਦੇਸ਼ ਦੇ ਵਿਚ ਉਹ ਕਲਚਰ ਜਿਹੜੀ ਦੇ ਇਹ ਮਾਲਕ ਸੀ ਲਿਆਉਣ ਵਾਸਤੇ। ਜਿਹੜਾ ਭੂਤਕਾਲ ਸੀ ਉਹ ਬਹੁਤ ਹੀ ਸ਼ਾਨਦਾਰ ਸੀ, ਲੇਕਿਨ ਗੁਲਾਮੀ 'ਚ ਆ ਕੇ, ਪ੍ਰਮੇਸ਼ਰ ਨਾਲੋਂ ਟੁੱਟ ਕੇ ਬਹੁਤ ਧੁੰਧਲਾ ਹੋ ਚੁੱਕਿਆ ਸੀ। ਆਦਮੀ ਦਾ ਚਰਿੱਤਰ ਬਿਲਕੁਲ ਗਿਰ ਚੁੱਕਿਆ ਸੀ। ਉਸ ਵੇਲੇ ਲੋੜ ਸੀ ਕੁਰਬਾਨੀ ਦੇਣ ਦੀ। ਸੋ ਆਪ ਨੇ ਜੋ ਵੱਡੀ, ਸੁਪਰੀਮ ਕੁਰਬਾਨੀ ਦਿਤੀ ਹੈ ਸਾਧਸੰਗਤ ਜੀ! ਅਸੀਂ ਕੋਈ ਉਸ ਦੀ ਕਦਰ ਨਹੀਂ ਪਾ ਸਕੇ।

***ਧਾਰਨਾ - ਪਿਤਾ ਵਾਰਿਆ ਪੁੱਤਰ ਚਾਰੇ ਵਾਰੇ,***

***ਦੇਸਾ ਤੇਰੀ ਸ਼ਾਨ ਬਦਲੇ।***

ਉਸ ਦਾ ਸਦਕਾ ਅੱਜ ਸਾਰਾ ਭਾਰਤ ਵਰਸ਼ ਹੋਰ ਤਰ੍ਹਾਂ ਦੇ ਹਾਲਤ ਵਿਚ ਹੈ, ਮਹਿਸੂਸ ਕਰ ਰਿਹਾ ਹੈ ਕਿ ਅਸੀਂ ਆਜ਼ਾਦ ਹੋ ਗਏ। ਕੌਣ ਸੀ ਇਹਨੂੰ ਕਰਾਉਣ ਵਾਲਾ। ਜਿਹੜੀਆਂ ਬੁਨਿਆਦਾਂ ਹੁੰਦੀਆਂ ਨੇ। ਇਕ ਵਾਰੀ ਮੈਂ ਬੇਨਤੀ ਕਰਦਾ ਸੀ ਨਾਮਧਾਰੀ ਰਾਮ ਸਿੰਘ ਜੀ ਦਾ ਦਿਨ ਮਨਾ ਰਹੇ ਸੀ। ਮੈਂ ਕਿਹਾ ਆਜ਼ਾਦੀ ਦੇ ਜਿਹੜੇ ਬੁਨਿਆਦ ਵਿਚ ਪੱਥਰ ਨੇ, ਉਨ੍ਹਾਂ ਨੂੰ ਤਾਂ ਕੋਈ ਦੇਖਦਾ ਨਹੀਂ ਹੈ। ਕਿਸ ਤਰ੍ਹਾਂ ਦੇ ਨਾਲ ਮਲੇਰਕੋਟਲੇ ਦੇ ਅੰਦਰ ਤੋਪਾਂ ਦੇ ਨਾਲ ਉਡਾ ਦਿਤੇ ਗਏ। ਨਾ ਕੋਈ ਕਾਨੂੰਨ ਨਾ ਕੋਈ ਕੁਛ ਹੋਰ। ਕਾਹਦੇ ਵਾਸਤੇ ਇਹ ਸ਼ਹੀਦੀਆਂ ਦਿਤੀਆਂ। ਲੱਖਾਂ ਸਿਰਾਂ ਦੀਆਂ ਸ਼ਹੀਦੀਆਂ ਸਿੰਘਾਂ ਨੇ ਦਿਤੀਆਂ। ਫੇਰ ਵੀ ਦਿੱਤੀਆਂ। ਉਹਦੇ ਵਿਚ ਆਪਣੀ ਗਰਜ਼ ਕੋਈ ਨਹੀਂ। ਜਿਹੜਾ ਸ਼ਹੀਦ ਹੁੰਦਾ ਹੈ ਉਹ ਤਾਂ ਤੁਰ ਜਾਂਦਾ ਹੈ, ਉਹਦਾ ਫਲ ਤਾਂ ਦੂਜੇ ਖਾਂਦੇ ਨੇ। ਉਹਨੇ ਤਾਂ ਨਾ ਇਥੇ ਮੁੜ ਕੇ ਆਉਣਾ, ਨਾ ਉਹਦੀ ਕੋਈ ਵਾਕਫੀ, ਪਤਾ ਨਹੀਂ ਕਿੱਥੇ ਦਾ ਕਿੱਥੇ ਜਾਵੇ। ਸੋ ਦੂਸਰਿਆਂ ਨੂੰ ਸੁਖ ਦੇਣ ਵਾਸਤੇ ਸੁਪਰੀਮ ਕੁਰਬਾਨੀ ਹੈ ਸਾਧਸੰਗਤ ਜੀ! ਜਿਹੜਾ ਸੱਚ ਦੀ ਬੇਦੀ ਦੇ ਉਤੇ ਕੁਰਬਾਨ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਕਥਾਵਾਂ ਨਿਆਰੀਆਂ ਨੇ। ਜਿਹੜੇ ਪ੍ਰਮੇਸ਼ਰ ਨੂੰ ਭਾਅ ਜਾਂਦੇ ਨੇ-

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ***
***ਤਿਨ ਕੀ ਕਥਾ ਨਿਰਾਰੀ ਰੇ।***
***ਹਰਿ ਕੇ ਸੇਵਕ ਜੋ ਹਰਿ ਭਾਏ***



ਛੋਟੇ ਸਾਹਿਬਜਾਦਿਆਂ ਨੂੰ ਨੀਹਾਂ ਵਿਚ ਚਿਣਨ ਸਮੇਂ ਦਾ ਇਕ ਦ੍ਰਿਸ਼।

***ਤਿਨ੍ ਕੀ ਕਥਾ ਨਿਰਾਰੀ ਰੇ ॥***
***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਉਹ ਤਾਂ ਅੱਜ ਵੀ ਅੱਖਾਂ ਦੇ ਸਾਮ੍ਹਣੇ ਓਵੇਂ ਜਿਵੇਂ ਨੇ। ਮਰਦਾਂ ਕੌਣ ਹੈ ਜੋ ਪ੍ਰਮੇਸ਼ਰ ਤੋਂ ਭੁੱਲਿਆ ਹੁੰਦਾ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ ਉਹ ਸਦਾ ਜੀਉਂਦੇ ਨੇ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥***

***ਅੰਗ - ੨੭੩***

ਮੌਤ ਹੋਇਆ ਕਰਦੀ ਹੈ ਗੁਨਹਗਾਰ ਬੰਦਿਆਂ ਵਾਸਤੇ। ਜਿਨ੍ਹਾਂ ਨੇ ਅਮਰ ਅਵਸਥਾ ਪ੍ਰਾਪਤ ਕਰ ਲਈ ਉਹ ਨਹੀਂ ਮਰਿਆ ਕਰਦੇ।

***ਆਵਹਿ ਨ ਜਾਹਿ ਨ ਕਬਹੂ ਮਰਤੇ***
***ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫***

ਸੋ ਇਸ ਤਰ੍ਹਾਂ ਦੇ ਨਾਲ ਸੁਰਤ ਜਿਹਦੀ ਜਾਗ ਪੈਂਦੀ ਹੈ, ਉਹਦੀ ਕਥਾ ਨਿਆਰੀ ਹੋਇਆ ਕਰਦੀ ਹੈ। ਕਿਉਂਕਿ ਉਹ ego ਤੋਂ ਉਪਰ ਲੰਘ ਜਾਂਦਾ ਹੈ। ਦੇਹ ਅਧਿਆਸ ਤੋਂ ਉਪਰ ਲੰਘ ਜਾਂਦਾ ਹੈ। ਗੱਲਾਂ ਨਾਲ ਤਾਂ ਸਾਰੇ ਹੀ ਲੰਘਦੇ

ਨੇ ਪਰ ਜੋ ਆਪਾਂ ਬਚਨ ਸੁਣੇ ਨੇ ਛੋਟੀ ਉਮਰ ਦੀ ਕੁਰਬਾਨੀ ਸੁਣੀ ਹੈ ਆਪਾਂ, ਸਾਡੇ ਉਤੇ ਅਸਰ ਚਾਹੀਦੀ ਹੈ। ਸਾਡਾ ਕੀ ਹਾਲ ਹੈ, ਅਸੀਂ ਤਾਂ ਕੁਛ ਵੀ ਨਹੀਂ ਹਾਂ। ਬਹੁਤ ਗਲਤ ਹਾਂ। ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ॥ ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ॥***

***ਅੰਗ – ੮੫***

ਭੇਖ ਸਾਡੇ ਕੋਲ ਬਹੁਤ ਵੱਡਾ ਹੈ, ਗੱਲਾਂ-ਬਾਤਾਂ ’ਚ ਅਸੀਂ ਪੂਰੇ ਬਣੇ ਹੋਏ ਹਾਂ ਤੇ ਰੀਸਾਂ ਵੀ ਉਨ੍ਹਾਂ ਦੀਆਂ ਕਰਦੀਆਂ ਹਾਂ ‘ਜੋ ਸੇਵੈ ਨਿਤ ਖੜੀਆਹ’। ਜੋ ਸੇਵਾ ਕਰਦੀਆਂ ਨੇ। ਹਰ ਵਕਤ ਪ੍ਰਭੂ ਦਾ ਨਾਮ ਜਪਦੇ ਨੇ ਅਸੀਂ ਉਨ੍ਹਾਂ ਦੀਆਂ ਰੀਸਾਂ ਕਰਦੇ ਹਾਂ। ਸਾਡਾ ਅਸਲੀ ਹਾਲ ਕੀ ਹੈ, ਅਸੀਂ ਅੰਮ੍ਰਿਤ ਛਕ ਲੈਂਦੇ ਕਹੇ ਕਹਾਏ ਤੇ। ਧੱਕੇ ਨਾਲ ਅੰਮ੍ਰਿਤ ਛਕਾਉਂਦੇ ਹਾਂ ਤਦ ਕਰਕੇ ਐਹੋ ਜਿਹੜੀਆਂ ਗੱਲਾਂ, ਡਰਾਉਣੀਆਂ ਜਿਹੀਆਂ ਗੱਲਾਂ। ਗੱਲ ਨਹੀਂ ਸਮਝਾਉਂਦੇ ਕਿ ਅੰਮ੍ਰਿਤ ਕਿਉਂ ਛਕਿਆ ਜਾਂਦਾ ਹੈ। ਇਹਦੇ ਵਿਚ ਕੀ ਹੁੰਦਾ ਹੈ, ਨਾ ਛਕੋ ਤਾਂ ਕੀ ਹੁੰਦਾ ਹੈ। ਗੱਲ ਨਹੀਂ ਅਸੀਂ ਸਮਝਾਉਂਦੇ। ਇਹਦੇ ਨਾਲ ਹੁੰਦਾ ਕੀ ਹੈ, ਉਥੋਂ ਆਉਂਦੇ ਨੇ, ਦੋ ਕੁ ਦਿਨ ਰਹਿੰਦਾ ਹੈ ਸਿੰਘਾਂ ਨਾਲ ਮੁੜ ਕੇ ਪੁਰਾਣੀ ਆਦਤ ਫੇਰ ਜਾਗਦੀ ਹੈ ਫੇਰ ਪਹਿਲਾਂ ਸ਼ਰਾਬ ਲੈ ਕੇ ਚੋਰੀ ਪੀਣ ਲਗ ਜਾਂਦਾ ਹੈ, ਫੇਰ ਜਦੋਂ ਦੇਖਦਾ ਹੈ ਕਿ ਕਿਸੇ ਨੇ ਨਹੀਂ ਟੋਕਿਆ ਫੇਰ ਬਾਹਰ ਪੀਣ ਲਗ ਜਾਂਦਾ ਹੈ। ਕ੍ਰਿਪਾਨ ਲਾਹ ਕੇ ਪਰ੍ਹੇ ਰੱਖ ਦਿੰਦਾ ਹੈ, ਕਹਿੰਦਾ ਹੈ ਇਹਦੀ



**ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਸਮੇਂ ਦਾ ਇਕ ਦ੍ਰਿਸ਼।**

ਤਾਂ ਲੋੜ ਹੀ ਨਹੀਂ ਸਾਨੂੰ, ਆਹ ਪਿਆਰੀ ਹੈ, ਇਹਨੇ ਲੱਭਣਾ ਹੈ ਫੇਰ ਕਦੇ ਮੁੜਕੇ।

ਆਹ ਇਕ ਇਥੇ ਸਾਡੇ ਜਦੋਂ ਕੋਠੀ ਬਣਾਉਂਦੇ ਸੀ, ਉਹ ਰੇੜ੍ਹੇ ਦੇ ਉਤੇ ਸਮਾਨ ਲੈ ਕੇ ਆਉਂਦਾ ਸੀ, ਸਾਡੇ ਦੀਵਾਨ ਲਗਦੇ ਸੀ ਮਟੌਰ ਤੇ ਅੰਮ੍ਰਿਤ ਛਕਣ ਦਾ ਦਿਨ ਆ ਗਿਆ ਤੇ ਇਥੇ ਜਿਹੜੇ ਸਾਡੇ ਰਾਜ ਮਿਸਤਰੀ ਵਗੈਰਾ ਸੀ, ਮਜ਼ਦੂਰ ਸੀ, ਜਿਹੜਾ ਆਉਂਦਾ ਸੀ, ਸਾਰੇ ਹੀ ਅੰਮ੍ਰਿਤ ਛਕ ਲੈਂਦੇ ਸੀ। ਉਹ ਇਕੱਠੇ ਹੋ ਕੇ ਉਹਨੂੰ ਕਹਿਣ ਲੱਗੇ ਕਿ ਤੂੰ ਵੀ ਛੱਕ ਲੈ। ਤੂੰ ਤਾਂ ਆਹ ਕੋਠੀ ਵਿਚ ਸਮਾਨ ਲੈ ਕੇ ਆਉਂਦਾ ਹੈਂ। ਉਹ ਕਹਿੰਦਾ, ਤੁਹਾਨੂੰ ਇਕ ਗੱਲ ਦੱਸਾਂ, ਤੂਸੀਂ ਤਾਂ ਸਾਰੇ ਹੀ ਕਮਲੇ ਹੋਂ। ਮੈਂ ਵੀ ਖੜ੍ਹਾ ਸੀ, ਮੈਂ ਦੇਖਣ ਲੱਗ ਗਿਆ ਕਿ ਇਹ ਕੀ ਕਹਿੰਦਾ ਹੈ। ਕਹਿੰਦਾ –

***ਹੁੱਕਾ ਹਜ਼ਾਮਤ ਦਹੀਂ, ਔਰ ਜਨਮ ਮੇਂ ਨਹੀਂ।***

ਉਹਦੀ ਥਿਉਰੀ ਸੁਣ ਲਓ। ਕਹਿੰਦਾ ਤਿੰਨ ਚੀਜ਼ਾਂ ਡੰਗਰਾਂ ਨੂੰ ਤਾਂ ਹੈ ਹੀ ਨਹੀਂ ਰੱਖੀਆਂ ਹੋਈਆਂ। ਉਹਨੇ ਹੁੱਕਾ ਪੀ ਲੈਣਾ ਹੈ ਕਿਤੇ, ਹਜ਼ਾਮਤ ਕਰਾ ਲੈਣੀ ਹੈ, ਕਹਿੰਦਾ ਹੋਰ ਜਨਮ ’ਚ ਨਹੀਂ। ਦੀਵਾਨ ਰੋਜ਼ ਸੁਣਨ ਜਾਇਆ ਕਰੇ। ਉਹ ਜਦੋਂ ਚੌਥੇ ਕੁ ਦਿਨ ਇਥੇ ਮੇਰੇ ਕੋਲ ਆ ਗਿਆ। ਕਹਿੰਦਾ ਜੀ, ਕਕਾਰ ਕਿੱਥੋਂ ਮਿਲਦੇ ਨੇ। ਮੈਂ ਕਿਹਾ ਉਥੇ ਹੀ ਮਿਲ ਜਾਂਦੇ ਨੇ। ਮੈਂ ਕਿਹਾ ਕੀ ਗੱਲ?

ਕਹਿੰਦਾ, ਮੈਂ, ਮੇਰੀ ਘਰਵਾਲੀ, ਮੇਰੀਆਂ ਕੁੜੀਆਂ, ਮੇਰੇ ਮੁੰਡੇ ਅਸੀਂ ਤਾਂ ਹੁਣ ਅੰਮ੍ਰਿਤ ਹੀ ਛਕਣਾ ਹੈ। ਮੈਂ ਕਿਹਾ, ਹੁੱਕਾ ਹਜ਼ਾਮਤ ਕਿੱਧਰ ਗਿਆ। ਕਹਿੰਦਾ, ਉਹ ਤਾਂ ਅਸੀਂ ਭੁੱਲੇ ਹੀ ਪਏ ਸੀ, ਆਹ ਤੁਹਾਡੇ ਵਾਲੀਆਂ ਗੱਲਾਂ ਮੇਰੇ ਮਨ ’ਚ ਬਹਿ ਗਈਆਂ। ਸੋ ਗੱਲ ਸਮਝਾਉਣੀ ਚਾਹੀਦੀ ਹੈ ਕਿ

ਅੰਮ੍ਰਿਤ ਕਿਉਂ ਛਕਾਉਂਦੇ ਹਾਂ। ਉਥੇ ਹੀ ਨਹੀਂ ਬੱਸ ਚਾਹੀਦੀ। ਕਿਉਂਕਿ ਅੰਮ੍ਰਿਤ ਤਾਂ ਛਕ ਲਿਆ, serious thought ਦਿਓ ਜਿੰਨੇ ਸਤਿਸੰਗ 'ਚ ਆਉਂਦੇ ਹਾਂ। ਬਾਕੀਆਂ ਨੂੰ ਤਾਂ ਮੈਂ ਦੱਸ ਨਹੀਂ ਸਕਦਾ। ਉਹ ਇਹ ਹੈ ਕਿ ਅੰਮ੍ਰਿਤ ਛਕਣਾ ਗੁਰੂ ਧਾਰਨਾ ਹੁੰਦਾ ਹੈ। ਗੁਰੂ ਘਰ ਦੀ ਰੀਤ ਦੇ ਮੁਤਾਬਿਕ, ਸਿੰਘਾਂ ਵਾਸਤੇ। ਸਹਿਜਧਾਰੀਆਂ ਦਾ ਆਪਣਾ ਅਸੂਲ ਹੈ। ਮਹਾਰਾਜ ਨੇ ਕਿਹਾ, ਇਹ ਇਕ ਵਿੰਗ ਹੈ ਸਹਿਜਧਾਰੀਆਂ ਦਾ। ਇਹ ਹੌਲੀ-ਹੌਲੀ ਇਧਰ ਆ ਜਾਣਗੇ, ਜ਼ੋਰ ਨਾ ਪਾਓ ਇਨ੍ਹਾਂ ਨੂੰ ਉਲ੍ਹਾਮੇ ਨਾ ਦਿਓ। ਇਹ ਵੀ ਓਨੇ ਹੀ ਪਿਆਰੇ ਨੇ ਜਿੰਨੇ ਦੂਜੇ ਨੇ। ਹੁਣ ਇਹਦੇ ਵਿਚ ਪੰਜ ਪਿਆਰੇ ਨਾਮ ਦਿੰਦੇ ਨੇ, ਫੇਰ ਸਾਨੂੰ ਨਾਮ ਲੈਣ ਵਾਸਤੇ ਹੋਰ ਭਟਕਣਾ ਨਹੀਂ ਪੈਂਦਾ। ਜਾਣਾ ਨਹੀਂ ਪੈਂਦਾ ਕਿ ਉਥੋਂ ਨਾਮ ਲਿਆਈਐ, ਉਥੋਂ ਲਈਏ। ਇਹ ਫੇਰ ਸਾਨੂੰ ਦੱਸਦੇ ਨੇ ਕਿ ਗੁਰੂ ਗ੍ਰੰਥ ਸਾਹਿਬ ਗੁਰ ਨੇ ਤੁਹਾਡੇ ਅੱਜ ਤੋਂ। ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਕੋਲ ਆਉਂਦੇ ਹਾਂ, ਗੁਰੂ ਗ੍ਰੰਥ ਸਾਹਿਬ ਕਹਿੰਦੇ ਦੇਖੋ ਪਿਆਰਿਓ! ਜੇ ਤੁਸੀਂ ਮੇਰੇ ਤੋਂ ਕੁਛ ਲੈਣਾ ਹੈ ਨਾ ਤਾਂ ਮੇਰੀ ਆਗਿਆ ਨੂੰ ਸਤਿ ਕਰਕੇ ਮੰਨਣਾ ਤਾਂ ਮੇਰਾ ਲੇਖੇ 'ਚ ਪੈ ਜਾਏਗਾ, ਤੁਹਾਡਾ ਗਾਣਾ, ਸੁਣਨਾ, ਪੜ੍ਹਨਾ।

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ - ੬੬੯*

ਉਹ ਇਹ ਕਹਿੰਦੇ ਨੇ ਕਿ ਤੁਸੀਂ, ਮੈਂ ਤੁਹਾਨੂੰ ਮਿਸਾਲ ਦਿੰਦਾ ਹਾਂ ਕਿ -

*ਗੁਰਸਿਖਾਂ ਕੀ ਹਰਿ ਧੂੜਿ ਦੇਹਿ*
*ਹਮ ਪਾਪੀ ਭੀ ਗਤਿ ਪਾਂਹਿ ॥ ਅੰਗ- ੧੪੨੪*



ਮਾਤਾ ਗੁਜਰੀ ਜੀ ਆਪਣਾ ਪੰਜ ਭੂਤਕ ਚੋਲਾ ਤਿਆਗ ਕੇ
ਮਹਾਂ ਸਮਾਧੀ ਵਿਚ ਲੀਨ ਹੁੰਦੇ ਹੋਏ।

ਗੁਰਸਿੱਖਾਂ ਦੀ, ਜਿਹੜੇ ਗੁਰਸਿੱਖ ਨੇ ਸਹੀ ਮਾਇਅਨਿਆਂ 'ਚ ਉਹਦੀ ਧੂੜ ਨੂੰ ਲੋਚਦੇ ਹਾਂ, ਸਾਨੂੰ ਦੱਸਦੇ ਨੇ ਕਿ ਤੁਸੀਂ ਆਹ ਬਿਰਤੀ ਧਾਰਨ ਕਰੋ ਜਿਹੜੀ ਅਸੀਂ ਤੁਹਾਨੂੰ ਦੱਸਦੇ ਹਾਂ। ਦੂਸਰੀ ਕਹਿੰਦੇ ਨੇ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*

*ਅੰਗ - ੩੦੬*

ਇਹਦਾ ਮਤਲਬ ਇਹ ਹੋ ਗਿਆ ਕਿ ਸਾਡੇ ਵਿਚ ਕੋਈ ਕਮਿਊਨਟੀ, ਕੋਈ ਵਰਗ ਐਸਾ ਹੈ ਜਿਹਦੀ ਧੂੜ ਗੁਰੂ ਨਾਨਕ ਸਾਹਿਬ ਵੀ ਮੰਗਦੇ ਨੇ, ਗੁਰੂਆਂ ਨੇ ਵੀ ਕਹਿ ਦਿਤਾ ਸੀ ਕਿ ਅਸੀਂ ਧੂੜ ਮੰਗਦੇ ਹਾਂ ਤੇ ਉਨ੍ਹਾਂ ਦੀ ਮੰਗਦੇ ਹਾਂ ਜਿਹੜੇ ਆਪ ਨਾਮ ਜਪਦੇ ਨੇ, ਦੂਸਰਿਆਂ ਨੂੰ ਜਪਾਉਂਦੇ ਨੇ।

*ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥*
*ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥*

*ਅੰਗ - ੧੩੭੩*

ਉਨ੍ਹਾਂ ਦੀ ਸੰਗਤ ਦੇ ਵਿਚ ਜਿਹੜੇ ਬੰਦਗੀ ਕਰਦੇ ਨੇ, ਉਨ੍ਹਾਂ ਦੀ ਸੰਗਤ 'ਚ ਬੈਠਦੇ ਸਾਰ ਪ੍ਰਮੇਸ਼ਰ ਦਾ ਨਾਮ ਚਿੱਤ ਆ ਜਾਂਦਾ ਹੈ।

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*

*ਅੰਗ - ੫੨੦*

ਹੁਣ ਜਦੋਂ ਗੁਰੂ ਦੀ ਆਗਿਆ ਅਸੀਂ ਮੰਨਦੇ ਹਾਂ ਤਾਂ ਉਹ ਇਹ ਕਹਿੰਦੇ ਨੇ ਕਿ ਜਿਹੜੇ ਬੰਦਗੀ ਕਰਨ ਵਾਲੇ ਗੁਰਸਿੱਖੀ ਵਿਚ ਨੇ, ਤੁਹਾਡੇ ਵਰਗ ਵਿਚ ਨੇ। ਦੂਸਰਿਆਂ

ਦਾ ਏਸ ਕਰਕੇ ਨਹੀਂ ਕਿਉਂਕਿ ਰਹੁ-ਰੀਤਾਂ ਦਾ ਫਰਕ ਪੈ ਜਾਂਦਾ ਹੈ -

***ਆਸਾ ਈਸ਼ਟ ਉਪਾਸਨਾ ਖੀਨ ਪੀਨ ਪਹਿਰਾਨ***

ਛੇ ਗੱਲਾਂ ਜਿੱਥੇ ਮਿਲਦੀਆਂ ਹੋਣ ਉਥੇ ਸਾਂਝ ਪੈ ਜਾਂਦੀ ਹੈ। ਸਾਡੀ ਰਹਿਤ ਇਕ ਹੋਣ ਕਰਕੇ, ਸਾਡੀ ਸਾਂਝ ਕੁਦਰਤੀ ਪੈ ਜਾਂਦੀ ਹੈ। ਉਹ ਪੈਣ ਦੇ ਨਾਲ ਕਹਿੰਦੇ ਉਨ੍ਹਾਂ ਦੇ ਕੋਲ ਜਾਹ ਜਿਨ੍ਹਾਂ ਨੂੰ ਪ੍ਰਮੇਸ਼ਰ ਨਹੀਂ ਵਿਸਰਦਾ। ਜਿਨ੍ਹਾਂ ਦੇ ਗਿਆਨ ਦੇ ਚਕਸ਼ੂ ਖੁਲ੍ਹ ਗਏ ਨੇ, ਜਿਨ੍ਹਾਂ ਨੂੰ ਦਿਬਜ ਦ੍ਰਿਸ਼ਟ ਪ੍ਰਗਟ ਹੋ ਗਈ ਹੈ। ਉਨ੍ਹਾਂ ਦੀ ਬੋਲ ਚਾਲ, ਗੱਲ ਬਾਤ ਸੋਚਣੀ ਸਾਰੀ ਬ੍ਰਹਮ ਨੇਸ਼ਟੀ, ਬ੍ਰਹਮ ਬਕਤਾ, ਬ੍ਰਹਮ ਸ੍ਰੋਤਰੀ ਹੋ ਜਾਂਦੀ ਹੈ। ਪ੍ਰਮੇਸ਼ਰ ਤੋਂ ਬਿਨਾਂ ਹੋਰ ਗੱਲ ਨਹੀਂ ਕਰਦੇ। ਉਹਦੇ ਅੰਦਰ ਜੋਤ ਜਗਦੀ ਹੁੰਦੀ ਹੈ -

***ਪੂਰਨ ਜੋਤ ਜਗੈ ਘਟ ਮੈ***
***ਤਬ ਖ਼ਾਲਸ ਤਾਹਿ ਨਖ਼ਾਲਸ ਜਾਨੈ॥***

ਉਹ ਖਾਲਸਾ ਕਹਿ ਲਓ, ਮਹਾਰਾਜ ਕਹਿੰਦੇ -

***ਜਿਨਾ ਸਾਸਿ ਗਿਰਾਸਿ ਨ ਵਿਸਰੈ***
***ਹਰਿ ਨਾਮਾਂ ਮਨਿ ਮੰਤੁ ॥***
***ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥***

***ਅੰਗ - ੩੧੯***

ਫੇਰ ਭੁਲੇਖਆ ਕੱਢਦੇ ਨੇ ਕਿ ਉਨ੍ਹਾਂ ਦਾ ਦਰਜਾ ਕਿੱਡਾ ਕੁ ਹੈ, ਮਹਾਰਾਜ ਕਹਿੰਦੇ -

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***

***ਅੰਗ - ੩੯੭***

ਜਿਨ੍ਹਾਂ ਨੂੰ 24 ਘੰਟੇ ਨਾਮ ਨਹੀਂ ਵਿਸਰਦਾ, ਅਗਿਆਨ ਜਿਨ੍ਹਾਂ ਦੇ ਉਤੇ ਛਾਉਂਦਾ ਨਹੀਂ, ਮਾਇਆ ਅਸਰ ਨਹੀਂ ਕਰਦੀ। ਉਹ ਕਿਹੋ ਜਿਹੇ ਨੇ।

***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***

***ਅੰਗ - ੩੯੭***

ਉਹ ਰੱਬ ਵਰਗੇ ਹੀ ਹੋਇਆ ਕਰਦੇ ਨੇ -

***ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

ਗੁਰੂ ਗ੍ਰੰਥ ਸਾਹਿਬ ਇਹ ਕਹਿੰਦੇ ਨੇ ਕਿ ਗੁਰਮੁਖਾਂ ਦੀ ਸੰਗਤ 'ਚ ਜਾਓ ਜਦੋਂ ਗੋਰਖਨਾਥ ਨੇ ਗੁਰੂ ਮਹਾਰਾਜ ਨਾਲ ਸਿੱਧ ਗੋਸ਼ਟ ਕੀਤੀ, ਉਸ ਵੇਲੇ ਉਹਨੇ ਕਿਹਾ ਕਿ ਤੁਹਾਡੇ ਸਿੱਖ ਤੁਸੀਂ ਤਾਂ ਚਲੇ ਜਾਣਾ ਹੈ। ਫੇਰ ਇਹ ਪਾਰ ਕਿਵੇਂ ਲੰਘਣਗੇ। ਮਹਾਰਾਜ ਕਹਿੰਦੇ, ਗੁਰਮੁਖ ਵਰਗ ਪੈਦਾ ਹੋਏਗਾ ਸਾਡੇ ਵਿਚ। Realise soul ਹੋਣਗੀਆਂ। ਉਹ ਲੰਘਾਦੇਣਗੀਆਂ। ਸਹਾਇਤਾ ਕਰਨਗੇ ਗੁਰਸਿੱਖਾਂ ਦੀ ਗੁਰਸਿੱਖ। ਸੋ ਉਨ੍ਹਾਂ ਦੀ ਸੰਗਤ ਤੋਂ ਬਗੈਰ ਰਸਤਾ ਨਹੀਂ ਲੱਭਦਾ। ਲੰਘ ਨਹੀਂ ਸਕਦੇ, ਸੋ ਇਹ ਸਾਨੂੰ ਅਵੱਸ਼ ਕਰਨਾ ਪੈਣਾ ਹੈ ਜਿੰਨੀ ਦੇਰ ਅਸੀਂ ਨਹੀਂ ਕਰਦੇ, ਅਸੀਂ ਭਟਕੇ ਫਿਰੀ ਜਾਂਦੇ ਹਾਂ। ਸਾਨੂੰ ਨਹੀਂ ਪਤਾ ਲਗਦਾ, ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, ਗੁਰੂ ਦਾ ਹੁਕਮ ਨਹੀਂ ਮੰਨਦੇ, ਉਹ ਹੁਕਮ ਦਿੰਦੇ ਨੇ ਕਿ ਉਨ੍ਹਾਂ ਦੀ ਸੰਗਤ ਵਿਚ ਜਾਹ।



**ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮਾਹੀ ਤੋਂ ਸਾਰੀ ਵਿਥਿਆ ਸੁਣਨ ਉਪਰੰਤ ਮੁਗਲਾਂ ਦੀ ਜੜ੍ਹ ਪੁਟ ਦੇ ਹੋਏ।**

***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ - ੨੬੬***

ਜਿਹਦੇ ਪਿਆਸ ਲੱਗੀ ਹੋਈ ਹੈ, ਮਹਾਰਾਜ ਕਹਿੰਦੇ ਬਲਿਹਾਰ-ਬਲਿਹਾਰ। ਦੂਸਰਿਆਂ ਨਾਲੋਂ ਉਪਰ ਹੀ ਹੋਏ ਨਾ

ਫੇਰ ਉਹ। ਗੁਰਬਾਣੀ ਪੜ੍ਹ ਲਓ ਇਕ ਪਾਸਿਓਂ ਲੱਗ ਜਾਓ ਉਹਦੇ ਵਿਚ ਬੰਦਗੀ ਕਰਨ ਵਾਲਿਆਂ ਦੀ ਮਹਿਮਾ ਆਏਗੀ, ਬੰਦਗੀ ਕਰਨ ਵਾਲਿਆਂ ਦੀ ਜਦੋਂ ਤੁਸੀਂ ਸੰਗਤ ਕਰੋਂਗੇ, ਆਪਾਂ ਕਰਾਂਗੇ, ਉਸ ਵੇਲੇ ਸਾਡੇ ਚਿੱਤ ਦੇ ਵਿਚ ਉਨ੍ਹਾਂ ਦਾ ਅਸਰ ਪਏਗਾ, ਉਨ੍ਹਾਂ ਦੀ ਸੰਗਤ ਦਾ ਜਿਹੜਾ ਓਰਾ ਹੈ, ਉਹਦਾ ਅਸਰ ਪਵੇਗਾ। ਉਹਦੀ ਮਦਦ ਦੇ ਨਾਲ ਅਸੀਂ ਨਾਮ ਜਪ ਸਕਦੇ ਹਾਂ। ਸੋ ਇਹ ਸਿੱਧਾ ਜਿਹਾ ਰਸਤਾ ਗੁਰੂ ਮਹਾਰਾਜ ਨੇ ਦੱਸਿਆ ਹੈ, ਸੰਗਤ ਏਸੇ ਕਰਕੇ ਕਰੀ ਹੈ, ਚਾਰ ਦਰਵਾਜ਼ੇ ਨੇ ਪ੍ਰਮੇਸ਼ਰ ਦੇ। ਪਹਿਲਾ ਦਰਵਾਜ਼ਾ ਹੈ ਸੰਗਤ। ਦੂਸਰਾ ਦਰਵਾਜ਼ਾ ਹੋਇਆ ਕਰਦਾ ਹੈ ਸੰਤੋਖ। ਤੀਸਰਾ ਦਰਵਾਜ਼ਾ ਹੈ ਸਮ, ਚੌਥਆ ਹੈ ਵੀਚਾਰ। ਉਹਦੇ ਦਰ ਤੇ ਪਹੁੰਚਣ ਵਾਸਤੇ ਚਾਰ ਦਰਵਾਜ਼ਿਆਂ ਵਿਚੋਂ ਸਾਨੂੰ ਲੰਘਣਾ ਹੀ ਪੈਣਾ ਹੈ। ਸੰਗਤ ਕੈਸੀ ਹੈ -



**ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ**

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥*** ***ਅੰਗ - ੭੨***

ਜਿਥੇ ਨਾਮ ਦੇ ਬਚਨ ਚੱਲਣ ਉਥੇ ਸੰਗਤ ਹੋਇਆ ਕਰਦੀ ਹੈ। ਜਾਂ ਨਾਮ ਜਪਣ ਵਾਲਿਆਂ ਦੇ, ਬੰਦਗੀ ਕਰਨ ਵਾਲਿਆਂ ਦੇ ਜੀਵਨ ਦੀ ਵਿਚਾਰ ਹੋਵੇ ਸੋ ਇਸ ਤਰ੍ਹਾਂ ਦੇ ਨਾਲ ਸਤਿਸੰਗ ਕਰਕੇ ਆਹ ਜਿਹੜਾ ਥੋੜ੍ਹਾ ਜਿਹਾ ਸਮਾਂ ਸਾਨੂੰ ਪ੍ਰਾਪਤ ਹੈ। ਆਹ ਪ੍ਰਮੇਸ਼ਰ ਅੰਦਰ ਰਹਿੰਦਾ ਹੈ ਦੂਰ ਨਹੀਂ ਹੈਗਾ। ਨੇੜੇ ਜਿਹੇ ਹੈ ਬਹੁਤਾ ਦੂਰ ਨਹੀਂ ਹੈ। ਜਿਥੇ ਮੈਂ ਮੁੱਕਦੀ ਹੈ ਉਸ ਤੋਂ ਅੱਗੇ ਪ੍ਰਮੇਸ਼ਰ ਸ਼ੁਰੂ ਹੋ ਜਾਂਦਾ ਹੈ। ਜਿਥੇ ਹਉਮੈ ਦਾ ਮੰਡਲ ਖਤਮ ਹੁੰਦਾ ਹੈ ਉਥੋਂ ਉਪਰ ਆਤਮਕ ਮੰਡਲ ਸ਼ੁਰੂ ਹੋ ਜਾਂਦਾ ਹੈ। ਬਹੁਤਾ ਦੂਰ ਨਹੀਂ ਹੈ, ਭੁਲੇਖਾ ਇਹਦੇ ਵਿਚ ਕੋਈ ਨਹੀਂ ਹੈ। ਅੱਗੇ ਪ੍ਰਮੇਸ਼ਰ ਦਿਆਲੂ ਹੈ, ਦਰਵਾਜ਼ਾ ਖੜਕਾਓ, ਦਰਵਾਜ਼ਾ ਖੋਲ੍ਹ ਦਿੰਦਾ ਹੈ। ਸੋ ਉਹਦੇ ਵਾਸਤੇ ਅਸੀਂ ਯਤਨ ਕਰਨਾ ਹੈ, ਪੰਜ ਬਾਣੀਆਂ ਅਸੀਂ ਪੜ੍ਹਦੇ ਹਾਂ। ਇਹ elemantry things ਨੇ, ਪੰਜ ਬਾਣੀਆਂ ਪੜ੍ਹ ਕੇ ਜਿਵੇਂ ਘਰ ਵਿਚ ਝਾੜੂ ਦੇਈਦਾ ਹੈ, ਝਾੜੂ ਦੇ ਦਿਤਾ। ਖੇਤ ਵਾਹੀਦਾ ਹੈ ਖੇਤ ਵਾਹ ਲਿਆ, ਨਦੀਨ ਪੁੱਟ ਦਿਤਾ, ਉਹਦੇ ਵਿਚ ਬੀਜ ਵੀ ਪਾਉਣਾ ਹੈ, ਬੀਜ ਜਿਹੜਾ ਮੰਤਰ ਦਿਤਾ ਹੈ ਵਾਹਿਗੁਰੂ ਮੰਤਰ ਉਹਦਾ ਜਾਪ ਕਰਨਾ, ਉਹਦਾ ਜਾਪ ਕਰਕੇ ਸੁਰਤ ਨੇ ਅੰਦਰ ਚੜ੍ਹਨਾ ਹੈ। ਚੜ੍ਹਾਈ ਕਰਨੀ ਹੈ, ਅੰਦਰ ਹੀ ਅੰਦਰ ਜਾਣਾ ਹੈ, ਜਿਥੇ ਗੁਰੂ ਮਹਾਰਾਜ ਇਸ਼ਾਰਾ ਕਰਦੇ ਨੇ -

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ ੧ ॥***
***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ***
***ਜਾਣੈ ਗੁਰ ਸਬਦੀ ਖੋਲਾਇਦਾ ॥*** ***ਅੰਗ - ੧੦੩੩***

ਇਹਦੇ ਵਿਚ ਬੇਅੰਤ ਚੀਜ਼ਾਂ ਪਈਆਂ ਨੇ, ਤੁਸੀਂ ਧਿਆਨ

ਦੇ ਕੇ ਦੇਖੋ, ਕਿਸੇ ਨੇ ਦੱਸ ਸਾਲ ਪਹਿਲਾਂ ਅੰਬ ਚੂਪਿਆ ਹੋਵੇ, ਦੱਸ ਸਾਲ ਬਾਅਦ ਉਹਨੂੰ ਫੇਰ ਮਿਲੇ, ਉਹ ਇਕ ਦਮ ਪਛਾਣ ਜਾਏਗਾ ਕਿ ਇਹ ਅੰਬ ਹੈ। ਇਥੇ ਤੱਕ ਕਹਿ ਦਿੰਦਾ ਹੈ ਕਿ ਇਹ ਲੰਗੜਾ ਬਨਾਰਸੀ ਹੈ। ਇਹ ਦੁਸਹਿਰੀ ਹੈ, ਉਸੇ ਵੇਲੇ ਪਤਾ ਲਗ ਜਾਂਦਾ ਹੈ। ਕਿਉਂਕਿ ਉਹ ਅੰਦਰ ਸਾਂਭ ਕੇ ਰੱਖੀ ਪਈ ਹੈ ਚੀਜ਼। ਬੇਅੰਤ ਸ਼ਕਲਾਂ ਅਸੀਂ ਬਚਪਨ ਤੋਂ ਦੇਖਦੇ ਆਏ ਹਾਂ ਸਾਰੀਆਂ ਅੰਦਰ ਪਈਆਂ ਨੇ। ਸਾਰਿਆਂ ਦੇ ਸੁਭਾਅ ਅੰਦਰ ਪਏ ਨੇ, ਜਿਨ੍ਹਾਂ ਨੇ ਸਾਡੇ ਨਾਲ ਦੁਰਵਿਹਾਰ ਕਰਿਆ ਹੈ ਉਹ ਵੀ ਅੰਦਰ ਹੀ ਬੈਠੇ ਨੇ। ਉਨ੍ਹਾਂ ਦਾ ਧਿਆਨ ਆਉਂਦੇ ਸਾਰ ਹਿਲਜੁਲ ਅੰਦਰ ਸ਼ੁਰੂ ਹੋ ਜਾਂਦੀ ਹੈ। ਕਹਿੰਦੇ, ਐਨੀ ਚੀਜ਼ ਹੈ ਅੰਦਰ ਦੱਸੀ ਨਹੀਂ ਜਾਂਦੀ। ਦੱਸ ਸਾਲ ਪਹਿਲਾਂ ਤੁਸੀਂ ਕਿਸੇ ਦੀ ਆਵਾਜ਼ ਸੁਣੀ ਹੈ, ਦੱਸ ਸਾਲ ਬਾਅਦ ਫੇਰ ਉਹ ਬੋਲਦਾ ਹੈ। ਉਸੇ ਵੇਲੇ ਪਤਾ ਲੱਗ ਜਾਏਗਾ ਕਿ ਫਲਾਣਾ ਬੋਲ ਰਿਹਾ ਹੈ। ਉਹ ਕਿੱਥੇ ਪਈ ਹੈ ਅੰਦਰ ਸਾਰੇ। ਕਿਸ ਤਰ੍ਹਾਂ ਦੇ ਨਾਲ ਦਿਮਾਗ ਕੰਮ ਕਰਦਾ ਹੈ। ਉਹ ਕਹਿੰਦੇ ਇਸੇ ਤਰ੍ਹਾਂ ਦੇ ਨਾਲ ਬਹੁਤ ਕੀਮਤੀ ਚੀਜ਼ਾਂ ਅੰਦਰ ਪਈਆਂ ਨੇ।

***ਆਪੇ ਲੇਵੈ ਵਸਤੁ ਸਮਾਲੇ ॥***
***ਅੰਗ - ੧੦੦੩***

ਉਹ ਜਿਹੜੀਆਂ ਚੀਜ਼ਾਂ ਨੇ ਸੰਭਾਲ ਕੇ ਰੱਖੀਆਂ ਹੋਈਆਂ ਨੇ।

***ਬਜਰ ਕਪਾਟ ਜੜੇ ਜੜਿ***
***ਜਾਣੈ ਗੁਰ ਸਬਦੀ ਖੋਲਾਇਦਾ***
***॥ ਅੰਗ - ੧੦੦੩***

ਉਨ੍ਹਾਂ ਨੂੰ ਸੰਭਾਲਣ ਵਾਸਤੇ, ਰੱਖਣ ਵਾਸਤੇ ਵਾਸਤੇ ਬਜਰ ਕਪਾਟ ਬੰਦ ਨੇ ਕਿ ਐਰਾ ਗੈਰਾ ਨਾ ਇਥੇ ਆ ਕੇ ਲੁੱਟ ਲਏ, ਐਰੇ ਗੈਰੇ ਕਿਹੜੇ ਨੇ? –

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

ਉਹ ਨਾਮ ਧਨ ਨੂੰ ਲੁੱਟ ਰਹੇ ਨੇ। ਮਨਮੁਖ ਨੂੰ ਪਤਾ ਨਹੀਂ ਲਗਦਾ। ਗੁਰੂ ਤੋਂ ਬਗੈਰ ਹੋਰ ਉਥੇ ਕੋਈ ਪੁਕਾਰ ਨਹੀਂ ਸੁਣਦਾ।

ਹੁਣ ਚਾਬੀ ਲੱਗ ਗਈ ਨੰਬਰਾਂ ਦੀ। ਮੇਰਾ ਇਕ ਅਟੈਚੀ ਹੈ ਉਹਨੂੰ ਲੱਗੇ ਹੋਏ ਨੇ ਨੰਬਰ। ਮੈਂ ਅੱਜ ਭੁੱਲ ਗਿਆ, ਮੈਨੂੰ ਯਾਦ ਹੀ ਨਾ ਆਵੇ ਕਿ ਇਹ ਖੁਲ੍ਹਣਾ ਕਿਵੇਂ ਹੈ। ਕਿਉਂਕਿ ਚਾਰ-ਪੰਜ ਸਾਲ ਤੋਂ ਦੇਖਿਆ ਹੀ ਨਹੀਂ ਸੀ। ਫੇਰ ਮੇਰੇ ਮਨ ਵਿਚ ਆਇਆ ਕਿ ਮੈਂ ਸੋਚ ਕੇ ਚਾਬੀ ਲਾਈ ਸੀ ਇਹਦੀ, ਉਹ ਚਾਬੀ ਕੀ ਸੀ, 781 ਨੰਬਰ ਉਹਦੀ ਚਾਬੀ ਸੀ। ਜਦੋਂ! ਮੈਂ 781 ਕਰਿਆ ਉਹ ਉਦੋਂ ਹੀ ਖੁਲ੍ਹ ਗਿਆ। ਐਸੇ ਤਰ੍ਹਾਂ ਦੇ ਨਾਲ ਸਾਡੇ ਬਜਰ ਕਪਾਟਾਂ ਦੀ ਚਾਬੀ ਵਾਹਿਗੁਰੂ ਮੰਤਰ ਹੈ, ਇਹ ਵਾਹਿਗੁਰੂ ਮੰਤਰ ਦੇ ਨਾਲ 'ਗੁਰ ਸਬਦੀ ਖੋਲਾਇੰਦਾ'। ਉਹਦੇ ਨਾਲ ਇਹ ਖੁਲ੍ਹ ਜਾਣਾ ਹੈ।



ਪਰਮ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥ਅੰਗ - ੧੦੩੩***

ਜਦੋਂ ਅਸੀਂ ਇਹਦੇ ਕੋਰਟ ਦੇ ਵਿਚ ਦਾਖਲ ਹੋ ਜਾਂਦੇ ਹਾਂ, ਕਿਲ੍ਹੇ 'ਚ। ਕਹਿੰਦੇ ਗੁਫਾ ਹੈ ਇਹ ਅੰਦਰ। ਗੁਫਾ ਦੇ ਵਿਚ ਨਾਮ ਦੇ ਬਲ ਨਾਲ, ਨਾਮ ਦੀ ਰੋਸ਼ਨੀ ਨਾਲ ਅਸੀਂ ਅੰਦਰ ਦਾਖਲ ਹੋ ਜਾਂਦੇ ਹਾਂ। ਉਥੇ ਜਿਹੜੇ ਨੌਵੇਂ ਹੀ ਘਰ ਨੇ ਇਹ ਥਾਪੇ ਜਾਂਦੇ ਨੇ। ਠਾਕ ਦਿਤੇ ਜਾਂਦੇ ਨੇ, ਹੁਕਮ ਤੇ ਰਜ਼ਾ ਵਿਚ ਠਾਕਦੇ ਨੇ। ਫੇਰ ਅੱਖਾਂ ਮਾੜਾ ਨਹੀਂ ਦੇਖਦੀਆਂ, ਕੰਨ ਮਾੜੀ ਗੱਲ ਨਹੀਂ ਸੁਣਦੇ –

***ਦਸਵੈ ਪੁਰਖੁ ਅਲੇਖੁ ਅਪਾਰੀ***
***ਆਪੇ ਅਲਖੁ ਲਖਾਇਦਾ ॥***
***ਅੰਗ - ੧੦੩੩***

ਦਸਵੇਂ ਦੇ ਵਿਚ ਜਦੋਂ ਅਸੀਂ ਪਹੁੰਚਦੇ ਹਾਂ ਉਥੇ ਪ੍ਰਮੇਸ਼ਰ ਆਪ ਹੈ, ਉਹ ਤਾਂ ਉਡੀਕ ਰਿਹਾ ਹੈ ਕਿ ਕਿਹੜੇ ਵੇਲੇ ਇਹ

ਭਟਕਿਆ ਹੋਇਆ ਜੀਵ ਆਵੇ ਤੇ ਕਿਹੜੇ ਵੇਲੇ ਉਹਨੂੰ ਮੈਂ ਆਪਣੇ ਨਾਲ ਮਿਲਾਵਾਂ। ਸੋ ਉਹ ਗੁਰੂ ਕੋਲ ਚਾਬੀ ਹੈ, ਚਾਬੀ ਲੈ ਕੇ ਅੰਮ੍ਰਿਤ ਛਕ ਕੇ, ਇਥੇ ਹੀ ਰਹਿ ਜਾਣਾ, ਮੈਂ ਜੀ ਪੰਜ ਬਾਣੀਆਂ ਪੜ੍ਹਦਾ ਹਾਂ, ਮੈਂ ਸੱਤ ਪੜ੍ਹਦਾ ਹਾਂ, ਮੈਂ ਦੱਸ ਪੜ੍ਹਦਾ ਹਾਂ, ਬਾਣੀ ਦਾ ਆਪਣਾ ਥਾਉਂ ਹੈ, ਨਾਮ ਦਾ ਆਪਣਾ ਥਾਉਂ ਹੈ, ਇਹ ਅਭਿਆਸ ਕਰਨਾ ਪੈਂਦਾ ਹੈ, ਅੰਦਰ ਜਾਣਾ ਪੈਂਦਾ ਹੈ, ਅਭਿਆਸ ਕਰੋ। ਅੰਦਰਲੀ ਖੋਜ ਕਰੋ -

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪*

ਜਿੰਨਾਂ ਚਿਰ ਆਪਾ ਨਹੀਂ ਚੀਨਦੇ, ਪੰਜਾਂ ਭਰਮਾਂ ਦਾ ਨਾਸ਼ ਨਹੀਂ ਹੋਣਾ। ਪੰਜੇ ਭਰਮ ਪ੍ਰਤੱਖ ਰੂਪ ਵਿਚ ਜਦੋਂ ਜੋਤ ਦਿਸਦੀ ਹੈ ਤਾਂ ਨਾਸ਼ ਹੁੰਦਾ ਹੈ, ਨਹੀਂ ਤਾਂ ਹੁੰਦਾ ਨਹੀਂ ਹੈ। ਸੋ ਇਹ ਐਨਾ ਕੁ ਕੰਮ ਹੈ ਆਪਣੇ ਜ਼ੁੰਮੇ ਜੇ ਗੁਰਸਿੱਖੀ ਧਾਰਨ ਕਰੀ ਹੈ, ਸਤਿਸੰਗ 'ਚ ਆਉਂਦੇ ਹੋਂ ਤਾਂ ਪੜ੍ਹਾਈ ਕਰੋ ਭਾਈ। ਮਿਹਨਤ ਕਰੋ। ਮਿਹਨਤ ਕਰਨ ਤੇ ਦਰ ਖੁਲ੍ਹ ਜਾਣਾ ਹੈ, ਜਦੋਂ ਖੁਲ੍ਹ ਗਿਆ, ਅੱਖ ਨਾਲ ਦੀ ਨਾਲ ਦਿਬਯ ਦ੍ਰਿਸ਼ਟ ਖੁਲ੍ਹ ਜਾਣੀ ਹੈ, ਆਹੀ ਸੰਸਾਰ ਮੁੜ ਕੇ ਪ੍ਰਮੇਸ਼ਰ ਦਾ ਰੂਪ ਬਣ ਜਾਣਾ ਹੈ। ਨਾ ਮੈਂ ਰਹਿਣਾ ਹੈ, ਨਾ ਕਿਸੇ ਹੋਰ ਨੇ ਰਹਿਣਾ ਹੈ, ਇਥੇ ਇਕੋ ਹੀ ਪ੍ਰਮੇਸ਼ਰ ਆਪਣਾ ਆਪ ਕਰ ਰਿਹਾ ਹੈ -

ਏਕ ਮੂਰਤ ਅਨੇਕ ਦਰਸਨ ਕੀਨ ਰੂਪ ਅਨੇਕ ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ

*ਬਾਜੀਗਰਿ ਜੈਸੇ ਬਾਜੀ ਪਾਈ ॥*
*ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥*
*ਤਬ ਏਕੋ ਏਕੰਕਾਰਾ ॥ ੧ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥*
*ਕਤਹਿ ਗਇਓ ਉਹੁ ਕਤ ਤੇ ਆਇਓ ॥*
*ਅੰਗ - ੭੩੬*

ਐਸੇ ਵਾਕ ਮਹਾਰਾਜ ਦੇ ਇਨ੍ਹਾਂ ਨੂੰ ਵਿਚਾਰੋ, ਵੀਚਾਰ ਕੇ ਕਮਾਈ ਕਰੋ। ਫੇਰ ਅਸੀਂ ਚੜ੍ਹਾਈ ਕਰਾਂਗੇ, ਅੰਦਰ ਦਾਖਲ ਹੋ ਜਾਵਾਂਗੇ, ਜਿਸ ਕੰਮ ਨੂੰ ਆਏ ਹਾਂ।

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਉਹ ਮਿਲ ਜਾਣਾ ਹੈ ਅੰਦਰੋਂ ਹੀ, ਟੋਲ੍ਹਦਿਆਂ ਨੂੰ, ਐਸੀ ਗੱਲ ਨਹੀਂ ਹੈ, ਜਿੰਨਾ ਦ੍ਰਿੜ੍ਹ ਇਰਾਦਾ ਹੈ ਓਨੀਂ ਪ੍ਰਾਪਤੀ ਛੇਤੀ ਹੁੰਦੀ ਹੈ, ਜਿੰਨਾ ਸਿਥਲ ਇਰਾਦਾ ਹੈ, ਦੱਸ ਜਨਮ ਵੀ ਲੱਗ ਸਕਦੇ ਨੇ, ਸੌ ਵੀ ਲੱਗ ਸਕਦੇ ਨੇ। ਐਸਾ ਵੀ ਸੁਣਨ ਵਿਚ ਆਇਆ ਹੈ ਕਿ ਸੌ-ਸੌ ਜਨਮ ਭਗਤੀ ਕਰਨ ਤੋਂ ਬਾਅਦ ਪ੍ਰਾਪਤ ਹੁੰਦਾ ਹੈ। ਐਸਾ ਵੀ ਆਇਆ ਹੈ ਕਿ ਇਕੋ ਜਨਮ 'ਚ ਪ੍ਰਾਪਤੀ ਹੋ ਗਈ। ਸੋ ਸਮਰੱਥ ਗੁਰੂ ਹੋਵੇ, ਕਹਿੰਦੇ ਜੇ ਗੁਰੂ ਸਮਰੱਥ ਹੈ ਸਾਡੇ ਵਿਚ ਵਿਸ਼ਵਾਸ਼ ਨਹੀਂ ਹੈ ਕਹਿੰਦੇ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ*
*ਜਿਉ ਬਾਂਸੁ ਬਜਾਈਐ ਫੂਕ ॥ ਅੰਗ - ੧੩੭੨*

ਗੁਰੂ ਤਾਂ ਕਹਿੰਦਾ ਹੈ ਕਿ ਤੈਨੂੰ ਮੈਂ ਅਮਰ ਕਰ ਦੇਣਾ ਹੈ। ਤੈਨੂੰ ਐਸੀ ਅਵਸਥਾ 'ਚ ਪਹੁੰਚਾ ਦੇਣਾ ਹੈ ਜਿਥੇ ਸਾਰੀਆਂ ਲੋੜਾਂ ਤੇਰੀਆਂ ਆਪੇ ਪੂਰੀਆਂ ਹੋਣ।

*ਨਵ ਨਿਧੀ ਅਠਾਰਹ ਸਿਧੀ*
*ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥*
*ਅੰਗ - ੬੪੯*

ਫੇਰ ਗੁਰੂ ਕੀ ਕਰੇ ਗੁਰੂ ਤਾਂ ਸਭ ਕੁਛ ਦੇਣ ਨੂੰ ਤਿਆਰ ਹੈ, ਰਾਜਾ ਮਿਲ ਗਿਆ, ਰਾਜਾ ਕਹਿੰਦਾ ਕਿ ਤਖਤ ਤੇ ਬਿਠਾ ਦਿਓ। ਰਾਜਾ ਕਹਿੰਦਾ, ਮੰਗ ਕੀ ਮੰਗਦਾ ਹੈਂ। ਅੰਦਰੋਂ ਇਰਾਦਾ ਹੈ ਕਿ ਮੈਂ ਇਹਨੂੰ ਤਖਤ ਦੇ ਦੇਵਾਂ। ਇਹ ਕਹਿੰਦਾ ਕਿ ਜੀ ਮੇਰੀ ਮੱਝਾਂ ਭੁੱਖੀਆਂ ਨੇ ਇਕ ਤੂੜੀ ਦੀ ਪੰਡ ਮੈਨੂੰ ਦੇ ਦਿਓ। ਕਿੱਡੀ ਵੱਡੀ ਗੱਲ ਹੋਈ, ਕਉਡੀ ਮੰਗਦਾ ਹੈ।

ਸੋ ਮੰਗਣਾ ਕਿਸੇ-ਕਿਸੇ ਨੂੰ ਆਉਂਦਾ ਹੈ।

*ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥*
*ਅੰਗ - ੯੫੮*

(*******)


## ਮਹਾਂਪੁਰਖਾਂ ਦੀ ਛੇਵੀਂ ਬਰਸੀ ਤੇ

### ਰੀਲੀਜ ਹੋਈਆਂ ਪੁਸਤਕਾਂ ਦੀ ਸੂਚੀ

1. **'ਸੇਵਾ ਸਿਮਰਨ ਜੁਗਤੀਆਂ'** 160/-
2. **'ਮਾਨੁੱਖ ਤਨ ਦਾ ਪ੍ਰਯੋਜਨ'** 150/-
3. **'ਯੋਗਾ ਉਪਰ ਲੈਕਚਰ',** 30/-
4. **'ਕਰਮ ਬੰਧਨ ਤੋਂ ਮੁਕਤੀ'** :- 30/-
5. **Divine Word Contemplation Path'**, (ਸੁਰਤਿ ਸ਼ਬਦ ਮਾਰਗ) **150/-**

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਾਲੀਮ

ਕੁਛ ਦਿਨ ਮੋਤੀ ਚੂਰ ਦੇ ਡਾਕ ਬੰਗਲੇ ਸੰਤਾਂ ਦਾ ਨਿਵਾਸ ਰਿਹਾ ਤੇ ਸੋਹਣੀ ਵਾਰਤਾਲਾਪ ਹੁੰਦੀ ਰਹੀ ਕਿ ਇਕ ਦਿਨ ਜੰਗਲਾਤ ਦੇ ਅਫਸਰ ਮਿਸਟਰ ਰੀਗੋ ਫੇਰ ਆ ਗਏ। ਇਨ੍ਹਾਂ ਨੇ ਆਖਿਆ ਕਿ ਚਲੋ ਕੁਛ ਦਿਨ ਲਛਮਣ ਝੂਲੇ ਦੇ ਡਾਕ ਬੰਗਲੇ ਚੱਲ ਰਹੀਏ ਤੇ ਗੰਗਾ ਦੇ ਵਗਦੇ ਨੀਲੇ ਨੀਲੇ ਪਰਵਾਹ ਦਾ ਦਰਸ਼ਨ ਵੇਖੀਏ ਜੋ ਨਜ਼ਾਰਾ ਬੀ ਮਨਮੋਹਣਾ ਹੈ ਤੇ ਸਾਂਈਂ ਦੀ ਕੁਦਰਤ ਦੀ ਵਿਸ਼ਾਲਤਾ ਦਾ ਇਕ ਦੀਦਾਰ ਹੈ। ਮੈਂ ਵੀ ਕੁਛ ਦਿਨਾਂ ਦੀ ਛੁੱਟੀ ਆਂਦੀ ਹੈ ਤੇ ਓਥੇ ਏਕਾਂਤ ਦੇ ਨਾਲ ਆਪ ਸਾਹਿਬਾਂ ਦੇ ਬਚਨ ਬਿਲਾਸ ਦਾ ਸਤਿਸੰਗ ਪ੍ਰਾਪਤ ਹੋਵੇਗਾ।

ਗੱਲ ਕੀ ਇਸ ਤਰ੍ਹਾਂ ਦੀ ਸਰਸਰੀ ਵੀਚਾਰ ਮਗਰੋਂ ਮੋਟਰ ਤੇ ਚੜ੍ਹ ਕੇ ਟੁਰ ਪਏ ਤੇ ਰਿਖੀਕੇਸ਼ ਹੁੰਦੇ ਹੋਏ ਲਛਮਣ ਝੂਲੇ ਪਹੁੰਚ ਪਏ। ਮੋਟਰ ਦਾ ਟਿਕਾਣਾ ਤਾਂ ਉਰਾਰ ਕੀਤਾ ਤੇ ਆਪ ਉਸ ਪੁਲ ਉਪਰੋਂ ਜਿਸਨੂੰ ਝੂਲਾ ਆਖਦੇ ਹਨ, ਗੰਗਾ ਦੇ ਸਹਿਜੇ ਸਹਿਜੇ ਵਗਦੇ ਪਰ ਅਡੋਲ ਦਿਸਦੇ ਪੇਹਨ ਤੋਂ ਪਾਰ ਹੋ ਗਏ। ਕਦੇ ਏਥੇ ਰੱਸਿਆਂ ਦਾ ਪੁਲ ਹੁੰਦਾ ਸੀ, ਜੋ ਉਤੋਂ ਤੁਰ ਕੇ ਲੰਘਦਿਆਂ ਬਹੁਤ ਝੂਲਦਾ ਸੀ, ਜਿਸ ਕਰਕੇ ਝੂਲਾ ਆਖਦੇ ਹਨ। ਹੁਣ ਲੋਹੇ ਦਾ ਪੁਲ ਹੈ, ਪਰ ਚੌੜਾ ਛੋਟਾ ਹੈ ਤੇ ਦੁਵੱਲੀ ਥੰਮ੍ਹਿਆਂ ਨਾਲ ਕੱਸਿਆ ਹੈ। ਵਿਚਾਲੇ ਕੋਈ ਕੋਠੀ, ਥੰਮ੍ਹਾ, ਆਸਰਾ ਨਹੀਂ ਹੈ। ਲਛਮਣ ਨਾਉਂ ਲੋਕੀ ਦੱਸਦੇ ਹਨ ਕਿ ਤਾਂ ਪਿਆ ਹੈ ਜੋ ਕਦੇ ਏਥੇ ਸ੍ਰੀ ਰਾਮ ਚੰਦਰ ਜੀ ਦੇ ਛੋਟੇ ਭਰਾਤਾ ਲਛਮਨ ਜੀ ਆ ਕੇ ਰਹੇ ਸਨ, ਉਨ੍ਹਾਂ ਨੂੰ ਸਰੀਰ ਦੇ ਸਨੇ ਸਨੇ ਖੈ ਹੁੰਦੇ ਜਾਣ ਦੀ ਖੇਚਲ ਹੋ ਗਈ ਸੀ ਤੇ ਵੈਦਾਂ ਨੇ ਇਹ ਨਿਰਮਲ ਪੌਣ ਤੇ ਸੂਛ ਜਲ ਦਾ ਕਿਨਾਰਾ ਰਾਜ਼ੀ ਹੋ ਜਾਣ ਲਈ ਚੁਣ ਕੇ ਰਹਿਣ ਲਈ ਦੱਸਿਆ ਸੀ ਤੇ ਆਪ ਜੀ ਇਥੇ ਰਹੇ ਸਨ। ਯਾ ਇਉਂ ਹੋਵੇ ਕਿ ਝੂਲੇ ਦੀ ਸ਼ਕਲ ਦਾ ਪੁਲ ਪਹਿਲੇ ਪਹਿਲੇ ਇਥੇ ਬਣਾਉਣ ਦੀ ਵਿਉਂਤ ਸ੍ਰੀ ਲਛਮਣ ਜੀ ਨੇ ਹੀ ਵਿਉਂਤੀ ਹੋਵੇ, ਇਸ ਕਰਕੇ ਉਨ੍ਹਾਂ ਦੇ ਨਾਮ ਤੇ ਇਹ ਤਾਂ ਹੁਣ ਤਾਂਈ ਵਜਦਾ ਹੈ। ਲਛਮਣ ਝੂਲੇ ਤੋਂ ਪਾਰ ਥੋੜ੍ਹੀ ਵਿੱਥ ਤੇ ਪਹਾੜ ਹੈ ਜਿਸ ਦੀ ਵੱਖੀ ਵਿਚ ਅਜਬ ਨਜ਼ਾਰੇ ਦੇ ਦਰਸ਼ਨ ਕਰਾਉਣ ਵਾਲਾ ਡਾਕ ਬੰਗਲਾ ਹੈ। ਕੁਛ ਚੜ੍ਹਾਈ ਚੜ੍ਹ ਕੇ ਇਸ ਦੇ ਬਰਾਂਡੇ ਵਿਚੋਂ ਨਦੀ ਦਾ ਝਾਕਾ ਤੇ ਦੁਆਲੇ ਦਾ ਨਜ਼ਾਰਾ ਇਕ ਵੇਰ ਤਾਂ ਸਹਜ ਸੁਆਂ ਦੇ ਅਰੂਪ ਰੂਪ ਨੂੰ ਰੂਪਵਾਨ ਕਰ ਦਿਖਾਲਦਾ ਹੈ। ਡੇਰਾ ਤਾਂ ਇਸ ਰਮਣੀਕ ਟਿਕਾਣੇ ਰਿਹਾ ਪਰ ਸਵੇਰੇ ਸ਼ਾਮਾਂ ਨੂੰ ਉਤਰ ਰੁਖ ਨੂੰ ਨਦੀ ਦੇ ਕਿਨਾਰੇ ਕਿਨਾਰੇ, ਕਦੇ ਪਗਡੰਡੀਆਂ ਦੇ ਰਸਤੇ ਹੇਠਲੇ ਪਾਸੇ, ਕਦੇ ਉਰਾਰ ਆ ਕੇ ਹੇਠਾਂ ਉਪਰ ਸੈਰ ਨੂੰ ਨਿਕਲ ਜਾਂਦੇ ਤੇ ਕਦੇ ਕਿਤੇ ਬਨ ਵਿਚ ਬੈਠ ਜਾਂਦੇ। ਕਦੇ ਰੋਟੀ ਪਾਣੀ ਦਾ ਪ੍ਰਬੰਧ ਦੂਰ ਬਨ ਵਿਚ ਹੁੰਦਾ ਤੇ ਓਥੇ ਜਾ ਠਹਿਰਦੇ ਤੇ ਦਿਨ ਗੁਜ਼ਾਰ ਆਉਂਦੇ ਜਿੱਥੇ ਕਈ ਸੁਆਦਲੀਆਂ ਗੱਲਾਂਬਾਤਾਂ ਹੁੰਦੀਆਂ।

ਇਕ ਦਿਨ ਪੈਦਲ ਸੈਰ ਕਰਦੇ ਨਦੀ ਦੇ ਉਤਰ ਰੁਖ ਕੁਛ ਦੂਰ ਨਿਕਲ ਗਏ। ਬੇਰੀਆਂ ਜਿਹੀਆਂ ਦਾ ਛਾਂ ਦਾਰ ਟਿਕਾਣਾ ਸੀ, ਨਦੀ ਦਾ ਕਿਨਾਰਾ ਸੀ, ਏਥੇ ਹੀ ਅਸਤਾ ਗਏ ਜੋ ਕੁਛ ਆਰਾਮ ਕਰੀਏ। ਥੋੜ੍ਹੀ ਦੇਰ ਬਾਅਦ ਦੇਖਦੇ ਹਨ ਕਿ ਇਕ ਸਾਧੂ ਆ ਨਿਕਲਿਆ, ਜੋ ਸੰਨਿਆਸੀ ਜਾਪਦਾ ਸੀ ਪਰ ਨੈਣਾਂ ਵਿਚ ਜਲ ਸੀ ਜੋ ਔੜ ਸਮੇਂ ਦੇ ਆਏ ਬੱਦਲ ਵਾਂਗੂੰ ਕਿਸੇ ਕਿਸੇ ਵੇਲੇ ਕਣੀ ਡੇਗਦਾ ਸੀ। ਸੰਤ ਵੇਖ ਕੇ ਹੱਸੇ ਤੇ ਆਖਣ ਲੱਗੇ ਸਾਧ ਰਾਮ! ਤੇਰਾ ਕੌਣ ਮਰ ਗਿਆ ਹੈ ਕਿ ਤੂੰ ਰੋਂਦਾ ਹੈਂ? ਸਾਰੇ ਸਾਕ ਸੈਨ ਹਿਤੂ ਪਿਆਰੇ ਛੱਡ ਕੇ ਜਦ ਭੇਖ ਲਿਆ ਸੀ ਤਾਂ ਤੂੰ ਸਾਰਿਆਂ ਨੂੰ ਮੋਏ ਤੁੱਲ ਸਮਝ ਕੇ ਹੀ ਘਰੋਂ ਨਿਕਲਿਆ ਸੈਂ, ਯਾ ਤੂੰ ਆਪਣੇ ਆਪ ਨੂੰ ਮਰ ਗਿਆ ਵਾਂਗੂੰ ਸਮਝ ਕੇ ਸਭਨਾਂ ਨੂੰ ਛੱਡ ਕੇ ਨਿਕਲਿਆ ਸੈਂ, ਪਰ ਅੱਜ ਕਿਸ ਦੇ ਵਿਯੋਗ ਵਿਚ ਰੋਂਦਾ ਹੈਂ?

ਸਾਧੂ ਨੇ ਲੰਮਾ ਸਾਹ ਲੈ ਕੇ ਕਿਹਾ – ਨਿਜ ਨੂੰ ਨਹੀਂ ਰੋਂਦਾ ਪਰ ਨੂੰ ਰੋਂਦਾ ਹਾਂ।

ਸੰਤ – ਆਪਾ ਪਰਕਾ ਅਜੇ ਹੈ?

ਸਾਧੂ – ਠੀਕ ਕਿਹਾ ਨੇ, ਪਰ ਮੈਂ ਜਿਸਨੂੰ ਪਰਕਾ ਕਹਿ ਰਿਹਾ ਹਾਂ ਉਹ ਨਿਜ ਕਾ ਬੀ ਹੈ। ਮਾਇਆ ਜਾਣਦੇ ਹੋ ਅਨਰਵਚਨੀਯ ਹੈ, ਇਸ ਦਾ ਪਾਰਾਵਾਰ ਕੌਣ ਪਾਏ? ਕਦੋਂ ਆ ਘੇਰਦੀ ਹੈ ਤੇ ਕਿਵੇਂ, ਕੌਣ ਜਾਣੇ?

ਸੰਤ – ਕੀਹ ਗੱਲ ਹੋਈ ਹੈ ਨਵੀਂ ਅਨਰਵਚਨੀ ਦੀ? (ਮੁਸਕਰਾ ਕੇ) ਕਹੋ ਤਾਂ ਸਹੀ?

ਸਾਧੂ – ਮੈਂ ਤੇ ਇਕ ਹੋਰ ਸਾਧੂ ਏਥੋਂ ਬਹੁਤ ਦੂਰ ਇਕ ਗਹਬਰ ਟਿਕਾਣੇ ਤਪ ਕਰ ਰਹੇ ਸਾਂ। ਉਨ੍ਹਾਂ ਦਾ ਤਿਆਗ ਵੈਰਾਗ ਇੰਨੀ ਅਤਿਸ਼ਯਤਾ ਦਾ ਸੀ ਕਿ ਮੈਂ ਤਾਂ ਉਨ੍ਹਾਂ ਨੂੰ ਗੁਰਦੇਵ ਮੰਨਣ ਲਗ ਪਿਆ ਸਾਂ। ਪਹਿਲੇ ਅਸੀਂ ਵਸਤੀ ਤੋਂ ਦੋ ਇਕ ਕੋਹ ਤੇ ਟਿਕਿਆ ਕਰਦੇ ਸਾਂ। ਉਨ੍ਹਾਂ ਦਾ ਤਿਆਗ ਹੋਰ ਦੂਰ ਹੋਰ ਦੂਰ ਲੈ ਗਿਆ, ਜਿਥੇ ਅੰਨ ਬੀ ਨਹੀਂ ਸੀ ਪ੍ਰਾਪਤ ਹੁੰਦਾ। ਬਨ ਵਿਚ ਇਕ ਕੰਦ ਤਰੜ ਨਾਮੇ ਹੁੰਦਾ ਹੈ ਜਿਸਨੂੰ ਰਤਾਲੂ ਬੀ ਆਖਦੇ ਹਨ, ਤੁਸੀਂ ਜਾਣਦੇ ਹੀ ਹੋ, ਇਹੋ ਜ਼ਿਮੀਂ ਵਿਚੋਂ ਕੱਢ ਕੇ ਭੁੰਨ ਕੇ ਖਾ ਲੈਂਦੇ ਸਾਂ। ਇਕ ਦਿਨ ਕਿਤੇ ਭੁੱਲ ਨਾਲ ਇਕ ਸੂਰਨ (ਜ਼ਿਮੀਂਕੰਦ) ਦੀ ਨਿੱਕੀ ਜਿਹੀ

ਡਲੀ ਭੁੱਜ ਕੇ ਖਾਧੀ ਗਈ, ਤਾਂ ਸੰਤਾਂ ਦੇ ਮੂੰਹ ਤੇ ਸੰਘ ਵਿਚ ਖੇਦ ਹੋ ਗਿਆ, ਸੋ ਕਿਤੇ ਵਸਤੀ ਜਾ ਕੇ ਵੈਦ ਤੋਂ ਉਪਚਾਰ ਕਰਾਉਣ ਦੀ ਲੋੜ ਪਈ। ਤਾਂ ਅਸੀਂ ਇਕ ਵੱਡੇ ਗਿਰਾਂ ਵਿਚ ਗਏ। ਉਸ ਗਿਰਾਂ ਵਿਚ ਜਿਥੇ ਵੈਦ ਸੀ, ਇਕ ਮਾਈ ਜਿਸ ਦਾ ਪਤੀ ਬੀਤ ਗਿਆ ਸੀ ਆਈ ਹੋਈ ਸੀ। ਇਹ ਬੜੀ ਜੁਆਨ, ਸੁੰਦਰ ਤੇ ਪ੍ਰੇਮਮਯ ਹਿਰਦੇ ਵਾਲੀ ਸੀ। ਪਤੀ ਦੇ ਫਉੱਲ ਲੈ ਕੇ ਹਰਿਦੁਆਰ ਪਾ ਕੇ ਜਿੰਨਾਂ ਇਸ ਦੇ ਅੰਦਰ ਪਿਆਰ ਸੀ ਉੱਨੀ ਵੈਰਾਗੀ ਹੋਈ ਸ਼ਾਂਤਿ ਦੀ ਭੁੱਖ ਵਿਚ ਸੰਤ ਟੋਲਦੀ, ਬਨੋਂ ਬਨ ਫਿਰਦੀ, ਇਸ ਗਿਰਾਂ ਆ ਗਈ ਸੀ ਤੇ ਸਾਡੇ ਆਉਣ ਦਾ ਪਤਾ ਪਾ ਕੇ ਸਾਨੂੰ ਆ ਮਿਲੀ। ਅਸਲ ਵਿਚ ਇਹ ਸਾਡੀ ਹੀ ਸੂੰਹ ਪਾ ਕੇ ਟੋਲ ਵਿਚ ਫਿਰ ਰਹੀ ਸੀ। ਇਸ ਦਾ ਰੁਦਨ ਤੇ ਵਿਰਲਾਪ, ਇਸ ਦੇ ਵਿਯੋਗ ਦੀ ਪੀੜਾ ਤੇ ਸ਼ਾਂਤੀ ਦੀ ਯਾਚਨਾ ਐਸੇ ਦ੍ਰਿਸ਼ਯ ਸਨ ਕਿ ਸੁਣਨ ਦੇਖਣ ਵਾਲੇ ਦੇ ਕਲੇਜੇ ਵਿਚ ਖੁਭਦੇ ਜਾਂਦੇ ਸਨ। ਮੇਰੇ ਸਤਿਕਾਰਯੋਗ ਮੇਰੇ ਸਾਥੀ ਸਾਧੂ ਰਾਘਵਾਨੰਦ ਜੀ ਕਰੁਣਾ ਵਿਚ ਆ ਗਏ, ਬੀਬੀ ਨੂੰ ਉਪਦੇਸ਼ ਦੇਣ ਲਗ ਪਏ। ਉਸਨੂੰ ਸ਼ਾਂਤੀ ਆਈ, ਪਰ ਰਾਘਵ ਜੀ ਨਾਲ ਪ੍ਰੇਮ ਹੋ ਗਿਆ, ਜੈਸਾ ਕਿ ਉਤਮ ਜਗਿਆਸੂ ਨੂੰ ਹੋਣਾ ਉਚਿਤ ਹੈ। ਰਾਘਵ ਜੀ ਬੜੇ ਮਹਾਤਮਾ ਹਨ ਉਹ ਮਹਾਨ ਤੇ ਦੈਵੀ ਦਇਆ ਦੇ ਘਰ ਵਿਚ ਆ ਗਏ। ਮੇਰਾ ਨਿਸ਼ਚਾ ਹੈ ਕਿ ਉਨ੍ਹਾਂ ਦਾ ਗਿਰਾਉ ਕਦੇ ਨਹੀਂ ਹੋਣਾ, ਪਰ ਦੇਖੋ ਦਇਆ ਇਤਨੀ ਪ੍ਰਬਲ ਪਈ ਕਿ ਉਹ ਉਸ ਯੁਵਤੀ ਨੂੰ ਉਸ ਦੇ ਗ੍ਰਿਹ ਪੰਜਾਬ ਵਿਚ ਛੋੜਨ ਚਲੇ ਗਏ ਹਨ। ਮੈਂ ਇਸ ਦਇਆ ਨੂੰ ਮਾਇਆ ਦਾ ਛਲ ਸਮਝਦਾ ਹਾਂ। ਮੈਂ ਬਹੁਤ ਬੇਨਤੀਆਂ ਕੀਤੀਆਂ ਪਰ ਮੇਰੀ ਉਨ੍ਹਾਂ ਨੇ ਇਕ ਨਹੀਂ ਸੁਣੀ। ਮੈਂ ਹੁਣ ਗਹਬਰ ਬਨਾਂ ਤੋਂ ਆ ਰਿਹਾ ਹਾਂ ਕਿ ਇਕੱਲਿਆਂ ਓਥਏ ਗੁਜ਼ਾਰਾ ਨਹੀਂ ਹੁੰਦਾ, ਲਛਮਣ ਝੂਲੇ ਯਾ ਕਿਸੇ ਵਸਤੀ ਤੋਂ ਕੁਛ ਦੂਰ ਰਹਿ ਕੇ ਤਪ ਕਰਾਂ ਜੋ ਅੰਨਮਾਤ੍ਰ ਤਾਂ ਵਸਤੀ ਤੋਂ ਲੈ ਆਇਆ ਕਰਾਂ।

ਸੰਤ – ਰੋਂਦਾ ਫਿਰ ਕਿਉਂ ਹੈਂ?

ਸਾਧੂ – ਰੋਂਦਾ ਹਾਂ ਘਰ ਨੂੰ ਕਿ ਮਾਇਆ ਐਸੀ ਪ੍ਰਬਲ ਹੈ, ਦਇਆ ਦਾ ਰੂਪ ਧਾਰ ਕੇ ਮੈਥੋਂ ਪ੍ਰਬਲ ਸਾਧੂ ਨੂੰ ਬੀ ਠੱਗ ਲੈ ਗਈ ਹੈ, ਮੇਰੇ ਤੇ ਆ ਪਈ ਤਾਂ ਮੈਂ ਨਿਰਬਲ ਕਿਵੇਂ ਬਚਸਾਂ?

ਸੰਤ (ਪ੍ਰਸੰਨ ਹੋ ਕੇ) – ਸਾਧ ਰਾਮਾ! ਤਕੜਾ ਹੋ, ਇਹ ਜੋ ਅੱਥਰੂ ਭੈ ਵਿਚ ਵਰਗ ਰਹੇ ਹਨ ਇਹ ਤੇਰੀ ਰੱਖਿਆ ਕਰਨਗੇ। ਇਕ ਕੰਮ ਹੋਰ ਕਰ, ਮਾਇਆ ਨੂੰ ਸੁਤੰਤਰ ਨਾ ਖਿਆਲ ਕਰ। ਇਹ ਕੀਤੀ ਹੋਈ ਹੈ, ਉਸ ਕਰਨਹਾਰ ਦੇ ਪ੍ਰੇਮ ਵਿਚ ਉਚਾ ਹੋ, ਕੀਤੀ ਨੂੰ ਓਹ ਹੋੜੇਗਾ।

***ਪ੍ਰਭ ਕੀ ਸਰਣਿ ਸਗਲ ਭੈ ਲਾਥੇ***
***ਦੂਖ ਬਿਨਸੇ ਸੁਖੁ ਪਾਇਆ।***

ਸਾਧੂ (ਅਸਚਰਜ ਹੋ ਕੇ) ਕੀਤੀ ਹੋਈ? ਹੈਂ। ਕੈਸੇ?

ਸੰਤ – ਸੁਣ, ਮਹਾਂਵਾਕ, ਉਨ੍ਹਾਂ ਦੇ ਜਿਨ੍ਹਾਂ ਦੇ ਇਹ ਸਦੀਵ ਵਸੀਕਾਰ ਵਿਚ ਰਹੀ, ਓਹ ਦੱਸਦੇ ਹਨ ਕਿ ਕਰਨਹਾਰ ਦੇ ਪ੍ਰੇਮ ਵਿਚ ਜੀਓ, ਕੀਤੀ ਤੋਂ ਬਚਣੇ ਦਾ ਦਾਰੂ ਇਹ ਹੈ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।***
***ਨਾਨਾ ਰੂਪੁ ਧਰੇ ਬਹੁਰੰਗੀ ਸਭ ਤੇ ਰਹੈ ਨਿਆਰਾ।***
***ਅਗਨਤ ਅਪਾਰੁ ਅਲਖ ਨਿਰੰਜਨ***
***ਜਿਹ ਸਭ ਜਗੁ ਭਰਮਾਇਓ।***
***ਸਗਲ ਭਰਮ ਤਜਿ ਨਾਨਕ ਪ੍ਰਾਣੀ***
***ਚਰਨਿ ਤਾਹਿ ਚਿਤੁ ਲਾਇਓ।***

ਸਾਧੂ – ਏਹ ਵਾਕ ਕਿਆ ਮਹਾਂ ਪ੍ਰਭੂ ਸ੍ਰੀ ਨਾਨਕ ਜੀ ਕੇ ਹੈਂ! ਕੈਸੇ ਅਮੋਘ ਹੈਂ! ਆਪ ਨਾਨਕ ਕੇ ਹੋ! ਠੀਕ....!ਨਾਨਕ...ਨਾਨਕ। ਗੁਰੂ ਨਾਨਕ। ਭਗਤੀ!....ਹਾਂ......ਗਿਆਨ ਮੇਂ ਭੀ ਕੈਸੀ ਅਵਧੀ ਹੈ! ਮਾਇਆ ਉਸ ਕੀ ਹੈ। ਉਹ ਸੁਤੰਤਰ ਹੈ। ਮਾਇਆ ਸੁਤੰਤਰ ਨਹੀਂ। ਉਸ ਦੀ ਮਾਇਆ ਹੈ, ਮਾਇਆ ਦਾ ਉਹ ਨਹੀਂ, ਉਹ ਮਾਇਆ ਅਤੀਤ ਹੈ। ਉਸ ਦੀ ਸ਼ਰਨ ਮਾਯਾ ਸੇ ਰਖਯਤ ਅਸਥਾਨ ਹੈ, ਠੀਕ।

ਕੁਛ ਚਿਰ ਚੁੱਪ ਰਹਿ ਕੇ – ਆਪ ਕਾ ਆਸ਼ਰਮ?

ਸੰਤ – ਅਤਿਥੀ ਦਾ ਆਸ਼ਰਮ? ਜਿਥੇ ਰਾਤ ਪੈ ਜਾਏ। ...ਨਦੀ ਕਾ ਆਸ਼ਰਮ? ਸਾਗਰ।

ਸਾਧੂ (ਮੁਸਕਰਾ ਕੇ) – ਨਦੀ ਤਾਂ ਉਹ ਹੈ ਕਿ ਜੋ ਉਸ ਵਿਚ ਆ ਨਾਲਾ, ਕੱਸੀ ਮਿਲੇ ਉਸਨੂੰ ਸਾਗਰ ਵਲ ਨਾਲ ਲਈ ਜਾਵੇ।

ਸੰਤ – ਆ ਜਾਓ, ਕੱਠੇ ਵਹਿੰਦੇ ਚਲਾਂਗੇ ਸ਼ਹੁ ਸਾਗਰ ਦੀ ਚਰਨ ਸ਼ਰਨ।

ਇੰਨੇ ਨੂੰ ਡੇਰੇ ਤੋਂ ਨੌਕਰ ਆ ਗਏ। ਅੰਨ ਪਾਣੀ ਇਥੇ ਹੀ ਲੈ ਆਏ। ਸਭ ਨੇ ਓਥੇ ਹੀ ਖਾ ਲਿਆ ਤੇ ਫੇਰ ਡਯੂਸ਼ੋਜ਼ਾ ਨੇ ਕਿਹਾ –

ਸੰਤ ਜੀ ਇਹ ਜੋ ਵਾਰਤਾ ਇਨ੍ਹਾਂ ਨੇ ਸੁਣਾਈ ਹੈ, ਉਸੇ ਆਪ ਦੀ ਗੱਲ ਨੂੰ ਪ੍ਰਪੱਕ ਕਰਦੀ ਹੈ ਕਿ ਵੈਰਾਗ ਪੱਕਾ ਹੋਏ ਬਿਨਾਂ ਅਤੀਤ ਹੋਣਾ ਸਉਜਦਾ ਨਹੀਂ। ਇਹੋ ਆਪ ਨੇ ਅਗਲੇ ਦਿਨ ਜੋ ਇਕ ਸਿੱਖ ਸੰਤ ਅਰ ਉਨ੍ਹਾਂ ਤੋਂ ਸਿਖਿਆ ਲੈ ਕੇ ਬਣੇ ਘਰ ਬਾਰ ਤਿਆਗ ਕੇ ਉਨ੍ਹਾਂ ਦੇ ਮਗਰ ਲੱਗੇ ਜਗਿਆਸੂ ਦੀ ਵਾਰਤਾ ਸੁਣਾਈ ਸੀ, ਕਣਕ ਵਾਲੀ, ਉਹ ਸੀ ਪ੍ਰਪੱਕ ਵੈਰਾਗ ਦੀ।

ਸੰਤ – ਉਹੋ ਹੀ ਜੀਓ ਜੀ! ਜੇ ਜੀਵ ਵੈਰਾਗ ਕਰੇ ਤਾਂ ਆਤਮਾ ਸੁਖੀ, ਜੇ ਰਾਗ ਕਰੇ ਤਾਂ ਮਾਇਆ ਸੁਖੀ। ਪਰ ਵੈਰਾਗ ਤੀਬਰ ਹੋਵੇ ਤਾਂ ਹੀ ਆਤਮਾ ਸੁਖੀ ਹੁੰਦਾ ਹੈ, ਫੇਰ ਸੁਖੀ ਹੁੰਦਿਆਂ ਬਿਲਮ ਨਹੀਂ ਲਗਦੀ, ਪਰ ਇਹ ਵੈਰਾਗ ਤਾਂ

ਪਕਦਾ ਹੈ ਜੇ ਸਤਿਸੰਗ ਨੂੰ ਪ੍ਰਾਪਤ ਹੋਵੇ। ਮੈਂ ਆਪ ਜੀ ਨੂੰ ਇਹ ਹੋ ਬੀਤੀ ਵਾਰਤਾ ਸੁਣਾਉਂਦਾ ਹਾਂ। ਸਾਡੇ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਇਕ ਅਨਪੜ੍ਹ, ਮੂਲੋਂ ਸਿੱਧਾ ਸਾਦਾ ਲਗਦਾ ਸਿੱਖ ਆਇਆ। ਅਰਜ਼ ਕੀਤੀਓਸੁ, ਪਾਤਸ਼ਾਹ! ਜੁਗਤ ਨੇ ਤਾਂ ਰਹਿਣਾ ਨਹੀਂ ਪਿਆ ਦਿਸਦਾ ਹੈ, ਤੇ ਮੈਂ ਸਤਿਸੰਗ ਵਿਚ ਸੁਣਿਆਂ ਹੈ ਕਿ ਮੈਂ ਨੇ ਮਰਨਾ ਨਹੀਂ, ਪਰ ਮੈਂ ਸੁਖੀ ਨਹੀਂ ਹਾਂ। ਦੁਖੀ ਰਹਾਂ ਤਾਂ ਨਾ ਮਰਕੇ ਮੈਂ ਕੀ ਲੈਣਾ ਹੈ?

ਪਾਤਸ਼ਾਹ! ਜੇ ਮੈਂ ਮਰਨਹਾਰ ਨਹੀਂ ਤੇ ਦੁਖੀ ਹਾਂ ਤਾਂ ਦੁਖੀ ਅਮਰਨਹਾਰ ਹੋਣੋਂ ਮੈਨੂੰ ਭੈ ਲਗਦਾ ਹੈ। ਮੇਰਾ ਇਹ ਭੈ ਦੂਰ ਕਰੋ। ਜੇ ਮੈਂ ਮਰ ਕੇ ਬੀ ਨਹੀਂ ਮਰਨਾ ਤਾਂ ਸੁਖੀ ਹੋ ਕੇ ਮਰਾਂ ਜੋ ਸੁਖੀ ਜੀਵਾਂ।

ਗੁਰੂ ਜੀ ਬੋਲੇ – ਸਿੱਖਾ ਤੂੰ ਤਾਂ ਗਿਆਨੀਆਂ ਵਾਂਗੂੰ ਕੂੰਦਾ ਹੈਂ, ਕੁਛ ਪੜ੍ਹਿਆ ਹੈਂ?

ਸਿੱਖ ਨੇ ਕਿਹਾ – ਜੀ ਨਹੀਂ, ਮੈਨੂੰ ਤਾਂ ਅੱਖਰ ਬੋਧ ਬੀ ਨਹੀਂ।

ਗੁਰੂ ਜੀ ਲਖ ਗਏ ਕਿ ਇਸਨੂੰ ਸਤਿਸੰਗ ਵਿਚ ਵੈਰਾਗ ਪ੍ਰਾਪਤ ਹੋ ਗਿਆ ਹੈ। ਸਾਡੇ ਇਤਿਹਾਸ ਵਿਚ ਲਿਖਿਆ ਹੈ ਕਿ ਗੁਰੂ ਜੀ ਨੇ ਉਸਨੂੰ ਆਖਿਆ –

ਗੁਰੂ ਕਹਯੋ ਤੂੰ ਧੰਨ ਮਹਾਨਾ॥ ਭਯੋ ਵਿਰਾਗ ਜਗਤ ਦੁਖ ਮਾਨਾ॥

ਫੇਰ ਗੁਰੂ ਜੀ ਨੇ ਇਕ ਗ੍ਰੰਥੀ ਨੂੰ ਬੁਲਾ ਕੇ ਆਗਿਆ ਕੀਤੀ ਕਿ ਇਸ ਸਿੱਖ ਨੂੰ ਗੁਰਮੁਖੀ ਅਖਰ ਪੜ੍ਹਾਓ, ਫੇਰ ਬਾਣੀ ਪੜ੍ਹਨੀ ਸਿਖਾਓ, ਫੇਰ ਸਾਡੇ ਪਾਸ ਲੈ ਆਓ। ਕੁਛ ਸਮੇਂ ਬਾਦ ਗੁਰੂ ਜੀ ਨੇ ਗ੍ਰੰਥੀ ਨੂੰ ਬੁਲਾ ਕੇ ਪੁੱਛਿਆ ਕਿ ਭਾਈ ਜੋ ਅਨਪੜ੍ਹ ਪਰ ਵੈਰਾਗੀ ਸਿੱਖ ਤੇਰੇ ਸਪੁਰਦ ਕੀਤਾ ਸੀ, ਕਿੱਥੇ ਹੈ? ਗ੍ਰੰਥੀ ਨੇ ਕਿਹਾ, ਸੱਚੇ ਪਾਤਸ਼ਾਹ ਉਹ ਗੁਰਮੁਖੀ ਪੜ੍ਹ ਗਿਆ ਸੀ। ਫਿਰ ਉਸ ਨੂੰ ਮੈਂ ਗੁਰਬਾਣੀ ਦੀ ਪੋਥੀ ਆਨੰਦ ਸਾਹਿਬ ਦੀ ਲਾ ਦਿਤੀ ਸੀ। ਪਹਿਲੀ ਤੁਕ ਆਈ 'ਅਨੰਦੁ ਭਇਆ ਮੇਰੀ ਮਾਇਆ ਸਤਿਗੁਰੂ ਮੈਂ ਪਾਇਆ।' ਇਹ ਤੁਕ ਪੜ੍ਹ ਕੇ ਉਸ ਨੇ ਮੁੜ ਪੜ੍ਹੀ, ਮੁੜ ਪੜ੍ਹੀ, ਫੇਰ ਚੁੱਪ ਕਰ ਗਿਆ। ਮੈਂ ਕਿਹਾ ਅੱਗੇ ਪੜ੍ਹ। ਉਸ ਨੇ ਫੇਰ ਇਹੋ ਤੁਕ ਪੜ੍ਹੀ। ਜਿੰਨੀ ਵੇਰ ਮੈਂ ਕਿਹਾ ਅੱਗੇ ਪੜ੍ਹ, ਅੱਗੋਂ ਉਹ ਇਹੋ ਤੁਕ ਪੜ੍ਹੇ, ਫੇਰ ਅੱਖਾਂ ਮੀਟ ਲਵੇ ਤੇ ਚਿਹਰੇ ਕੁਛ ਸੁਹਣੀ ਭਾ ਵਿਚ ਆ ਜਾਵੇ। ਇੰਞ ਹੀ ਉਹ ਮੇਰੇ ਪਾਸੋਂ ਉਠ ਗਿਆ, ਮੁੜ ਨਹੀਂ ਆਇਆ। ਤਾਂ ਸਤਿਗੁਰਾਂ ਨੇ ਇਕ ਸਿੱਖ ਨੂੰ ਆਗਿਆ ਕੀਤੀ ਕਿ ਜਾਓ ਉਸਨੂੰ ਟੋਲ ਕੇ ਲਿਆਓ। ਸਿੱਖ ਉਸਨੂੰ ਟੋਲ ਕੇ ਲੈ ਆਇਆ ਤਾਂ ਗੁਰੂ ਸਾਹਿਬ ਜੀ ਨੇ ਪੁੱਛਿਆ, ਸੁਣਾ ਬਈ ਸਿੱਖਾ! ਤੈਨੂੰ ਪੜ੍ਹਨੇ ਪਾਇਆ ਸੀ, ਕੀ ਕੁਛ ਪੜ੍ਹਿਆ ਹੈਂ? ਸਿੱਖ ਨੇ ਮਤਵਾਲੇ ਨੈਣ ਖੋਹਲੇ ਤੇ ਅਰਦਾਸ ਕੀਤੀ, ਦਾਤਾ ਮੇਰੇ! ਮੇਰੇ ਗੁਰੂ! ਮੇਰੇ ਆਪਣੇ ਗੁਰੂ! ਮੈਂ ਪੜ੍ਹਿਆ ਹੈ, ਮੈਂ ਤੈਨੂੰ ਪਾ ਲਿਆ ਹੈ, ਅਨੰਦ ਹੋ ਗਿਆ ਹਾਂ। ਆਨੰਦ ਭਇਆ ਮੇਰੀ ਮਾਏ ਸਤਿਗੁਰੂ ਮੈਂ ਪਾਇਆ।

ਗੁਰੂ ਜੀ – ਕਿਵੇਂ ਬਈ, ਕੁਛ ਸਮਝਾ ਤਾਂ ਸਹੀ।

ਸਿੱਖ – ਜਾਣੀ ਜਾਣ ਹੋ ਜੀਓ! ਜਗਤ ਮੇਰਾ ਨਹੀਂ, ਇਹ ਮੈਂ ਸਮਝ ਕੇ ਘਰ ਛੱਡਿਆ ਸੀ ਤੇ ਡਾਵਾਂਡੋਲ ਆਇਆ ਸੀ ਆਪ ਪਾਸ, ਆਪ ਨੇ ਵਿਦਿਆ ਬਖਸ਼ੀ, ਵਿਦਿਆ ਨੇ ਦੱਸਿਆ ਕਿ ਜਾਂ ਸਤਿਗੁਰੂ ਪਾਇਆ ਤਾਂ ਅਨੰਦ ਹੋ ਗਿਆ, ਅਨੰਦ।

ਪਹਿਲੋਂ ਮੈਂ ਸਮਝਦਾ ਸਾਂ ਤੂੰ ਸਿਖਿਆ ਦਾ ਦਾਤਾ ਹੈਂ, ਮਤ ਦੇਵੇਂਗਾ ਕੋਈ, ਪੜ੍ਹਨ ਨੇ ਮੈਨੂੰ ਦੱਸਿਆ ਕਿ ਤੂੰ ਆਨੰਦ ਸਰੂਪ ਹੈਂ, ਤੈਨੂੰ ਮੈਂ ਪਾਇਆ ਹੈ ਤੂੰ ਮੇਰੇ ਅੰਦਰ ਵਸਦਾ ਹੈਂ, ਸੋ ਅਨੰਦ ਮੇਰੇ ਅੰਦਰ ਵਸਦਾ ਹੈ। ਜਦ ਅਨੰਦ ਸਰੂਪ ਨੂੰ ਪਾ ਲਿਆ ਤਾਂ ਮੈਂ ਅਨੰਦ ਹੋ ਗਿਆ ਹਾਂ। (ਮਿੱਠੀ ਸੁਰ ਵਿਚ ਗਾਂਵਿਆਂ) –

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।

ਸੋ ਘੁੱਟ ਜੱਫਾ ਮਾਰਿਆ ਹੈ ਅਨੰਦ ਰੂਪ ਨੂੰ ਹੁਣ ਪਾਤਸ਼ਾਹ! ਤੌਖਲਾ ਮਿਟ ਗਿਆ ਹੈ, ਦੁਖ ਨਹੀਂ ਰਿਹਾ, ਅਨੰਦ ਹਾਂ। ਏਤ ਕਾਰਣ ਮਾਲਕਾ! ਮੈਂ ਫਿਰ ਪੜ੍ਹਨ ਨਹੀਂ ਗਿਆ, ਮੂਰਖ ਹਾਂ ਭੁੱਲ ਬਖਸ਼ਣੀ। ਇਸੇ ਸੁਆਦ ਵਿਚ ਦਿਨ ਰੈਣ ਲੰਘ ਰਹੇ ਹਨ, ਅੰਦਰ ਵਸ ਰਹੇ ਹੋ, ਅੰਦਰ ਅਨੰਦ ਵਸ ਰਿਹਾ ਹੈ। ਸਾਹਿਬ ਸੁਣ ਕੇ ਖੁਸ਼ ਹੋਏ ਤੇ ਵਾਕ ਕੀਤਾ – ਨਿਹਾਲ! ਸਿੱਖਾ ਨਿਹਾਲ! ਸਿਰ ਤੇ ਪਿਆਰ ਦਿਤਾ ਤੇ ਪਾਰ ਗਰਾਮੀ ਕਰ ਦਿਤਾ। ਸੋ ਸਜਣ ਜੀਓ! ਤੀਬਰ ਵੈਰਾਗ ਇਉਂ ਮੰਜਲੇ ਪੁਚਾ ਦਿੰਦਾ ਹੈ।

ਅੰਦਰ ਵੈਰਾਗ ਨੇ ਧੇਅ ਬਣਾ ਦਿਤਾ ਸੀ, ਥਾਂ ਵਿਹਲਾ ਸੀ, ਅਨੰਦ ਸਰੂਪ ਪਰਮਾਤਮਾ ਦੇਵ ਵਿਹਲੇ ਹੋਏ ਥਾਂ ਵਿਚ ਪ੍ਰਵੇਸ਼ ਕਰ ਗਏ, ਜਿਵੇਂ ਸੱਖਣੇ ਥਾਂ ਹਵਾ ਆਪੇ ਪੂਰਨ ਹੋ ਜਾਂਦੀ ਹੈ ਤੇ ਵੱਟ ਤੋੜਿਆਂ ਵਗਦਾ ਪਾਣੀ ਖੇਤ ਵਿਚ ਆਪੇ ਲੰਘ ਜਾਂਦਾ ਹੈ। ਮਿਹਰ ਦਾਤਾ ਗੁਰੂ ਦੀ!

ਇਹ ਤਾਂ ਮੈਂ ਆਪ ਨੂੰ ਆਪਣੇ ਪੈਗੰਬਰ ਜੀ ਦੀ ਆਪਣੀ ਹਜ਼ੂਰੀ ਵਿਚ ਵਰਤੀ ਵਾਰਤਾ ਤੀਬਰ ਵੈਰਾਗ ਦੀ ਸੁਣਾਈ ਹੈ ਕਿ ਕੀਕੂੰ ਜਿਨ੍ਹਾਂ ਨੂੰ ਸੁਤੇ ਹੀ ਵੈਰਾਗ ਆ ਫੜਦਾ ਹੈ, ਉਹ ਜਗਤ ਤੋਂ ਮੂੰਹ ਮੋੜਦੇ ਹਨ, ਤੇ ਸਾਧਨ ਸੰਪਤੀਆਂ ਕਰਕੇ ਆਤਮ ਨਿਸ਼ਟ ਤੇ ਪ੍ਰਮਾਤਮ ਮੇਲ ਵਿਚ ਜਾ ਉਠਦੇ ਹਨ। ਫੇਰ ਉਹ ਆਪਣਾ ਜੀਵਨ ਸਾਡੇ ਮਤ ਅਨੁਸਾਰ ਜਗਤ ਨੂੰ ਜਵਾਲਣ ਤੇ ਖਰਚ ਕਰਦੇ ਹਨ। ਇਹ ਗੱਲ ਸਾਡੇ ਦਸਾਂ ਸਾਹਿਬਾਂ ਦੇ ਸਮੇਂ ਹੀ ਨਹੀਂ ਮਗਰੋਂ ਬੀ ਜਾਰੀ ਹੈ। ਸਾਡੇ ਤੀਸਰੇ ਸਾਹਿਬਾਂ ਨੇ ਇਕ ਵੱਡੇ ਰੋਗ ਦੇ ਬੀਮਾਰ ਨੂੰ ਰਾਜ਼ੀ ਕਰਕੇ ਪ੍ਰਮੇਸ਼ਰ ਜੀ ਨਾਲ ਮੇਲ ਦਿਤਾ ਸੀ। ਇਸ ਦਾ ਨਾਉਂ ਪ੍ਰੇਮਾ

ਸੀ, ਫਿਰ ਇਸਨੂੰ ਜਗਤ ਉਧਾਰ ਦੇ ਕੰਮ ਤੇ ਲਾਇਆ, ਪਰ ਇਹ ਕੰਮ ਸਪੁਰਦ ਕਰਨ ਤੋਂ ਪਹਿਲੋਂ ਉਸਦਾ ਵਿਆਹ ਕਰ ਦਿਤਾ। ਫੇਰ ਇਸ ਦਾ ਨਾਉਂ ਧਰਿਆ ਮਥੋ ਮੁਰਾਰੀ। ਇਸ ਨੇ ਸਿੱਖੀ ਦਾ ਬੜਾ ਪ੍ਰਚਾਰ ਕੀਤਾ। ਇਸਦੇ ਅੱਗੋਂ ਸਿੱਖੀ ਦੇ ਪ੍ਰਚਾਰ ਦੀਆਂ ਦੋ ਪਰਨਾਲੀਆਂ ਟੁਰੀਆਂ, ਇਕ ਤਾਂ 'ਬਿੰਦੀ' ਟੁਰੀ ਜਿਸਦੇ ਸਿਲਸਿਲੇ ਵਿਚ ਇਸ ਵੇਲੇ ਸ਼ਾਹ ਪੁਰ ਦੇ ਜ਼ਿਲੇ ਚੱਕ ਰਮਦਾਸ ਵਿਚ ਭਾਈ ਅਰਜਨ ਸਿੰਘ ਜੀ, ਗੁਰੂ ਕੇ ਪਿਆਰੇ ਹਨ ਤੇ ਦੂਸਰੇ 'ਨਾਦੀ' ਗੱਦੀ, ਟੁਰੀ ਜੋ ਗੱਦੀ ਕਿ ਸ਼ਾਹ ਜੀਵਣੇ ਵਿਚ ਹੈ, ਜੋ ਝੰਗ ਮਘਿਆਣੇ ਤੋਂ ਦੱਸ ਬਾਰ੍ਹਾਂ ਮੀਲ ਹੈ। ਇਸ ਗੱਦੀ ਤੇ ਇਸ ਵੇਲੇ ਭਾਈ ਕਰਮਚੰਦ ਜੀ ਹਨ ਤੇ ਇਨ੍ਹਾਂ ਦੀ ਆਗਿਆ ਵਿਚ ਭਾਈ ਗੁਰਮੁਖ ਸਿੰਘ ਜੀ ਸੇਵਾ ਕਰ ਰਹੇ ਹਨ। ਇਸ ਨਾਦੀ ਗੱਦੀ ਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਖੇਮ ਚੰਦ ਜੀ ਹੋਏ ਹਨ। ਆਪ ਨੂੰ ਇਤਨਾ ਵੈਰਾਗ ਹੋਇਆ ਕਿ ਦਸਮ ਪਾਤਸ਼ਾਹ ਜੀ ਦੇ ਪਾਸ ਆਨੰਦਪੁਰ ਹੀ ਜਾ ਰਹੇ। ਸਾਹਿਬਾਂ ਨੇ ਇਸ ਦੇ ਜਗਤ ਤੋਂ ਵੈਰਾਗ ਤੇ ਆਪਣੇ ਚਰਨਾਂ ਨਾਲ ਅਨਿੰਨ ਪ੍ਰੇਮ ਨੂੰ ਦੇਖ ਕੇ ਇਨ੍ਹਾਂ ਨੂੰ ਸੇਵਾ ਬਖਸ਼ੀ ਆਪਣੇ ਮਹਲਾਂ ਦੀ ਕਾਰਦਾਰੀ। ਜਿਵੇਂ ਅੱਜਕਲ੍ਹ ਸਿੱਖ ਰਿਆਸਤਾਂ ਵਿਚ ਸਰਦਾਰ ਡਿਊਢੀ ਹੁੰਦਾ ਹੈ, ਉਸ ਤਰ੍ਹਾਂ ਦੀ ਇਹ ਸੇਵਾ ਸਮਝੋ ਤਾਂ ਯਾ ਅਹੁਦਾ ਸਮਝੋ ਤਾਂ ਸੀ। ਦਿਲੋਂ ਬੀਤਰਾਗੀ, ਨਾਮ ਦੇ ਅਭਿਆਸੀ, ਗੁਰੂ ਕੇ ਪ੍ਰੇਮੀ ਭਾਈ ਖੇਮ ਚੰਦ ਜੀ ਨੇ ਇਹ ਸੇਵਾ ਐਸੀ ਨਿਬਾਹੀ ਕਿ ਇਕ ਪਾਸੇ ਅਤੀਤਤਾਈ ਪੂਰਨ ਉਚਤਾ ਸ਼ਕਤੀ ਵਿਚ ਨਿਭੀ, ਸਾਹਿਬਾਂ ਇਕ ਦਿਨ ਪ੍ਰਸੰਨ ਹੋ ਕੇ ਆਗਿਆ ਕੀਤੀ, ਭਾਈ ਖੇਮ ਚੰਦ ਤੂੰ ਗੁਰੂ ਨਾਨਕ ਦੇ ਜਹਾਜ਼ ਦਾ ਖੇਵਟ ਹੋਇਆ, ਜਾਹ ਐਸੇ ਥਾਂ ਜਿਥੇ ਮੁਸਲਮਾਨਾਂ ਦਾ ਅਤਿ ਜ਼ੋਰ ਹੈ ਤੇ ਹਿੰਦੂ ਸਿੱਖ ਘਰ ਥੋੜ੍ਹੇ ਹਨ ਤੇ ਉਨ੍ਹਾਂ ਤੇ ਵੀ ਜ਼ੋਰ ਪੈ ਰਹੇ ਹਨ ਕਿ ਆਪਣੇ ਧਰਮ ਤੋਂ ਹਾਰ ਜਾਣ, ਜਾਹ ਲਹਿੰਦੇ, ਪਾਰ ਡੇਰਾ ਲਾ ਤੇ ਪ੍ਰਚਾਰ ਕਰ, ਤੇਰੀ ਗੁਰੂ ਨਾਨਕ ਰਖੇਗਾ। ਆਪ ਜੀ ਨੇ ਆ ਸ਼ਾਹਜੀਵਣੇ ਡੇਰੇ ਲਾਏ ਜਿਥੇ ਇਕ ਸੱਯਦ ਪੀਰ ਦਾ ਘਰਾਣਾ ਬੜਾ ਜ਼ੋਰਦਾਰ ਸੀ। ਇਨ੍ਹਾਂ ਨੇ ਆ ਕੇ ਉਹ ਪ੍ਰਚਾਰ ਕੀਤਾ ਕਿ ਨਾ ਕੇਵਲ ਹਿੰਦੂ ਸਿੱਖ ਬਚਾਏ ਸਗੋਂ ਮੁਸਲਮਾਨਾਂ ਦੇ ਜ਼ੁਹਦ ਤੇ ਤਕਵੇ ਤੇ ਆਪਣਾ ਦੈਵੀ ਪ੍ਰਭਾਵ ਪਾਇਆ। ਇਥੋਂ ਤੱਕ ਕਿ ਸਯਦ ਘਰਾਣੇ ਵਾਲੇ ਈਰਖਾ ਛੱਡ ਕੇ ਕਦਰ ਕਰਨ ਵਾਲੇ ਹੋਏ ਤੇ ਅੱਜ ਤੱਕ ਪਰਸਪਰ ਪਿਆਰ ਨਿਭ ਰਿਹਾ ਹੈ। ਜਿਹੜੀ ਮੈਂ ਆਪ ਨੂੰ ਗੱਲ ਸੁਣਾਉਣੀ ਹੈ ਉਹ ਇਹ ਹੈ ਕਿ ਕੀਕੂੰ ਸਾਡੇ ਬਜ਼ੁਰਗ ਪੱਕੇ ਤੇ ਕੱਚੇ ਵੈਰਾਗ ਦੀ ਪਛਾਣ ਕਰਦੇ ਹੁੰਦੇ ਸਨ। ਇਸ ਭਾਈ ਖੇਮ ਚੰਦ ਦਾ ਵੈਰਾਗ ਪੂਰਨ ਸੀ। ਜਿਸ ਕਰਕੇ ਸਾਹਿਬਾਂ ਦੇ ਦਰੋਂ ਉਚੀ ਮਿਹਰ ਮਿਲੀ ਤੇ ਇਹ ਪੂਰਨ ਗਯਾਤ ਗੇਯਪੁਰਖ ਹੋਏ। ਇਨ੍ਹਾਂ ਨੇ ਸਿੱਖੀ ਦਾ ਬੜਾ ਪ੍ਰਚਾਰ ਕੀਤਾ ਤੇ ਧਰਮ ਦੀ ਰੱਖਿਆ ਕੀਤੀ। ਇਨ੍ਹਾਂ ਦੀ ਗੱਦੀ ਤੇ ਇਨ੍ਹਾਂ ਤੋਂ ਤੀਸਰੇ ਥਾਂ ਇਕ ਸੰਤ ਹੋਏ ਹਨ ਭਾਈ ਦਰਬਾਰੀ ਜੀ, ਆਪ ਵੀ ਅਤੀਤ ਸਨ ਤੇ ਡੇਰੇ ਦੇ ਮਹੰਤ ਸਨ। ਆਪ ਜੀ ਮਘਿਆਣੇ ਆਏ, ਇਥੇ ਇਕ ਸੱਜਣ ਮੁਲਤਾਨੋਂ ਆ ਕੇ ਵਸੇ ਸਨ। ਉਨ੍ਹਾਂ ਦੇ ਬੇਟੇ ਮੂਲ ਚੰਦ ਨੂੰ ਚੜ੍ਹਦੀ ਜਵਾਨੀ ਸੀ, ਮੰਗੇਵਾ ਹੋਇਆ ਹੋਇਆ ਸੀ ਕਿ ਉਸਨੂੰ ਭਾਈ ਦਰਬਾਰੀ ਜੀ ਦੇ ਦਰਸ਼ਨ ਹੋਏ, ਉਪਦੇਸ਼ ਸੁਣਿਆਂ, ਵੈਰਾਗ ਹੋ ਗਿਆ। ਜਗਤ ਮਿਥਿਆ ਦਿੱਸੇ, ਸਤਿਸੰਗ ਪਿਆਰਾ ਲੱਗੇ। ਸੋ ਜਦੋਂ ਸੰਤ ਆਪਣੇ ਡੇਰੇ ਨੂੰ ਤੁਰੇ ਤਾਂ ਆਪ ਚੁਪਾਤੇ ਹੀ ਸੰਤਾਂ ਦੇ ਨਾਲ ਟੁਰ ਗਏ। ਪਿਛੋਂ ਪਿਤਾ ਦੁਖੀ ਹੋ ਕੇ ਸੰਤਾਂ ਦੇ ਡੇਰੇ ਪੁੱਜਾ ਤੇ ਆਖਿਆ ਜੋ ਇਕ ਤਾਂ ਕਾਕਾ ਮੰਗਿਆ ਹੈ, ਦੂਜੇ ਸਾਰੇ ਪਰਿਵਾਰ ਵਿਚ ਵਿਜੋਗ ਹੈ, ਇਸਨੂੰ ਮੋੜ ਦਿਓ। ਸੰਤਾਂ ਨੇ ਖੁਸ਼ੀ ਨਾਲ ਕਾਕੇ ਨੂੰ ਘਰ ਟੋਰ ਦਿਤਾ। ਇਕ ਕਿਉਂ? ਇਸ ਲਈ ਕਿ ਗੁਰੂ ਨਾਨਕ ਦਾ ਮਾਰਗ ਹੈ ਗ੍ਰਿਹਸਤ ਉਦਾਸ। ਦੂਸਰੇ ਇਸ ਲਈ ਕਿ ਇਸ ਦਾ ਵੈਰਾਗ ਖਬਰੇ ਤੀਬਰ ਹੈ ਕਿ ਨਹੀਂ। ਪਰ ਕਾਕਾ ਘਰ ਜਾ ਕੇ ਫੇਰ ਕੁਛ ਦਿਨ ਬਾਅਦ ਆ ਗਿਆ। ਖਬਰ ਪਾ ਕੇ ਪਿਤਾ ਫੇਰ ਲੈਣ ਆਇਆ। ਇਸ ਤਰ੍ਹਾਂ ਜਿੰਨੀ ਵੇਰ ਕਾਕਾ ਆਇਆ ਓਨੀ ਵੇਰ ਹੀ ਪਿਤਾ ਮਗਰੇ ਆਇਆ, ਓਨੀ ਵੇਰ ਹੀ ਸੰਤਾਂ ਨੇ ਕਾਕੇ ਨੂੰ ਘਰ ਟੋਰ ਦਿਤਾ। ਅਖੀਰ ਕਾਕੇ ਨੇ ਸਾਹੁਰਿਆਂ ਨੂੰ ਲਿਖ ਦਿਤਾ ਕਿ ਮੈਂ ਜਗਤ ਤੋਂ ਉਪਰਾਮ ਹਾਂ, ਜਗਤ ਦੀ ਹਰ ਇਸਤ੍ਰੀ ਨੂੰ ਮੈਂ ਮਾਂ ਭੈਣ ਵਾਂਗ ਸਮਝਦਾ ਹਾਂ, ਗ੍ਰਿਹਸਤ ਆਸ਼ਰਮ ਮੈਂ ਕਰਨਾ ਨਹੀਂ, ਮੈਂ ਜੀਵਨ ਸੇਵਾ ਦਾ ਧਾਰਨ ਕੀਤਾ ਹੈ, ਸੇਵਾ ਗੁਰੂ ਦੀ, ਸੇਵਾ ਗੁਰੂ ਕੇ ਸਿੱਖਾਂ ਦੀ। ਮੈਂ 'ਨਿਜ ਸੁਖ' ਘਰ ਸੁਖ ਵਿਚ ਵੇਖਣਾ ਹੈ। ਇਸ ਤੋਂ ਮਗਰੋਂ ਫੇਰ ਆਪ ਸੇਵਾ ਵਿਚ ਟਿਕ ਗਏ ਤੇ ਉਹ ਘਾਲ, ਉਹ ਬੰਦਗੀ ਤੇ ਉਹ ਪਰਉਪਕਾਰ ਕੀਤਾ ਕਿ ਜਿਸਦੀ ਧਾਂਕ ਪਈ। ਸੋ ਦੇਖ ਲਓ ਕਿ ਭਾਈ ਦਰਬਾਰੀ ਜੀ ਨੇ ਹਰ ਮੌਕਾ ਦਿਤਾ ਸੀ ਜਿਸ ਨਾਲ ਕਿ ਮੁੱਢ ਵਿਚ ਹੀ ਵੈਰਾਗ ਦੀ ਪਰਖਣਾ ਹੋ ਜਾਏ ਤਾਕਿ ਪਿਛੋਂ ਨਾ ਫਲ ਮਾੜਾ ਨਿਕਲੇ। ਇਸੇ ਕਰਕੇ ਬਾਰ-ਬਾਰ ਮੋੜ ਦਿੰਦੇ ਰਹੇ। ਜਦ ਡਿੱਠਾ ਕਿ ਵੈਰਾਗ ਤੀਬਰ ਤੇ ਬੇਵਸਾ ਹੈ ਤਾਂ ਫੇਰ ਸਤਿਸੰਗ ਦੇ ਰਸਤੇ ਪਾ ਦਿਤਾ। ਗੱਦੀ ਤੇ ਮਗਰੋਂ ਆਪ ਹੀ ਬੈਠੇ ਤੇ ਡੇਰੇ ਵਿਚ ਉਹ ਸੇਵਾ ਕੀਤੀ ਤੇ ਗੁਰ ਸਿੱਖੀ ਦਾ ਨਮੂਨਾ ਕੀਤਾ ਕਿ ਧੰਨ ਭਾਈ ਮੂਲ ਚੰਦ ਹੋ ਗਈ। ਅੱਡਣਸ਼ਾਹੀ ਸੰਪਰਦਾ ਵਿਚ ਸੱਚਮੁਚ ਚੰਦ ਹੋ ਚਮਕੇ।

ਏਸੇ ਤਰ੍ਹਾਂ ਸਾਹਿਬਾਂ ਦੇ ਆਪਣੇ ਸਮੇਂ ਦੀ ਵਾਰਤਾ ਹੈ ਕਿ ਇਕ ਨੀਂਗਰ ਜਿਸਦਾ ਨਾਮ ਅਨੰਦ ਸਿੰਘ ਲਿਖਿਆ ਹੈ, ਮਾਤਾ ਪਿਤਾ ਇਸਤ੍ਰੀ ਆਦਿ ਤੋਂ ਉਪਰਾਮ ਹੋ ਗਿਆ। ਮਾਪੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਆਏ, ਅਰਜ਼ ਕੀਤੀ, ਆਪ ਜੀ ਦੇ ਵਰ ਨਾਲ ਇਕ ਪੁਤਰ ਹੋਇਆ, ਉਸ ਨੂੰ ਪਾਲਿਆ, ਵਿਆਹਿਆ, ਹੁਣ ਵੈਰਾਗੀ ਹੋ ਖਲੋਤਾ ਹੈ। ਆਖਦਾ ਹੈ ਮੈਂ ਫਕੀਰ ਹੋ ਜਾਣਾ ਹੈ। ਕੋਈ ਉਪਦੇਸ਼ ਪਿਆਰ ਅਸਰ ਨਹੀਂ ਕਰਦਾ। ਪਾਤਸ਼ਾਹ! ਜੇ ਉਹ ਘਰੋਂ ਨਿਕਲ ਗਿਆ ਤਾਂ ਅਸੀਂ ਕੀ ਕਰਾਂਗੇ। ਬਾਲ ਇਸਤ੍ਰੀ ਕੀ ਕਰੇਗੀ? ਆਪ ਨੇ ਪੁਛਿਆ,

ਸੁਣਾ ਨੀਂਗਰਾ! ਤੈਨੂੰ ਵੈਰਾਗ ਹੋਇਆ ਸੁਣ ਕੇ ਦਰਸ਼ਨਾਂ ਲਈ ਸੱਦਿਆ ਹੈ, 18 ਵਰ੍ਹੇ ਦੀ ਉਮਰ ਵਿਚ ਤੈਨੂੰ ਵੈਰਾਗ ਹੋ ਗਿਆ ਹੈ ਜੋ ਬੁੱਢਿਆਂ ਨੂੰ ਬੀ ਨਹੀਂ ਹੁੰਦਾ, ਕੀ ਗੱਲ ਹੈ?

ਬੱਚੇ ਕਿਹਾ - ਪਾਤਸ਼ਾਹ ਮੈਂ ਚਰਨਾਂ ਦੀ ਖਾਕ ਹਾਂ। ਵੈਰਾਗ ਮੇਰਾ ਨਹੀਂ, ਗੁਰੂ ਕਾ ਹੈ।

***ਯਥਾ - ਸੁਨੀਐ ਪਾਤਸਾਹ ਸੁਖਦਾਯਹੁ।***
***ਮਾਤ ਪਿਤਾ ਮੋਹਿ ਪਢਨ ਪਠਾਯਹੁ।***
***ਗੁਰਬਾਣੀ ਪੜਿ ਪ੍ਰੇਮ ਸੁਜਾਗਾ।***
***ਭਯੋ ਪ੍ਰੇਮ ਕੰਠ ਕਰਨੇ ਲਾਗਾ।***
***ਤੁਕ ਅਨੰਦ ਕੀ ਰਿਦੈ ਬਿਚਾਰੀ।***
***ਕਹੀ ਸ਼ਾਖ ਸੋ ਉਰ ਮਹਿ ਧਾਰੀ।***
***ਰਾਤ ਦਿਵਸ ਚਿਤ ਰਾਖ ਘਨੇਰਾ।***
***ਤਿਸਤੇ ਭਾ ਉਦਾਸ ਮਨ ਮੇਰਾ।***

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ। ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ। ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥ ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥

ਬੱਚੇ ਦੇ ਹੋਰ ਬਚਨ ਵੈਰਾਗ ਦੇ ਸੁਣ ਕੇ ਗੁਰੂ ਜੀ ਲਖ ਗਏ ਕਿ ਵੈਰਾਗ ਹੈ ਤਾਂ ਠੀਕ ਪਰ ਤੀਬਰ ਨਹੀਂ, ਜੇ ਇਹ ਅਤੀਤ ਰਿਹਾ ਤਾਂ ਕਿਤੇ ਜਾ ਕੇ ਕਾਂਪ ਖਾਏਗਾ। ਸੋ ਸੂਰੇ ਗੁਰੂ ਨੇ ਉਸ ਦੇ ਪਿਤਾ ਨੂੰ ਆਗਿਆ ਕੀਤੀ ਕਿ ਤੁਸੀਂ ਘਰ ਜਾਓ ਕਾਕੇ ਨੂੰ ਇਥੇ ਛੱਡ ਜਾਓ, ਕੁਛ ਸਮੇਂ ਬਾਦ ਠੀਕ ਹੋ ਜਾਏਗਾ। ਡਰੋ ਨਾ, ਬੱਚਾ ਕਮਲਾ ਰਮਲਾ ਨਹੀਂ, ਭੂਤ ਪ੍ਰੇਤ ਦਾ ਛਾਇਆ ਬੀ ਕੋਈ ਨਹੀਂ, ਵੈਰਾਗ ਹੈ ਤੇ ਜ਼ਰਾ ਡੂੰਘੇਰਾ ਹੈ। ਵਧਣ ਵਾਲਾ ਨਹੀਂ ਘਟਣ ਦੇ ਰੁਖ ਵਾਲਾ ਹੈ। ਤੁਸੀਂ ਜਾਓ ਇਹ ਵੀ ਘਰ ਆਏਗਾ ਤੇ ਤੁਹਾਡੇ ਹੋਰ ਪੁੱਤਰ ਬੀ ਹੋਏਗਾ।

ਕੁਛ ਦਿਨਾਂ ਬਾਅਦ ਸਤਿਗੁਰਾਂ ਨੇ ਇਸ ਲੜਕੇ ਨੂੰ ਪਾਸ ਸੱਦਿਆ ਤੇ ਇਕ ਵਾਰਤਾ ਸੁਣਾਈ ਤੇ ਕਿਹਾ, ਸੁਣ ਬੇਟਾ! ਤੈਨੂੰ ਸੱਚ ਰੌਸ਼ਨ ਕਰਨੇ ਲਈ ਇਕ ਨਿਦਰਸ਼ਨਾ ਯਾ ਤਮਸੀਲ ਰੂਪ ਵਾਰਤਾ ਸੁਣਾਉਂਦੇ ਹਾਂ - ਇਕ ਤਪਸਵੀ ਬਨ ਵਿਚ ਬੈਠਾ ਤਪ ਕਰਦਾ ਸੀ।

ਰੀਗੋ - ਨਿਦਰਸਨਾ ਕੀ ਹੁੰਦਾ ਹੈ?

ਸੰਤ - ਜਿਸਨੂੰ ਤੁਸੀਂ ਪੈਰਾਬਲ ਆਖਦੇ ਹੋ। ਐਸੀ ਕਹਾਣੀ ਜਿਸ ਵਿਚ ਸਿਖਿਆ ਲੁਪਤ ਹੋਵੇ।

ਇਕ ਤਪਸਵੀ ਬਨ ਵਿਚ ਬੈਠਾ ਤਪ ਕਰਦਾ ਸੀ ਤੇ ਯੋਗ ਸਾਧਨਾ ਸਾਧਦਾ ਸੀ। ਇਕ ਵੇਰੇ ਕਈ ਦਿਨ ਅੰਨ ਨਾ ਮਿਲਿਆ ਤਾਂ ਇਹ ਉਠ ਕੇ ਪਾਸ ਦੀ ਨਗਰੀ ਆਇਆ। ਇਕ ਸ਼ਾਹ ਦੇ ਘਰ ਬ੍ਰਹਮਭੋਜ ਸੀ। ਇਹ ਸਾਰਾ ਦਿਨ ਉਸਦੇ ਦੁਆਰੇ ਉਤੇ ਪਰ੍ਹੇ ਵਾਰ ਇਕ ਖੂੰਜੇ ਖੜਾ ਰਿਹਾ ਪਰ ਕਿਸੇ ਖੈਰ ਨਾ ਪਾਈ। ਜਦ ਰਾਤ ਤਕ ਖੈਰ ਨਾ ਪਈ ਤਾਂ ਹਾਰ ਕੇ ਇਹ ਸਾਧੂ ਭੁੱਖਾ ਹੀ ਆਪ ਦੀ ਕੁਟੀ ਵਿਚ ਮੁੜ ਆ ਗਿਆ। ਕੁਛ ਸਮੇਂ ਮਗਰੋਂ ਇਸਨੂੰ ਦੋ ਆਦਮੀ ਦਿੱਸੇ ਜੋ ਇਸਦੀ ਕੁਟੀ ਅੱਗੇ ਮਸਾਲਾਂ ਲੈ ਕੇ ਆ ਗਏ। ਆਖਣ ਲੱਗੇ, ਚਲਸਾਧੂ! ਉਸ ਸ਼ਾਹ ਦਾ ਘਰ ਦਿਖਲਾ ਜਿਸਦੇ ਦੁਆਰਿਓਂ ਤੈਨੂੰ ਅੱਜ ਅੰਨ ਨਹੀਂ ਮਿਲਿਆ, ਉਸ ਦਾ ਘਰ ਸਾੜਨ ਵਾਸੇ ਸਾਨੂੰ ਦੇਵਤਿਆਂ ਨੇ ਘੱਲਿਆ ਹੈ। ਚਲ ਸਾਡੇ ਨਾਲ ਤੇ ਸਾਨੂੰ ਘਰ ਦਿਖਲਾ। ਸਾਧੂ ਨੇ ਉਠ ਕੇ ਕਿਹਾ ਮਿਸਾਲਾਂ ਮੈਨੂੰ ਫੜਾ ਦਿਓ। ਉਨ੍ਹਾਂ ਤੋਂ ਫੜ ਕੇ ਮਸਾਲਾਂ ਸਾਧੂ ਲੱਗਾ ਉਨ੍ਹਾਂ ਨੂੰ ਹੀ ਸਾੜਨ। ਉਹ ਦੋੜ ਪਏ ਤੇ ਪੁਕਾਰੇ। ਭਈ ਇਹ ਆਪਣੇ ਹਮੈਤੀਆਂ ਨਾਲ ਬੁਰਾ ਕਿਉਂ ਕਰਦਾ ਹੈਂ? ਉਤਰ ਦਿਤੋ ਸੁ, ਭਾਈ ਜਿਸ ਨੇ ਤੁਹਾਨੂੰ ਦੰਡ ਦੇਣ ਲਈ ਘੱਲਿਆ ਹੈ ਉਹ ਸ਼ਾਹ ਦੇ ਰਿਦੇ ਨੂੰ ਨਹੀਂ ਸੀ ਪਰੇਰ ਸਕਦਾ ਕਿ ਉਹ ਮੈਨੂੰ ਅੰਨ ਦੇ ਦੇਂਦਾ? ਮੇਰਾ ਧਰਮ ਹੈ ਕਰਤਾਰ ਨੂੰ ਦੇਖਨਾ ਨਾਂ ਕਿ ਸ਼ਾਹ ਨੂੰ। ਕੁੱਤੇ ਨੂੰ ਸੋਟੀ ਮਾਰੋ ਤਾਂ ਉਹ ਸੋਟੀ ਨੂੰ ਚੱਕ ਮਾਰਦਾ ਹੈ। ਪਰ ਜੇ ਸ਼ੇਰ ਨੂੰ ਸੋਟਾ ਮਾਰੋ ਤਾਂ ਉਹ ਮਾਰਨ ਵਾਲੇ ਨੂੰ ਦੇਖਦਾ ਹੈ, ਸੋਟੇ ਨੂੰ ਚੱਕ ਨਹੀਂ ਮਾਰਦਾ। ਸਾਧੂ ਦਾ ਧਰਮ ਹੈ ਕਰਤਾਰ ਨੂੰ ਨਯੰਤਾ, ਪ੍ਰੇਰਕ ਤਕਣਾ ਤੇ ਜੀਵਾਂ ਨਾਲ ਗੁੱਸੇ ਨਾ ਹੋਣਾ। ਦੇਖ ਬੱਚਾ! ਇਹ ਹੈ ਸਰੂਪ ਤਿਆਗੀ ਤੇ ਅਤੀਤ ਸਾਧੂ ਦਾ। ਤੋਲ ਲੈ, ਤੂੰ ਐਸਾ ਬਣ ਸਕਦਾ ਹੈਂ? ਉਸ ਵੈਰਾਗੀ ਬਾਲਕ ਨੇ ਕਿਹਾ, ਸਤਿਗੁਰੂ ਜੀ ਮੈਨੂੰ ਤਾਂ ਆਪ ਉਸ ਸ਼ਾਹ ਤੇ ਗੁੱਸਾ ਆ ਰਿਹਾ ਸੀ ਜਿਸ ਨੇ ਖੈਰ ਨਹੀਂ ਸੀ ਪਾਈ। ਸਤਿਗੁਰੂ ਨੇ ਕਿਹਾ ਭਾਈ ਫਿਰ ਤੋਲ ਲੈ ਆਪਣਾ ਮਨ ਕਿ ਅਤੀਤਤਾਈ ਕਿੰਨੀ ਕੁ ਕਠਨ ਹੈ?

ਫਿਰ ਸਤਿਗੁਰਾਂ ਨੇ ਕਿਹਾ ਇਕ ਹੋਰ ਸੁਣ ਨਿਦਰਸ਼ਨਾ (ਤਮਸੀਲ) ਗ੍ਰਿਹਸਤੀ ਦੇ ਆਦਰਸ਼ ਦੀ। ਕਿਸੇ ਬ੍ਰਿਛ ਤੇ ਆਲ੍ਹਣਾ ਸੀ ਤੇ ਦੋ ਪੰਛੀ ਰਹਿੰਦੇ ਸਨ। ਇਕ ਦਿਨ ਓਸੇ ਬ੍ਰਿਛ ਹੇਠ ਕੋਈ ਮੁਸਾਫਿਰ ਆ ਉਤਰਿਆ। ਠੰਡ ਸੀ ਬੜੀ, ਨਾਂ ਉਥੇ ਅੱਗ ਨਾ ਰੋਟੀ। ਪੰਛੀਆਂ ਦੇ ਜੋੜੇ ਨੇ ਆਪੋ ਵਿਚ ਵੀਚਾਰ ਕੀਤੀ ਕਿ ਇਹ ਪਰਾਹੁਣਾ ਹੈ, ਸਾਡੇ ਘਰ ਆਇਆ ਹੈ ਇਸ ਦੀ ਖਾਤਰ ਲੋੜੀਏ। ਉਨ੍ਹਾਂ ਵਿਚੋਂ ਇਕ ਨੇ ਦੂਰੋਂ ਜਾ ਕੇ ਕੋਈ ਧੁਖਦੀ ਮੇਛਣ ਲਿਆ ਬ੍ਰਿਛ ਤਲੇ ਰੱਖੀ। ਮੁਸਾਫਰ ਨੇ ਤ੍ਰਿਣ ਪਤ੍ਰੇ ਕਠੇ ਕਰਕੇ ਅਗ ਬਾਲ ਲੀਤੀ ਤੇ ਸੀਤ ਨਿਵਾਰੀ। ਪਰ ਮੁਸਾਫਰ ਭੁੱਖਾ ਸੀ। ਉਸ ਦੇ ਭੁੱਖ ਨਿਵਾਰਨ ਹੇਤ ਦੁਇ ਪੰਖੀ ਵਾਰੋ ਵਾਰੀ ਅੱਗ ਵਿਚ ਆ ਪਏ ਕਿ ਸਾਨੂੰ ਖਾ ਕੇ ਇਹ ਸੁਖੀ ਹੋਵੇ। ਇਸ ਤਮਸੀਲ ਵਿਚ ਇਹ ਸਿਖਿਆ ਭਰੀ ਪਈ ਹੈ ਕਿ ਗ੍ਰਿਹਸਤੀ ਸਰੀਰ ਕਰਕੇ ਤਾਂ ਤਿਆਗੀ ਨਹੀਂ, ਪਰ ਉਸ ਦੇ ਅੰਦਰ ਤਿਆਗ ਇਤਨਾ ਵਸਦਾ ਹੈ ਕਿ ਤਿਆਗੀ ਬੀ ਅਚਰਜ ਹੋ ਜਾਂਦਾ ਹੈ। ਦੇਖੋ ਸਾਡੇ ਗੁਰੂ ਅਰਜਨ ਦੇਵ ਜੀ ਜਗਤ ਦੇ ਭਲੇ ਲਈ ਤੱਤੇ ਤਵੇ ਤੇ ਗਰਮ ਦੇਗਾਂ ਵਿਚ ਬੈਠੇ ਤੇ ਰੇਤੇ ਪੁਆ ਕੇ ਸਰੀਰ ਹੀ ਦੇ ਦਿਤਾ। ਸਾਡੇ ਪਿਤਾ ਜੀ ਨੇ ਦੂਸਰਿਆਂ ਦਾ ਧਰਮ ਰੱਖਣ ਹਿਤ, ਦਿੱਲੀ ਵਿਚ ਇਕ ਕਈ ਤਸੀਹੇ ਝੱਲ ਕੇ ਅੰਤ ਆਪਣਾ ਸੀਸ ਬੀ ਅਰਪ ਦਿਤਾ। ਉਹ ਗੁਰੂ ਸਨ, ਉਨ੍ਹਾਂ ਤੋਂ ਸਿਖਿਆ ਲੈਣੀ ਹੈ। ਗ੍ਰਿਸਤੀ ਦਾ ਤਿਆਗ ਤਿਆਗੀ ਨਾਲੋਂ ਵੱਧ ਹੁੰਦਾ ਹੈ।

ਫਰਕ ਏਨਾ ਹੈ ਕਿ ਪਰਮੇਸ਼ਰ ਦੇ ਪਿਆਰੇ ਅਤੀਤ ਦਾ ਤਿਆਗ ਜਦ ਉਹ ਘਰ ਬਾਹਰ ਨਾਲ ਨੇਹੁ ਛੱਡ ਟੁਰਦਾ ਹੈ ਤਾਂ ਸਾਰੇ ਜਗਤ ਨੂੰ ਦਿਸਦਾ ਹੈ ਤੇ ਗ੍ਰਿਹਸਤੀ ਦਾ ਤਿਆਗ ਕੋਈ ਸਮਾਂ ਆ ਬਣੇ ਤਾਂ ਦਰਸ਼ਨ ਦਿੰਦਾ ਹੈ। ਤੂੰ ਹੁਣ ਦੱਸ ਤੇਰੀ ਕੀਹ ਸਲਾਹ ਹੈ?

ਕਾਕਾ – ਮੇਰੀ ਸਲਾਹ ਆਪ ਜੀ ਦੀ ਆਗਿਆ ਵਿਚ ਹੈ ਪਰ ਆਗਿਆ ਪਾਲ ਸਕਣੀ ਬੀ ਆਪ ਦੀ ਮਿਹਰ ਆਸਰੇ ਹੈ। ਮੈਂ ਹੁਣ ਸੋਚਦਾ ਹਾਂ ਕਿ ਜੇ ਗ੍ਰਿਹਸਤ ਵਿਚ ਰਹਿ ਕੇ ਤਿਆਗ ਕਮਾਵਾਂਗਾ ਤਾਂ ਕਿਸੇ ਡੋਲਣ ਵੇਲੇ ਗ੍ਰਿਹਸਤ ਆਸਰਾ ਹੋਵੇਗਾ। ਅਤੀਤਤਾਈ ਧਾਰ ਕੇ ਜੇ ਮੈਂ ਮਿਸਾਲ ਵਾਲਿਆਂ ਨੂੰ ਘਰ ਦੱਸਣ ਤੁਰ ਪਿਆ ਤਾਂ ਮੇਰਾ ਤਿਆਗ ਕੀਹ ਸੁਆਰੇਗਾ। ਸੋ ਜੇ ਹੁਕਮ ਕਰੋ ਤਾਂ ਗ੍ਰਿਹਸਤ ਵਿਚੇ ਰਹਿ ਕੇ ਨਾਮ ਦੀ ਕਮਾਈ ਕਰਾਂ।

ਗੁਰੂ ਜੀ – ਵਿਚੇ ਗ੍ਰਿਹ, ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ।

ਸੋ ਹੇ ਪਿਆਰਿਓ! ਗੁਰੂ ਜੀ ਨੇ ਇਸ ਨੀਂਗਰ ਦੇ ਅੰਦਰ ਵੈਰਾਗ ਦੀ ਤਾਰ ਘੱਟ ਵੇਖ ਕੇ ਇਸਨੂੰ ਗ੍ਰਿਹਸਤ ਵਿਚ ਕਮਾਈ ਕਰਨੀ ਦੱਸੀ। ਜਿਸਨੂੰ ਕਰਦਿਆਂ ਅੰਤ੍ਰੀਵ ਤਿਆਗ ਵਧਿਆ ਤੇ ਇਹ ਪੂਰਨ ਪਦ ਨੂੰ ਪੁੱਜਾ।

ਰੀਗੋ – ਸੰਤ ਜੀ! ਆਪ ਦੇ ਉਪਦੇਸ਼ ਤੇ ਸਿਧਾਂਤ ਆਪ ਦੀਆਂ ਸੁਣਾਈਆਂ ਵਾਰਤਾਂ ਤੇ ਉਨ੍ਹਾਂ ਤੋਂ ਪ੍ਰਾਪਤ ਸਿਖਿਆ ਅਤਿ ਸੁਆਦਲੀਆਂ ਹਨ। ਪਰ ਤੁਸੀਂ ਤਿਆਗੀ ਸਾਧੂਆਂ ਦੇ ਹਾਲ ਕਹਿ ਰਹੇ ਹੋ ਤੇ ਇਹ ਬੀ ਦੱਸ ਰਹੇ ਹੋ ਕਿ ਵਿੱਚੇ ਰਹਿ ਕੇ ਕੀਕੂੰ ਸੰਤ ਬਣੇ। ਮੈਂ ਇਸੇ ਸਿਲਸਿਲੇ ਵਿਚ ਸਮਝਣਾ ਚਾਹੁੰਦਾ ਹਾਂ ਕਿ ਤਿਆਗੀ ਅਤੀਤ ਜੇ ਸਾਰੇ ਹੋ ਜਾਣ ਤਾਂ ਹੱਲ ਕੌਣ ਵਾਹੇ, ਕਪਾਹ ਕੌਣ ਬੀਜੇ, ਕੌਣ ਗਾਹੇ, ਕੌਣ ਪੀਹੇ ਪਕਾਵੇ, ਯਾ ਉਣੇ ਸੀਵੇਂ ਕੌਣ, ਐਉਂ ਤਾਂ ਸ੍ਰਿਸ਼ਟੀ ਹੀ ਮੁੱਕ ਜਾਵੇ ਕੁਛ ਚਿਰ ਵਿਚ। ਸੋ ਜਗਤ ਨੇ ਵਸਦੇ ਰਹਿਣਾ ਹੈ ਤਾਂ ਗ੍ਰਿਹਸਤ ਵਿਚ ਹੀ ਰਹਿਣਾ ਹੈ। ਹੁਣ ਉਹੀ ਗੱਲਾਂ ਦੱਸੋ ਕਿ ਜਗਤ ਵਿਹਾਰ ਬੀ ਸੁਹਨਾ ਟੁਰੇ ਤੇ ਧਰਮ ਬੀ ਨਿਭੇ।

ਸੰਤ – ਆਪ ਜਦ ਬਾਹਰ ਗਏ ਸਾਓ ਤਾਂ ਮੇਰੀਆਂ ਤੇ ਰੈਵਰੈਂਡ ਡਯੂਸੋਜਾ ਜੀ ਦੀਆਂ ਗੱਲਾਂ ਇਸੇ ਵਿਸ਼ੇ ਤੇ ਚਲਦੀਆਂ ਰਹੀਆਂ ਸਨ। ਅਸਾਂ ਦੋਹਾਂ ਪੱਖਾਂ ਤੇ ਵੀਚਾਰ ਕੀਤੀ ਸੀ। ਆਪ ਜੀ ਨੇ ਹੁਣ ਸਾਡੇ ਵਿਚ ਅਤੀਤਤਾਈ ਦੀ ਗੱਲਬਾਤ ਪੁੱਛੀ ਸੀ ਤਾਂ ਮੈਂ ਇਹ ਗੱਲਾਂ ਸੁਣਾਈਆਂ ਜਿਨ੍ਹਾਂ ਵਿਚ ਅਖੀਰੀਲੀ ਵਾਰਤਾ ਵਿਚ ਗ੍ਰਿਹਸਤੀ ਜੀਵਨ ਦਾ ਜ਼ਿਕਰ ਸੀ। ਸਾਡਾ ਤਾਂ ਧਰਮ ਹੈ ਹੀ ਗ੍ਰਿਹਸਤ ਉਦਾਸ। ਕਮਲ ਦੀ ਤਰ੍ਹਾਂ ਜਲ ਵਿਚ ਵੱਸਣਾ, ਜਲ ਤੇ ਪਲਣਾ, ਤੇ ਫੇਰ ਨਿਰਲੇਪ ਰਹਿਣਾ ਤੇ ਫੇਰ ਵਿਗਸਣਾ (ਖਿੜਨਾ) – ਨਾਨਕ ਭਗਤਾ ਸਦਾ ਵਿਗਾਸੁ। ਚਾਹੇ ਸਾਡੇ ਵਿਚ ਤਿਆਗੀ ਹੋਣਾ ਮਨ੍ਹਾਂ ਨਹੀਂ, ਪਰ ਸ਼ਰਤ ਇਹ ਹੈ ਕਿ ਤੀਬਰ ਵੈਰਾਗ ਹੋਵੇ, ਫੇਰ ਘਾਲ ਪੂਰੀ ਘਾਲੇ, ਤੇ ਨਿਜ ਸੁਖ, ਆਤਮ ਸੁਖ ਤੇ ਪ੍ਰਮਾਤਮ ਸੁਖ ਦੀ ਲੱਖਤਾ ਤੇ ਅੱਪੜੇ। ਫੇਰ ਇਸ ਪ੍ਰਮਾਤਮ ਸੁਖ ਵਿਚ ਆ ਕੇ ਜਗਤ ਨੂੰ ਆਤਮ ਸੁਖ ਦਾਨ ਕਰੇ 'ਆਪਿ ਜਪੈ ਅਵਰਹ ਨਾਮੁ ਜਪਾਵੈ।' ਅਤੀਤਤਾਈਂ ਤਾਂ ਸਫਲ ਹੁੰਦੀ ਹੈ ਜੇ ਅਤੀਤ ਆਪਣਾ ਜੀਵਨ ਨਿਜ ਸੁਖ ਦੀ ਲਖਤਾ ਦਾ ਪ੍ਰਾਪਤ ਕਰੇ ਫਿਰ ਜੀਵੇ ਪਰ ਸੁਖ ਲਈ –

ਯਥਾ – ਓਇ ਪੁਰਖ ਪ੍ਰਾਣੀ ਧੰਨਿ ਜਨ ਹਰਿ ਉਪਦੇਸੁ ਕਰਹਿ ਪਰਉਪਕਾਰਿਆ।

ਇਸੇ ਤਰ੍ਹਾਂ ਸਾਡੇ ਵਿਚ ਗ੍ਰਿਹਸਤੀ ਸਿਖ ਦਾ ਆਦਰਸ਼ ਹੈ – ਆਚਰਣ ਉੱਚਾ ਕਰੇ, ਸੱਚ ਨਾਲ ਨੇਹੁੰ ਲਾਵੇ, ਛਲ ਕਪਟ ਦਗੇ ਤੋਂ ਬਚੇ, ਜ਼ੋਰ ਜ਼ੁਲਮ ਧੱਕਾ ਨਾ ਕਰੇ, ਬਾਣੀ ਪੜ੍ਹੇ. ਬਾਣੀ ਤੇ ਟਿਕੇ, ਵੀਚਾਰੇ, ਅਮਲ ਕਰੇ, ਨਾਮ ਜਪੇ, ਸਿਮਰੇ, ਨਾਮ ਵਿਚ ਦ੍ਰਿੜ੍ਹਤਾ ਪਾਵੇ, ਆਤਮ ਲੱਖਤਾ ਵਿਚ ਆਵੇ। ਫਿਰ ਆਪ ਸੁਖੀ ਹੋਵੇ ਤੇ ਦੂਸਰੇ ਸਿੱਖਾਂ ਦੀ ਕਿ ਸਿੱਖ ਪੰਥ ਦੀ ਤੇ ਜਗਤ ਦੀ ਸੇਵਾ ਕਰੇ। ਸਾਂਈ ਵਲੋਂ ਗਾਫਲੀ, ਨਾਮ ਤੋਂ ਵਿਸਾਰਾ, ਆਚਰਣ ਵਲੋਂ ਬੇਪਰਵਾਹੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਬਚਣੇ ਤੋਂ ਬੇਤਰਲਾ ਹੋਣਾ ਇਹ ਸਿੱਖ ਗ੍ਰਿਹਸਤੀ ਲਈ ਸਿੱਖੀ ਜੀਵਨ ਨਹੀਂ ਹੈ।

ਰੀਗੋ – ਜੇ ਔਖ ਨਾ ਮੰਨੋ ਤਾਂ ਮੈਂ ਇਕ ਗੱਲ ਹੋਰ ਪੁੱਛਣੀ ਹੈ।

ਸੰਤ – ਜੀ ਸਦਕੇ ਪੁੱਛੋ।

ਰੀਗੋ – ਤੁਹਾਨੂੰ ਪਤਾ ਹੈ, ਹਿੰਦ ਦੇ ਪੱਛਮ ਵਲ, ਬੰਬਈ ਤੋਂ ਹੇਠਾਂ ਇਕ ਗੋਆ ਨਾਮੇ ਸ਼ਹਿਰ ਹੈ। ਮੈਂ ਤੇ ਰੈਵਰੈਂਡ ਸਾਹਿਬ ਅਸੀਂ ਉਧਰ ਦੇ ਰਹਿਣ ਵਾਲੇ ਹਾਂ, ਸਾਨੂੰ ਉਧਰ ਪੰਜਾਬ ਦਾ ਪਤਾ ਘੱਟ ਲਗਦਾ ਹੈ। ਜੋ ਕੁਛ ਅਸਾਂ ਨੇ ਸਿੱਖਾਂ ਬਾਬਤ ਸੁਣਿਆਂ ਹੋਇਆ ਸੀ ਕਿ ਇਹ ਇਕ ਜੰਗਜੂ ਤੇ ਬਹਾਦਰ ਕੌਮ ਹੈ ਜਿਸਦਾ ਕਿੱਤਾ ਸਿਪਾਹਗੀਰੀ ਹੈ। ਪਰ ਦੈਵ ਸਾਨੂੰ ਇਸ ਪਾਸੇ ਵਲ ਲੈ ਆਇਆ ਤਾਂ ਅਸੀਂ ਡਿੱਠਾ ਕਿ ਸਿੱਖ ਦੁਕਾਨਕਾਰ ਵਪਾਰੀ ਬੀ ਹਨ, ਕਾਰੀਗਰ ਵੀ ਹਨ, ਜ਼ਿੰਮੀਦਾਰ ਬੀ ਹਨ, ਸਰਕਾਰੀ ਅਫਸਰ ਬੀ ਹਨ। ਜੋ ਨਾ ਕੇਵਲ ਵਿਦਵਾਨ ਹਨ ਸਗੋਂ ਆਲਮ ਬਾ–ਅਮਲ ਹਨ। ਤੁਹਾਨੂੰ ਮਿਲ ਕੇ ਪਤਾ ਲੱਗਾ ਕਿ ਆਪ ਦਾ ਧਰਮ ਬੜਾ ਉੱਚਾ ਸੁੱਚਾ ਤੇ ਸੋਹਣੇ ਬਾ–ਕਮਾਲ ਆਦਰਸ਼ਾਂ ਵਾਲਾ ਹੈ। ਆਪ ਵਿਚ ਫਿਲਸਫਾ ਹੈ, ਵੀਚਾਰ ਹੈ, ਕਰਨੀ ਹੈ, ਰਹਸਯ ਹੈ, ਇਖਲਾਕ ਹੈ। ਮੈਂ ਹੈਰਾਨ ਹੋ ਰਿਹਾ ਹਾਂ ਕਿ ਆਪ ਦੇ ਆਦਰਸ਼ ਸਾਡੇ (ਡਯੂਸੋਜ਼ਾ ਵਲ ਤੱਕ ਕੇ) ਮਤ ਨਾਲੋਂ ਘੱਟ ਨਹੀਂ। ਹਰ ਕੋਈ ਆਪਣੇ ਮਨ ਨੂੰ ਉੱਚਾ ਸਮਝਦਾ ਹੈ, ਪਰ ਮੈਂ ਭਾਵੇਂ ਜਚਕੇ ਆਖਾਂ ਪਰ ਆਖ ਹੀ ਦੇਂਦਾ ਹਾਂ ਕਿ ਆਪ ਦੇ ਆਦਰਸ਼ ਸਾਡੇ ਮਨ ਤੋਂ ਨੀਵੇਂ ਨਹੀਂ ਉਚੇਰੇ ਹਨ। ਸੋ ਅਸੀਂ ਮੰਨਦੇ ਹਾਂ ਕਿ ਈਸਾਈ ਹੋਏ ਬਿਨਾਂ ਗਤੀ ਨਹੀਂ ਪਰ ਮੈਂ ਕਹਿਣੋਂ ਰੁਕ ਨਹੀਂ

ਸਕਦਾ ਕਿ ਆਪ ਦੇ ਮਤ ਦੇ ਅਨੁਯਾਈ ਦੀ ਗਤੀ ਕਿਵੇਂ ਰੁਕ ਨਹੀਂ ਸਕਦੀ। ਮੈਨੂੰ ਕਿਸੇ ਨੇ ਲਾਹੌਰ ਵਿਚ ਹੋ ਚੁੱਕੇ ਪਾਦਰੀ ਫੋਰਮੈਨ ਦੀ ਰਾਇ ਸਿੱਖ ਧਰਮ ਬਾਬਤ ਦੱਸੀ ਸੀ, ਪਰ ਮੈਂ ਤਦੋਂ ਉਹ ਸ਼ੱਕ ਨਾਲ ਹੀ ਸੁਣੀ ਸੀ, ਅੱਜ ਪ੍ਰਤੱਖ ਡਿੱਠਾ ਹੈ ਕਿ ਉਹ ਆਪਣੇ ਧਰਮ ਦਾ ਲਿਹਾਜ਼ ਰਖਦੇ ਹੋਏ ਹੋਰ ਕੀ ਆਖਦੇ।

ਸੰਤ – ਉਨ੍ਹਾਂ ਕੀਹ ਕਿਹਾ ਸੀ?

ਰੀਗੋ – ਸੁਣਿਆਂ ਹੈ ਕਿ ਉਹ ਗੁਰੂ ਨਾਨਕ ਦੇਵ ਦਾ ਨਾਮ ਲੈ ਕੇ ਖੁਸ਼ੀ ਵਿਚ ਆ ਜਾਂਦੇ ਤੇ ਬਹੁਤ ਤਾਰੀਫ ਕੀਤਾ ਕਰਦੇ ਸੀ ਤੇ ਕਦੇ ਕਹਿ ਦਿਆ ਕਰਦੇ ਸੀ ਕਿ ਜੇ ਮੈਂ ਈਸਾਈ ਨਾ ਹੋਵਾਂ ਤਾਂ ਮੈਂ ਫੇਰ ਜੇ ਕੋਈ ਮਤ ਧਾਰਨ ਕਰਾਂ ਤਾਂ ਉਹ ਹੋਵੇਗਾ ਸਿੱਖ ਮਤ। ਇਸ ਦੇ ਅਰਥ ਭਾਵ ਮੈਂ ਇਹ ਸਮਝਦਾ ਹਾਂ ਕਿ ਉਹ ਸਿੱਖ ਮਤ ਦੇ ਜਾਣੂ ਹੋ ਗਏ ਸਨ ਔਰ ਇਸ ਦੀ ਅਤਿਅੰਤ ਕਦਰ ਦਿਲੋਂ ਕਰਦੇ ਸਨ। ਹੁਣ ਮੈਂ ਆਪ ਤੋਂ ਇਹ ਗੱਲ ਪੁੱਛਣੀ ਹੈ ਕਿ ਜੋ ਧਰਮ ਆਪ ਨੇ ਮੁਖਤਸਰ ਤਰੀਕੇ ਤੇ ਸੁਣਾਇਆ ਹੈ ਉਹ ਹੈ ਪਿਆਰ ਦਾ, ਭਗਤੀ ਦਾ, ਉਪਕਾਰ ਦਾ, ਪਰਉਪਕਾਰ ਦਾ। ਫਿਰ ਉਹ ਧਰਮ ਕੀਕੂੰ ਤਲਵਾਰਾਂ ਮਾਰਦਾ, ਲੜਾਈਆਂ ਲੜਦਾ, ਫਤਹਿ ਦੇ ਨਾਅਰੇ ਲਾਉਂਦਾ ਹੈ ਜੋ ਕਿ ਇਨਸਾਨੀਅਤ ਦੇ ਐਸੇ ਡੂੰਘੇ ਭਾਵ ਧਾਰਨ ਕਰਨ ਵਾਲਾ ਤੇ ਰੂਹਾਨੀਅਤ ਦੇ ਵਲਵਲੇ ਪ੍ਰਤੀਤਕਰਨ ਵਾਲਾ ਹੈ।

ਸੰਤ (ਇਕ ਲੰਮਾ ਸਾਹ ਲੈ ਕੇ) – ਸਤਿਕਾਰਯੋਗ ਜੀ! ਸਿੱਖ ਧਰਮ ਦਾ ਮੂਲ ਹੈ 'ਆਤਮ ਲਖਤਾ ਦੁਆਰਾ ਨਿਜ ਸੁਖ ਨੂੰ ਪ੍ਰਾਪਤ ਕਰਨਾ। ਇਸ ਸੁਖ ਨੂੰ ਪ੍ਰਾਪਤ ਹੋ ਕੇ ਪਰ ਸੁਖ ਨੂੰ ਨਿਜ ਸੁਖ ਸਮਝਣਾ ਤੇ ਫੇਰ ਅੰਤਰ ਆਤਮੇਂ ਅਤੀਤ ਰਹਿਨਾ।

ਰੀਗੋ – ਆਤਮ ਲੱਖਤਾ ਕੀ ਹੁੰਦੀ ਹੈ?

ਸੰਤ – ਸਾਡੇ ਆਤਮਾ ਯਾ ਰੂਹ ਦਾ ਇਸ ਦਿੱਸਦੇ ਵੱਸਦੇ ਸੰਸਾਰ ਦੇ ਅਸਲੇ ਨਾਲ ਮੇਲ। ਮਨ ਕਰਕੇ ਜਾਣਨ ਮਾਤ੍ਰ ਨਹੀਂ ਪਰ ਮੇਲ-ਸਮਾਈ। ਸਾਡਾ ਆਪਾ ਸਾਧਾਰਨ ਜ਼ਿੰਦਗੀ ਵਿਚ ਬਾਹਰਲੇ ਉਦਾਲੇ ਪੁਦਾਲੇ ਵਿਚ ਲਗ ਰਿਹਾ ਹੈ ਕਿ ਕੀਕੂੰ ਜੀਵੀਏ ਤੇ ਸੁਖੀ ਰਹੀਏ। ਇਉਂ ਹਰ ਵੇਲੇ ਇਹ ਬਾਹਰ ਮੁਖ ਹੋਇਆ ਰਹਿੰਦਾ ਹੈ। ਇਸਨੂੰ ਅੰਦਰ ਨੂੰ ਵੀ ਮੋੜੀਦਾ ਹੈ ਕਿ ਇਹ ਕਿਸੇ ਵੇਲੇ ਆਪੇ ਨੂੰ ਨਿਰੋਲ ਆਪੇ ਵਿਚ ਅਨੁਭਵ ਕਰੇ। ਇਸ ਤਰ੍ਹਾਂ ਅੰਤਰ ਮੁਖ ਹੁੰਦਾ ਹੁੰਦਾ ਇਹ ਪਹਿਲੇ ਆਪੇ ਤੇ ਫੇਰ ਪਰਮ ਆਪੇ ਨੂੰ ਮਿਲ ਪੈਂਦਾ ਹੈ। ਪਰਮ ਆਪਾ ਉਹ ਹੈ ਜਿਸਨੂੰ ਵਾਹਿਗੁਰੂ, ਖੁਦਾ, ਪਰਮੇਸ਼ਰ ਆਖੀਦਾ ਹੈ, ਜੋ ਸਾਰੇ ਦਿੱਸਦੇ ਦਾ ਮੂਲ ਹੈ ਤੇ ਜੋ ਸਾਰੇ ਦਾ ਕਰਣਹਾਰ, ਸੰਮ੍ਹਾਲਨਹਾਰ ਤੇ ਫੇਰ ਅਤੀਤ ਹੈ। ਜਿਸ ਤਰ੍ਹਾਂ ਅਸੀਂ ਪੰਜਾਂ ਇੰਦਰਿਆਂ ਦੁਆਰਾ ਬਾਹਰਲੇ ਸੰਸਾਰ ਨਾਲ ਰਚੇ ਮਿਚੇ ਹੋਏ ਹਾਂ, ਇਸ ਤਰ੍ਹਾਂ ਅੰਦਰਲੇ ਟਿਕਾਉ ਨਾਲ ਪਰਮ ਆਪੇ ਵਿਚ ਜਾ ਜੁੜੀਦਾ ਹੈ। ਉਹ ਹੈ ਪਰਮ ਪ੍ਰਯੋਜਨ ਮਨੁਖਾ ਜਨਮ ਦਾ।

ਰੀਗੋ – ਇਹ ਤਾਂ ਆਪ ਸੁਖੀ ਹੋਣ ਦਾ ਮਾਰਗ ਹੋਇਆ ਫੇਰ ਉਪਕਾਰ ਦੀ ਥਾਂ ਕਿੱਥੇ ਹੈ?

ਸੰਤ – ਇਹ ਸਿੱਖੀ ਮਾਰਗ ਪ੍ਰੇਮ ਦਾ ਮਾਰਗ ਹੈ। ਜਿਵੇਂ ਬਾਹਰਲੇ ਸਮਾਨਾਂ ਤੇ ਸੱਜਣਾਂ ਵਿਚ ਅਸੀਂ ਕਿਸੇ ਲਗਨ ਯਾ ਰਾਗ ਨਾਲ ਲੱਗੇ ਪਏ ਹਾਂ, ਇਸੇ ਤਰ੍ਹਾਂ ਅੰਦਰਲੇ ਦੀ ਲਗਨ ਯਾ ਰਾਗ ਨਾਲ ਵਾਹਿਗੁਰੂ ਜੀ ਨਾਲ ਲੱਗਾਂਗੇ। 'ਰਾਗ' ਨਾਮ ਪ੍ਰੇਮ ਦਾ ਹੈ। 'ਪਰਮ ਆਪੇ' ਨਾਲ ਜਦੋਂ ਪ੍ਰੇਮ ਕਰਦਿਆਂ 'ਆਪਾ' ਪਰਮ ਆਪੇ ਵਿਚ ਜਾ ਮਿਲਦਾ ਹੈ ਤਾਂ ਫਿਰ ਓਹ ਪਰਮ ਆਪਾ ਬਾਹਰ ਵੀ ਸਾਰੇ ਵਿਆਪਕ ਦੇਖਣਾ ਲਿਖਿਆ ਹੈ। ਉਰਿਧਾਰੈ ਜੋ ਅੰਤਰਿ ਨਾਮੁ। ਸਰਬ ਮੈਂ ਪੇਖੈ ਭਗਵਾਨੁ। ਸੋ ਜਦ ਪਰਮ ਆਪੇ ਦਾ ਮੇਲ ਬਾਹਰ ਦੇਖਦਾ ਹੈ ਤਾਂ ਜਗਤ ਵਿਚ ਦੁਖ ਬੀ ਦੇਖਦਾ ਹੈ। ਸੁਤੇ ਹੀ ਪਰਮਾਤਮ ਅਨੁਭਵੀ ਪੁਰਖ ਦੁਖ ਹਰਨ ਵਿਚ ਸੁਖ ਪਰਤੀਤ ਕਰਦਾ ਹੈ। ਉਹ ਫਿਰ ਜਾਚ ਸਿਖਦਾ ਹੈ ਕਿ ਉਸ ਦਾ ਆਪਾ ਤਾਂ ਪਰਮ ਆਪੇ ਨਾਲੋਂ ਵਿਛੋੜੇ ਵਿਚ ਮੁੜ ਨਾ ਕਦੇ ਆਵੇ ਤੇ ਦੁਖ ਹਰਨ ਬੀ ਹੁੰਦਾ ਰਹੇ। ਇਸੇ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਗ੍ਰਿਹਸਤ ਉਦਾਸ ਪਿਆਰਿਆਂ ਨੂੰ ਆਗਿਆ ਕੀਤੀ –

***ਸੋ ਗਿਰਹੀ ਜੋ ਨਿਗ੍ਰਹੁ ਕਰੈ॥***
***ਜਪੁ ਤਪੁ ਸੰਜਮੁ ਭੀਖਿਆ ਕਰੈ॥***
***ਪੁੰਨ ਦਾਨ ਕਾ ਕਰੇ ਸਰੀਰ॥***
***ਸੋ ਗਿਰਹੀ ਗੰਗਾ ਕਾ ਨੀਰੁ॥***

ਰੀਗੋ – ਇਸ ਦਾ ਅਰਥ ਸਮਝਾਓ।

ਸੰਤ – ਗੁਰੂ ਨਾਨਕ ਦੇਵ ਦਾ ਗ੍ਰਿਹਸਤੀ ਉਹ ਹੈ ਜੋ ਆਪਣੇ ਆਤਮਾ ਨੂੰ ਏਕਾਗਰ ਕਰਦਾ ਵਾਹਿਗੁਰੂ ਮੇਲ ਵਿਚ ਲੈ ਆਵੇ ਤੇ ਰੱਖੇ। ਜਪ, ਤਪ, ਸੰਜਮ ਆਦਿ ਸਾਧਨਾਂ ਨਾਲ ਇਹ ਅਵਸਥਾ ਪ੍ਰਾਪਤ ਕਰੇ ਤੇ ਕਾਇਮ ਰੱਖੇ, ਪਰ ਸਰੀਰ ਨਾਲ ਪੁੰਨ ਦਾਨ ਕਰੇ, ਅਰਥਾਤ ਜਗਤ ਦਾ ਦੁਖ ਹਰੇ। ਉਹ ਗ੍ਰਿਹਸਤੀ ਨਿਰਮਲ ਹੈ ਜਿਵੇਂ ਅਸਾਡੇ ਪਾਸ ਦੇਖੋ ਗੰਗਾ ਦਾ ਪਾਣੀ ਕੈਸਾ ਨਿਰਮਲ ਵਹਿ ਰਿਹਾ ਹੈ। ਆਪ ਨਿਸ਼ਕਾਮ ਹੈ, ਪਰ ਫੇਰ ਉਪਕਾਰ ਕਰ ਰਿਹਾ ਹੈ, ਫਿਰ ਉਪਕਾਰ ਕਰਦਾ ਮੈਲਾ ਨਹੀਂ ਹੁੰਦਾ। ਹਾਂ ਜੀਓ! ਬ੍ਰਹਮ ਗਿਆਨੀ ਅਰਥਾਤ ਪਰਮਾਤਮ ਅਨੁਭਵਤਾ ਵਾਲਾ ਪੁਰਖ ਕਿਸੇ ਮਨੋਂ-ਵੇਗ ਵਿਚ ਉਪਕਾਰ ਨਹੀਂ ਕਰਦਾ, ਨਾ ਉਪਕਾਰ ਉਸ ਦਾ ਕੁਛ ਵਧਾਉਂਦਾ ਹੈ। ਉਹ ਤਾਂ ਗੋਲ ਹੈ, ਗੋਲ ਨੇ ਵਧੇਰੇ ਗੋਲ ਕੀਹ ਹੋਣਾ ਹੋਇਆ। ਪਰਉਪਕਾਰ ਤਾਂ ਭਰ ਕੇ ਉਛਲੇ ਸੋਮੇ ਵਾਂਗੂੰ ਉਸਦਾ ਉਮਾਹੁ ਹੁੰਦਾ ਹੈ ਜੈਸਾ ਕਿ ਲਿਖਿਆ ਹੈ ਪੰਜਵੇਂ ਗੁਰੂ ਜੀ ਨੇ 'ਬ੍ਰਹਮਗਿਆਨੀ ਪਰਉਪਕਾਰ ਉਮਾਹਾ'। 'ਉਮਾਹ'

ਭਰ ਭਰ ਕੇ ਪਿਆ ਡੁੱਲ੍ਹਣਾ। ਇਸ ਕਰਕੇ ਬ੍ਰਹਮ ਗਿਆਨੀ ਉਪਕਾਰ ਕਰਦਾ ਹੋਇਆ ਮੈਲਾ ਨਹੀਂ ਹੁੰਦਾ, ਉਹ ਗੰਗਾ ਦੇ ਨੀਰ ਵਾਂਗੂੰ ਨਿਰਮਲ ਹੀ ਨਿਰਮਲ ਰਹਿੰਦਾ ਹੈ।

ਰੀਗੋ – ਇਹ ਬਹੁਤ ਉਤਮ ਆਦਰਸ਼ ਆਪ ਨੇ ਦੱਸਿਆ ਹੈ, ਪਰੰਤੂ ਪਰਉਪਕਾਰ ਬੜਾ ਝੰਜਟ ਹੈ, ਬੜਾ ਦੁਖਾਂ ਨਾਲ ਵੇੜ੍ਹਿਆ ਹੈ। ਮਨ ਨੂੰ ਉਖੇੜਦਾ ਤੇ ਉਸੇ ਤਰ੍ਹਾਂ ਫਸਾਉਂਦਾ ਹੈ ਜੀਕੂੰ ਆਪਣੀਆਂ ਲੋੜਾਂ ਦੇ ਕੰਮ ਫਸਾਉਂਦੇ ਹਨ।

ਸੰਤ – ਠੀਕ ਹੈ। ਕੀਮਤੀ ਚੀਜ਼ਾਂ ਘੱਟ ਹੁੰਦੀਆਂ ਹਨ, ਉੱਚਾ ਜੀਵਨ ਬੀ ਤਿਵੇਂ ਆਮ ਨਹੀਂ ਹੁੰਦਾ। ਪਰ ਜਦ ਆਦਰਸ਼ ਬੰਨ੍ਹ ਦਿਤਾ ਜਾਏ ਤਾਂ ਸਭ ਕਿਸੇ ਦਾ ਮਨ ਉਸ ਪਾਸੇ ਨੂੰ ਉਮਲਦਾ ਹੈ। ਜਗਿਆਸੂ ਫੇਰ ਬਾਹੀਂ ਮਾਰਦਾ ਹੈ ਤੇ ਵਾਹਿਗੁਰੂ ਮਿਹਰ ਨਾਲ ਪ੍ਰਾਪਤੀ ਹੁੰਦੀ ਹੈ ਤੇ ਜਤਨ ਨਾਲ ਆਦਰਸ਼ ਦੇ ਨੇੜੇ ਨੇੜੇ ਹੁੰਦਾ ਜਾਂਦਾ ਹੈ।

ਰੀਗੋ – ਤੁਸਾਂ ਕੋਈ ਵੇਖੇ ਸੁਣੇ ਹਨ ਚੋਟੀ ਦੇ ਐਸੇ ਲੋਕ?

ਸੰਤ – ਸਭ ਤੋਂ ਪਹਿਲੋਂ ਤਾਂ ਸਾਡੇ ਦੱਸਾਂ ਸਤਿਗੁਰਾਂ ਨੇ ਇਸ ਜੀਵਨ ਦੀ ਸਿਖਿਆ ਦੇ ਕੇ ਪੂਰਨੇ ਪਾਏ। ਜੋ ਕਿਹਾ ਸੋ ਕਰਕੇ ਦੱਸਿਆ। ਪੰਜਵੇਂ ਤੇ ਨਾਵੇਂ ਸਤਿਗੁਰਾਂ ਨੇ ਸਰੀਰ ਤੱਕ ਦੇ ਦਿਤੇ ਪਰ ਆਪਣੇ ਰੰਗ ਰੱਤੇ ਹੀ ਰਹੇ। ਪੰਜਵੇਂ ਸਤਿਗੁਰਾਂ ਦੇ ਦੁਖ ਭਰੇ ਚਲਾਣੇ ਬਾਬਤ ਉਨ੍ਹਾਂ ਦੇ ਨਿਕਟ ਵਰਤੀ ਲੇਖਕ ਨੇ ਲਿਖਿਆ ਹੈ –

***ਸ਼ਬਦ ਸੁਰਤ ਲਿਵ ਮਿਰਗ ਜਿਉਂ***
***ਭੀੜ ਪਈ ਚਿਤ ਅਵਰ ਨ ਆਣੀ।***
***ਚਰਨ ਕਵਲ ਮਿਲ ਭਵਰ ਜਿਉਂ***
***ਸੁਖਸੰਪਟ ਵਿਚ ਰੈਣ ਵਿਹਾਣੀ॥***
***ਗੁਰ ਅਰਜਨ ਵਿਟਹੁ ਕੁਰਬਾਣੀ।***

ਅਰਥਾਤ ਵੈਰੀਆਂ ਦੇ ਦਿਤੇ ਤਸੀਹਿਆਂ ਨਾਲ ਸਰੀਰ ਛਾਲੇ ਛਾਲੇ ਹੋ ਰਿਹਾ ਸੀ, ਉਸ ਕਸ਼ਟਾਂ ਦੀ ਰਾਤ ਵਿਚ ਜਦੋਂ ਅਗਲੇ ਦਿਨ ਸਰੀਰ ਛੋੜਿਆ ਆਪਣੇ ਪਰਮਾਤਮ ਰੰਗ ਵਿਚ ਰਹੇ। ਮਨ ਰੂਪੀ ਡੱਬੇ ਵਿਚ ਸ਼ੁੱਧ ਸਰੂਪ ਪਰਮਾਤਮ ਦੇਵ ਮਿਲੇ ਰਹੇ। ਨਾਵੇਂ ਗੁਰੂ ਸਾਹਿਬ ਨੇ ਆਪਣੀ ਅੰਤਰੀਵ ਅਵਸਥਾ ਐਉਂ ਦੱਸੀ ਹੈ –

***ਮਾਈ ਮੈ ਧਨੁ ਪਾਇਓ ਹਰਿਨਾਮੁ॥***
***ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥***
***ਮਾਇਆ ਮਮਤਾ ਤਨ ਤੇ ਭਾਗੀ***
***ਉਪਜਿਓ ਨਿਰਮਲ ਗਿਆਨ॥***
***ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥***

ਇਹ ਤਸਵੀਰ ਆਪ ਜੀ ਨੇ ਆਪਣੇ ਹਿਰਦੇ ਦੀ ਦਿਖਾਈ ਹੈ ਕਿ ਨਾ ਨਿਰਮਲ ਤੋਂ ਨਿਰਮਲ? ਜਦ ਪਰਉਪਕਾਰ ਵਿਚ ਸੀਸ ਦੇਣ ਦਾ ਸਮਾਂ ਆਇਆ ਤਾਂ ਅਡੋਲਤਾ ਵਿਚ ਰਹੇ, ਇਸੇ ਰੰਗ ਵਿਚ ਰੱਤੇ ਰਹੇ। ਆਪ ਜੀ ਨੇ ਉਸ ਵੇਲੇ ਦੀ ਆਪਣੀ ਬਾਹਰਲੀ ਹਾਲਤ ਐਉਂ ਦੱਸੀ –

***ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥***
***ਪਰ ਅੰਦਰਲੀ ਅਵਸਥਾ ਐਉਂ ਦੱਸੀ –***
***ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ॥***
***ਨਾਨਕ ਸਭੁ ਕਿਛੁ ਤੁਮਰੈ ਹਾਥ ਮੈ***
***ਤੁਮ ਹੀ ਹੋਤ ਸਹਾਇ॥***

ਫਿਰ ਬਾਹਰਲੀ ਹਾਲਤ ਐਉਂ ਦੱਸੀ –

***ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ॥***

ਪਰ ਫਿਰ ਦੱਸਿਆ 'ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ।'

ਜਿਸ ਦਾ ਇਹ ਅਰਥ ਹੈ ਕਿ ਮੇਰਾ ਕੰਮ ਨਾਮ ਜਪਣ ਤੋਂ ਜਪਾਉਣ ਦਾ ਜਾਰੀ ਰਹੇਗਾ, ਨਾਮ ਦੇ ਪ੍ਰਚਾਰਕ ਸਾਧੂ ਛੱਡ ਚੱਲਿਆ ਹਾਂ, ਨਾਮ ਦੀ ਵਿਦਿਆ ਦੇ ਚੱਲਿਆ ਹਾਂ, ਆਪਣੀ ਥਾਵੇਂ ਆਪਣਾ ਰੂਪ ਗੋਬਿੰਦ ਸਿੰਘ ਦੇ ਰੂਪ ਵਿਚ ਗੁਰੂ ਦੇ ਚੱਲਿਆ ਹਾਂ। ਪਰ ਉਸ ਵੇਲੇ ਦੀ ਆਪਣੀ ਮਨ ਦੀ ਅਵਸਥਾ ਐਉਂ ਦੱਸੀ –

***ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥***
***ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥***

ਦੇਖੋ ਉਸ ਵੇਲੇ ਬੀ ਦੱਸ ਰਹੇ ਹਨ ਕਿ ਮੇਰੀ ਅੰਤਰ ਮੁਖ ਬ੍ਰਿਤੀ ਨਾਮ ਵਿਚ ਲਿਵ ਧਾਰੀ ਹੈ। ਜੋ ਸੰਕਟ ਦੀ ਦਸ਼ਾ ਵਿਚ ਬੀ ਵਾਹਿਗੁਰੂ ਦਰਸ਼ਨ ਵਿਚ ਰੱਖ ਰਹੀ ਹੈ। ਦੇਖ ਲਓ ਕਿ ਸੰਕਟ ਉਸ ਦਰਸ਼ਨ ਵਿਚ ਪ੍ਰਤਿਬੰਧਕ ਨਹੀਂ ਹੋ ਰਿਹਾ ਹੈ, ਕੈਸੀ ਪ੍ਰਪੱਕਤਾ ਹੈ ਤੇ ਸਾਂਈ ਦੀ ਦਰਸ਼ਨ ਦਾਤੀ ਹੈ। ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਪਵਿੱਤਰ ਸਾਕੇ ਪਰ ਫੁਰਮਾਯਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਨੂੰ ਠੀਕਰੇ ਦੀ ਤਰ੍ਹਾਂ ਸੁੱਟ ਦਿਤਾ ਤੇ ਪ੍ਰਭੂ ਦੇ ਦੇਸ਼ ਚਲੇ ਗਏ। ਅਰਥਾਤ ਉਨ੍ਹਾਂ ਨੇ ਆਪਣੇ ਸਰੀਰ ਦੇ ਦੇਣ ਦਾ ਸ਼ੋਕ ਇਤਨਾ ਨਹੀਂ ਕੀਤਾ ਜਿਤਨਾ ਕਿ ਉਹ ਇਕ ਮਿੱਟੀ ਦੇ ਭਾਂਡੇ ਦੇ ਟੁੱਟਣ ਦਾ ਸ਼ੋਕ ਕਰਦੇ।

ਡਯੂਸੋਜ਼ਾ (ਲੰਮਾ ਸਾਹ ਲੈ ਕੇ) – ਕਮਾਲ ਹੈ! ਧੰਨ ਹੈਨ ਖੁਦਾ ਦੇ ਪਿਆਰੇ!

ਸੰਤ – ਸ਼ਹੀਦ ਤਾਂ ਕਈ ਹੋਏ, ਹਠ ਵਿਚ ਅਨੇਕਾਂ ਨੇ ਸਿਰ ਦਿਤੇ। ਜੋਧੇ ਜੰਗ ਵਿਚ ਹਉ ਆਸ਼੍ਰਿਤ ਸ਼ਹੀਦ ਹੁੰਦੇ ਹੀ ਹਨ। ਕਮਾਲ ਇਸ ਗੱਲ ਵਿਚ ਹੈ ਕਿ ਹਉਂ ਅਤੀਤ ਹੋਣਾ, ਸਾਂਈ ਦੇ ਰੰਗ ਰੱਤੇ ਹੋਣਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਤੇ ਫਤੇ ਹੋਣੀ, ਕੋਈ ਗਰਜ਼ ਨਾ ਹੋਣੀ, ਇਸ ਪਰਮ ਪਦ ਦੀ ਅਵਸਥਾ ਦੀ ਪ੍ਰਾਪਤੀ ਵਿਚ ਜਗਤ ਦੇ ਭਲੇ ਲਈ ਆਪਾ ਵਾਰ ਦੇਣਾ। ਉਨ੍ਹਾਂ ਦੀ ਇਸ ਕੁਰਬਾਨੀ ਨੇ ਹਿੰਦ ਵਿਚ ਧਰਮ ਦੀ ਖੁੱਲ੍ਹ ਦਾ ਰਸਤਾ ਖੋਲ੍ਹ ਦਿਤਾ। ਫੇਰ ਉਨ੍ਹਾਂ ਦੇ ਬੇਗਰਜ਼ ਤੇ ਨਾਮ ਪ੍ਰਾਪਤ ਸਿੱਖਾਂ ਦੀਆਂ ਕੁਰਬਾਨੀਆਂ ਹੋਈਆਂ। ਧੁਰੋਂ ਆਇਆਂ ਦੀ ਸਮਰਥਾ ਤੇ ਕਰਨੀ ਬਹੁਤ ਬਲਵਾਨ ਹੁੰਦੀ ਹੈ, ਪਰ ਉਨ੍ਹਾਂ ਦੇ ਕੀਤੇ ਦੁਸ਼ਤਰ ਕੰਮ ਜਗਤ ਲਈ ਪੂਰਨੇ ਬਣ ਜਾਂਦੇ ਹਨ, ਜਿਨ੍ਹਾਂ ਨੂੰ ਦੇਖ ਜੀਵ ਬੀ ਹੌਸਲਾ ਫੜਦੇ,

ਘਾਲਾਂ ਕਰਦੇ ਤੇ ਸਿਰੇ ਚੜ੍ਹਦੇ ਹਨ।

ਰੀਗੋ - ਬਿਲਕੁਲ ਠੀਕ ਹੈ, ਪਰ ਬੇਅਦਬੀ ਮਾਫ ਕਰਨੀ ਜੇ ਪੁੱਛਾਂ ਕਿ ਐਡੀ ਸਹਿਨਸ਼ੀਲਤਾ ਤੇ ਕੁਰਬਾਨੀਆਂ ਦੇ ਦੇ ਕੇ ਫੇਰ ਤੁਸਾਂ ਆਪ ਉਹੋ ਤਲਵਾਰ ਕਿਉਂ ਪਕੜੀ?

ਸੰਤ - ਜਦੋਂ ਪੰਜਵੇਂ ਗੁਰਾਂ ਤੋਂ ਧਰਮ ਮੰਗਿਆ ਗਿਆ, ਉਨ੍ਹਾਂ ਨੇ ਧਰਮ ਨਾ ਦਿਤਾ ਪਰ ਜਿੰਦ ਦਿਤੀ। ਜਦੋਂ ਨਾਵੇਂ ਗੁਰਾਂ ਨੇ ਧਰਮ ਨਾ ਦਿਤਾ ਪਰ ਸੀਸ ਦੇ ਦਿਤਾ ਤਾਂ ਪੰਜਵੇਂ ਤੇ ਨਾਵੇਂ ਗੁਰਾਂ ਦੇ ਮਗਰੋਂ ਆਏ ਗੱਦੀ ਨਸ਼ੀਨ ਪੈਗੰਬਰਾਂ ਸ੍ਰੀ ਗੁਰੂ ਹਰਿ ਗੋਬਿੰਦ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਬੇਲ ਹੋ ਗਈ ਤੇ ਸੁਰਤ ਮਰਵਾ ਚੁੱਕੀ ਪਰਜਾ ਨੂੰ ਉਹੋ ਸੱਚ ਲਈ ਦ੍ਰਿੜ੍ਹਤਾ ਤੇ ਦ੍ਰਿੜ੍ਹਤਾ ਵਿਚ ਰਹਿ ਕੇ ਸਰੀਰ ਦੇਣ ਦੀ ਮਜ਼ਬੂਤੀ ਸਿਖਾਈ। ਜਿਵੇਂ ਸਤਿਗੁਰ ਨੇ ਆਪ ਕਰ ਦਿਖਾਇਆ ਸੀ ਕਿ ਇਹ ਤਨ ਮਿਥਿਆ ਹੈ, ਇਸ ਦਾ ਪ੍ਰਯੋਜਨ ਹੈ ਕਿ ਪਰਮ ਪਦ ਦੀ ਪ੍ਰਾਪਤੀ ਤੇ ਪ੍ਰਾਪਤੀ ਕਰਕੇ ਇਹ ਪ੍ਰਾਪਤੀ ਅਪ੍ਰਾਪਤ ਲੋਕਾਂ ਵਿਚ ਵਰਤਾਉਣੀ, ਫੇਰ ਜੇ ਆਪਣੀ ਪ੍ਰਾਪਤੀ ਦੀ ਦ੍ਰਿੜਤਾ ਲਈ ਇਕ ਦੂਸਰਿਆਂ ਨੂੰ ਦੇਣ ਦੇ ਸੁਭ ਕਾਰਜ ਵਿਚ ਕਸ਼ਟਣੀ ਆ ਬਣੇ ਤਾਂ ਦ੍ਰਿੜ੍ਹਤਾ ਰਹੇ, ਸੱਚ ਤੋਂ ਦ੍ਰਿੜ੍ਹਤਾ ਨਾ ਟੁੱਟੇ। ਇਹ ਗੱਲ ਹਰ ਸਿੱਖ ਵਿਚ ਆ ਜਾਵੇ, ਪਰਜਾ ਵਿਚ ਫੈਲ ਜਾਵੇ। ਪਹਿਲੋਂ ਸਾਂਈ ਪ੍ਰੇਮ ਤੇ ਸੱਚ ਸਿਖਾਇਆ ਜਾਂਦਾ ਸੀ। ਫੇਰ ਸੱਚ ਪਰ ਦ੍ਰਿੜ੍ਹਤਾ ਤੇ ਦੀਨਾਂ ਦੀ ਰੱਖਿਆ ਲਈ ਜਾਨ ਤੱਕ ਵਾਰਨ ਦਾ ਬੀਰ ਰਸੀ ਉਤਸ਼ਾਹ ਬੀ ਭਰਿਆ ਗਿਆ। ਇਸ ਲਈ ਗੁਰਬਾਣੀ ਦੇ ਅਤੇ ਨਾਮ ਦੇ ਪ੍ਰੇਮੀਆਂ ਆਪਣੇ ਸਿੱਖਾਂ ਨੂੰ ਇਹ ਦ੍ਰਿੜ੍ਹਤਾ ਸਿਖਾਈ, ਉਨ੍ਹਾਂ ਨੇ ਸੀਸ ਦਿਤੇ ਪਰ ਧਰਮ ਨਹੀਂ ਹਾਰੇ। ਤਦੋਂ ਆਮ ਪਰਜਾ ਹਿੰਦੂ ਸੀ ਤੇ ਰਾਜੇ ਮੁਗਲ ਸਨ ਜੋ ਜ਼ਾਲਮ ਸਨ ਤੇ ਆਪਣੇ ਦੀਨ ਨੂੰ ਪਰਦਾ ਬਣਾ ਕੇ ਧੱਕੇ ਕਰਦੇ ਸਨ। ਪਰਜਾ ਜ਼ੁਲਮਾਂ ਹੇਠ ਦਬ ਚੁਕੀ ਸੀ ਤੇ ਆਪਣੀ ਸੁਰਤਾਂ ਤਬਾਹ ਕਰ ਚੁੱਕੀ ਸੀ। ਓਸ ਸਮੇਂ ਇਕ ਸੰਪਰਦਾ ਸੀ ਭਲੇ ਲੋਕਾਂ ਦੀ, ਸਤਿਨਾਮੀਏ ਉਨ੍ਹਾਂ ਦਾ ਨਾਮ ਪੈਂਦਾ ਸੀ। ਇਸ ਸਤਿਨਾਮੀਆਂ ਦੀ ਸੰਪਰਦਾ ਤੇ ਪਾਤਸ਼ਾਹ ਖਫੇ ਹੋਇਆ, ਸਾਰੀ ਕਤਲ ਕਰਵਾ ਦਿਤੀ, ਕੋਈ ਨਾ ਕੁਸਕਿਆ। ਜੇਜ਼ੀਆ ਲਗਾਇਆ, ਹਿੰਦੂ ਹਜ਼ਾਰਹਾ ਕੱਠੇ ਹੋ ਕੇ ਆਏ ਕਿ ਪਾਤਸ਼ਾਹ ਨੂੰ ਅਰਜ਼ ਕਰੀਏ ਕਿ ਇਹ ਮਾਫ ਕਰੇ। ਪਾਤਸ਼ਾਹ ਨਮਾਜ਼ ਪੜ੍ਹ ਕੇ ਖੁਦਾ ਦੇ ਘਰੋਂ ਬਾਹਰ ਆਇਆ। ਅਰਜ਼ ਸੁਣ ਕੇ ਮੰਨਣੀ ਤਾਂ ਕਿਤੇ ਰਹੀ ਹਾਥੀ ਤੋਰ ਦਿਤੇ ਤੇ ਲੋਕ ਪੈਰਾਂ ਹੇਠ ਕੁਚਲ ਦਿਤੇ। ਪਰਜਾ ਇਹ ਧੱਕਾ ਬੀ ਸਭ ਸਹਿ ਗਈ। ਇਸ ਤਰ੍ਹਾਂ ਪਰਜਾ ਦੇ ਸਰੀਰ ਹੀ ਨਿਤਾਣੇ ਨਹੀਂ ਸਨ ਹੋ ਰਹੇ, ਸਗੋਂ ਸਹਿਮਾ ਵਿਚ ਸਨ ਤੇ ਸੁਰਤਾਂ ਵਿਚੋਂ ਤਾਣ ਟੁੱਟ ਰਿਹਾ ਸੀ। ਸੁਰਤ ਦਾ ਤਾਣ ਟੁੱਟਣਾ ਇਖਲਾਕੀ ਮੌਤ ਹੈ ਤੇ ਸ਼ਰੀਰਕ ਕਮਜ਼ੋਰ ਹੈ।

ਸਜਣ ਜੀਓ! ਕਮਜ਼ੋਰ ਤੇ ਦਬੇਲ ਹੋ ਜਾਣਾ ਹੋਰ ਕੁਝ ਹੈ ਤੇ ਦ੍ਰਿੜ੍ਹ ਹੋ ਕੇ ਦ੍ਰਿੜ੍ਹ ਰਹਿ ਸੱਚ ਲਈ ਕਸ਼ਟ ਸਹਾਰਨਾ ਹੋਰ ਗੱਲ ਹੈ। ਇਹ ਪਿਛਲੀ ਗੱਲ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਈ ਸੀ।

ਰੀਗੋ (ਤ੍ਰਬਕ ਕੇ) - ਹਾਂ.....ਠੀਕ......ਸਮਝਿਆ, ਬਹੁਤ ਉੱਚਾ ਆਦਰਸ਼ ਹੈ।

ਸੰਤ - ਗੁਰੂ ਗੋਬਿੰਦ ਸਿੰਘ ਜੀ ਨੇ ਇਹ ਨਹੀਂ ਸਿਖਾਇਆ ਕਿ ਗੈਰ ਮੁਲਕਾਂ ਤੇ ਜਾ ਕੇ ਹਮਲੇ ਕਰੋ, ਉਨ੍ਹਾਂ ਦੀ ਸੁਤੰਤਰਤਾ ਖੋਹ ਲਓ, ਉਨ੍ਹਾਂ ਨੂੰ ਇਨਸਾਨੀਅਤ ਤੋਂ ਗਿਰਾ ਦਿਓ, ਉਨ੍ਹਾਂ ਦੇ ਸਰੀਰ ਤੇ ਸੁਰਤ ਦੁਇ ਦਬੇਲ ਕਰ ਸੁਟੋ ਤੇ ਆਪ ਰਾਜ ਕਰੋ। ਉਨ੍ਹਾਂ ਨੇ ਸਿਖਾਇਆ ਕਿ ਆਪਣੇ ਆਪ ਨੂੰ ਆਪ ਸੰਭਾਲੋ ਜੋ ਤੁਹਾਡੇ ਧਰਮ ਕਰਮ ਖਿਆਲ ਸਰੀਰ ਸੁਤੰਤਰ ਰਹਿਣ, ਤੁਸੀਂ ਅਰੋਗ ਮਨ ਹੋ ਕੇ ਸਾਂਈ ਸਿਮਰੋ। ਤੁਹਾਡੇ ਈਮਾਨ ਵਿਚ ਕੋਈ ਦਖਲ ਨਾ ਦੇਵੇ। ਜੇ ਤੁਹਾਨੂੰ ਇਨ੍ਹਾਂ ਆਪਣੇ ਜਮਾਂਦਰੂ ਹੱਕਾਂ ਵਿਚ ਰੋਕ ਪਵੇ ਤਾਂ ਅੱਗੋਂ ਰੋਕ ਪਾਓ। ਸਰੀਰ ਦੇਣਾ ਪਵੇ ਤਾਂ ਦਿਓ ਪਰ ਸੱਚ ਦੀ ਦ੍ਰਿੜ੍ਹਤਾ ਨਾ ਦਿਓ। ਦ੍ਰਿੜ ਰਹੋ, ਪਰ ਹੰਕਾਰੀ ਤੇ ਨਿਰੇ ਹਠੀ, ਜ਼ਿੱਦੀ ਹੱਕ ਮਾਰਨ ਵਾਲੇ, ਮਾੜੇ ਕਰਮਾਂ ਵਾਲੇ, ਛਲੀ ਕਪਟੀ ਹੋ ਕੇ ਕਿਸੇ ਪਰ ਅਮਲੀ ਧੱਕਾ ਨਾ ਕਰੋ, ਇਉਂ ਸਿੱਖਾਂ ਨੂੰ ਧਰਮ ਪਾਲਨਾ ਤੇ ਸੱਚ ਤੇ ਦ੍ਰਿੜ੍ਹ ਰਹਿਣਾ ਦੱਸਿਆ, ਕੁਟਿਲ ਨੀਤੀ ਤੇ ਝੂਠ ਫਰੇਬ ਬੀਰ ਰਸ ਵਿਚ ਕਿ ਨੀਤੀ ਵਿਚ ਗਵਾਰਾ ਨਹੀਂ ਕੀਤੇ। ਆਪ ਜੀ ਨੇ ਖਾਲਿਸ ਖਾਲਸਾ ਸਾਜਿਆ ਤੇ ਖਾਲਸੇ ਦਾ ਆਦਰਸ਼ ਇਹ ਬੰਨ੍ਹਿਆ -

***ਦੋਹਰਾ - ਖਾਂਡੇ ਕੀ ਪਾਹੁਲਿ ਦਈ ਕਰਨਹਾਰ ਪ੍ਰਭ ਸੋਇ॥***
***ਕੀਓ ਦਸੋ ਦਿਸ਼ ਖਾਲਸਾ ਤਾਂ ਬਿਨ ਅਵਰ ਨ ਕੋਇ॥***

ਕੀਏ ਜਦਿ ਬਚਨ ਸਤਿਗੁਰੂ ਕਾਰਨ ਕਰਨ ਸਰਬ ਸੰਗਤਿ ਆਦਿ ਅੰਤਿ ਮੇਰਾ ਖਾਲਸਾ॥ ਮਾਨੇਗਾ ਹੁਕਮ ਸੋ ਤੋ ਹੋਵੇਗਾ ਸਿਖ ਸਹੀ ਨ ਮਾਨੇਗਾ ਹੁਕਮ ਸੋ ਤੋ ਹੋਵੈਗਾ ਬਿਹਾਲਸਾ॥ ਪਾਂਚ ਕੀ ਕੁਸੰਗਤ ਤਜਿ ਸੰਗਤਿ ਸੋ ਪ੍ਰੀਤ ਕਰੇ ਦਇਆ ਔਰ ਧਰਮ ਧਾਰ ਤਿਆਗੇ ਸਬ ਲਾਲਸਾ॥ ਹੁਕਾ ਨ ਪੀਵੈ ਦਾੜੀ ਨ ਮੁੰਡਾਵੈ, ਸੋ ਤੋ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ॥ (ਗੁਰ ਸ਼ੋਭਾ, ਹਜ਼ੂਰੀ ਕਵੀ ਸੈਨਾਪਤਿ ਕ੍ਰਿਤ)

ਤੁਸੀਂ ਦੇਖ ਲਓ ਕਿ ਇਸ ਵਿਚ ਆਪ ਜੀ ਨੇ ਆਪਣੇ ਹਿਰਦੇ ਵਿਚ ਪੂਰਨ ਜਯੋਤ ਵਾਹਿਗੁਰੂ ਜੀ ਦੀ ਜਗਾ ਲੈਣ ਦੀ ਤਾਲੀਮ ਦਿਤੀ, ਸਾਰੇ ਭਰਮਾਂ, ਸਾਰੇ ਨੀਵੇਂ ਆਚਰਣਾਂ ਤੋਂ ਛੁਡਾਇਆ ਤੇ ਪ੍ਰੇਮ ਦਾ ਆਦਰਸ਼ ਕਾਇਮ ਰੱਖਿਆ। ਪਰ ਨਾਲ ਹੀ ਸੱਚ ਦੀ ਦ੍ਰਿੜ੍ਹਤਾ ਦੀ ਜਾਚ ਸਿਖਾਈ। ਜਿਸਦਾ ਫਲ ਇਹ ਹੋਇਆ ਕਿ ਜਿਕੂੰ ਸਤਿਨਾਮੀਏਂ ਜ਼ੁਲਮ ਦੀ ਤਲਵਾਰ ਅੱਗੇ ਇਕ ਦਿਨ ਵਿਚ ਪਾਸ਼ ਪਾਸ਼ ਹੋ ਗਏ, ਸਿੱਖ

ਨਹੀਂ ਹੋਏ। ਇਕ ਵੇਰੇ ਨਹੀਂ, ਲਗਭੱਗ ਚਾਲੀ ਵਰ੍ਹੇ ਵਿਚ ਇਨ੍ਹਾਂ ਦੀਆਂ ਚਾਰ ਪੰਜ ਕਤਲਾਮਾਂ ਹੋਈਆਂ, ਦੋ ਘੱਲੂਘਾਰੇ ਵਰਤੇ ਪਰ ਇਹ ਨਾ ਨਾਸ਼ ਹੋਏ, ਨਾ ਆਪਣਾ ਆਪ ਵਾਰ ਜੀਵਨ ਤੋਂ ਪਿੱਛੇ ਹਟੇ। ਫਰੁਖਸੀਅਰ ਦੇ ਸਮੇਂ ਤਾਂ ਆਖਦੇ ਹਨ ਕਿ ਰੀਪੋਰਟ ਹੋ ਗਈ ਸੀ ਕਿ ਸਿੱਖ ਕੋਈ ਨਹੀਂ ਰਿਹਾ, ਪਰ ਥੋੜ੍ਹੇ ਹੀ ਦਿਨਾਂ ਵਿਚ ਸਿੱਖ ਫੇਰ ਜਿਉਂ ਕੇ ਤਿਉਂ ਦਿੱਸਣ ਲਗ ਗਏ। ਸਿੱਖ ਨਿਰੇ ਮਾਰੇ ਹੀ ਨਹੀਂ ਸਨ ਜਾਂਦੇ ਅਜਬ ਅਜਬ ਤਸੀਹੇ ਦੇ ਕੇ ਡਰਾਏ ਧਮਕਾਏ ਤੇ ਫੇਰ ਮਾਰੇ ਜਾਂਦੇ ਸੇ ਤੇ ਉਹ ਸਭ ਕੁਛ ਸਹਿ ਗੁਜ਼ਰਦੇ ਸੇ ਪਰ ਦ੍ਰਿੜ੍ਹਤਾ ਤੋਂ ਨਹੀਂ ਹਿਲਦੇ ਸਨ। ਖੂਬੀ ਇਹ ਕਿ ਆਚਰਣ ਦੇ ਉੱਚੇ ਰਹਿੰਦੇ ਤੇ ਗੁਰਬਾਣੀ ਦਾ ਅਭਿਆਸ ਤੇ ਨਾਮ ਦਾ ਪਰਚਾ ਜਾਰੀ ਰੱਖਦੇ। ਜੇ ਕਦੇ ਮੈਂ ਸਿੱਖ ਸ਼ਹੀਦਾਂ ਦੇ ਹਾਲ ਸੁਣਾਵਾਂ ਤਾਂ ਆਪ ਜੀ ਨੂੰ ਹੈਰਾਨੀ ਹੋਵੇ ਕਿ ਇਨ੍ਹਾਂ ਲੋਕਾਂ ਨੇ ਕਿਵੇਂ ਦੁਖ ਸਹਾਰੇ ਪਰ ਉਹ ਲੰਮੀਆਂ ਵਿਥਿਆਂ ਹਨ। ਇੰਨਾਂ ਸਮਝ ਲਓ ਕਿ ਸਿੱਖ ਆਪਣੇ ਧਰਮ ਲਈ ਤੇ ਆਪਣੇ ਮਜ਼ਲੂਮ ਹਿੰਦੀ ਭਰਾਵਾਂ ਦੇ ਭਲੇ ਲਈ ਤੇ ਦੇਸ਼ ਦੇ ਉਪਕਾਰ ਲਈ ਰੱਤ ਦੀਆਂ ਨੈਆਂ ਵਹਾਉਂਦੇ ਰਹੇ ਹਨ।

ਆਪਾ ਵਾਰਨ ਦੇ ਉਮਾਹ ਵਿਚ ਸਾਡੇ ਵਿਚ ਇਕ ਲੋਕ ਹੋਏ ਹਨ ਜਿਨ੍ਹਾਂ ਨੂੰ ਤਦੋਂ ਅਕਾਲੀ ਤੇ ਫੇਰ ਨਿਹੰਗ ਸਿੰਘ ਆਖਦੇ ਹਨ ਤੇ ਇਨ੍ਹਾਂ ਲੋਕਾਂ ਦਾ ਵਤੀਰਾ ਇਸ ਪ੍ਰਕਾਰ ਦਾ ਹੁੰਦਾ ਸੀ, ਇਕ ਸਮਾਇਥ ਨਾਮੇ ਪੱਛਮੀ ਲੇਖਕ ਨੇ ਤਦੋਂ ਦੇ ਅਕਾਲੀਆਂ ਬਾਬਤ ਐਉਂ ਦਾ ਲਿਖਿਆ ਹੈ –

ਸੱਚੇ ਅਕਾਲੀ ਹਦ ਦਰਜੇ ਦੇ ਦਲੇਰ, ਸੁਤੰਤਰ (ਆਜ਼ਾਦ) ਹੁੰਦੇ ਸਨ, ਸਭ ਕਿਸੇ ਨੂੰ ਪਿਆਰ ਨਾਲ ਮਿਲਦੇ ਸਨ, ਪਰ ਉਨ੍ਹਾਂ ਤੋਂ ਡਾਢੀ ਘ੍ਰਿਣਾ ਕਰਦੇ ਸਨ ਜੋ ਹੈਂਕੜ ਦੇ ਬੁੱਲੇ ਤੇ ਚੜ੍ਹੇ ਹੋਏ ਆਪਣੇ ਆਪ ਨੂੰ ਉੱਚੇ ਤੋਂ ਉਚਾ ਸਮਝਦੇ ਸਨ। ਉਨ੍ਹਾਂ ਦੀ ਜ਼ਿੰਦਗੀ ਦਾ ਆਦਰਸ਼ ਤੇ ਪ੍ਰਯੋਜਨ ਗੁਰਦੁਆਰਿਆਂ ਦੀ ਕਾਈਮੀ (ਸੁਧਾਈ)। ਮਰਿਆਦਾ ਦੀ ਪਵਿੱਤਰਤਾ ਦੀ ਕਾਇਮੀ, ਕੌਮੀ ਆਚਰਣ ਦੀ ਰਾਖੀ, ਦੀਨਾਂ ਦੁਖੀਆਂ ਤੇ ਸ਼ਰਨਾਗਤਾਂ ਦੀ ਸਹਾਇਤਾ ਕਰਨੀ ਹੁੰਦਾ ਸੀ। ਉਹ ਇਨ੍ਹਾਂ ਫਰਜ਼ਾਂ ਦੇ ਪੂਰਾ ਕਰਨ ਵਿਚ ਆਪਣਾ ਸੀਸ ਤੱਕ ਦੇ ਦੇਣ ਲਈ ਹਰ ਵਕਤ ਤਿਆਰ ਰਹਿੰਦੇ ਸਨ। ਉਹ ਲੋਕ law of property ਅਰਥਾਤ ਜਾਇਦਾਦ ਦੇ ਕਬਜ਼ੇ ਦੇ ਕਾਨੂੰਨ ਦੇ ਪਾਬੰਦ (ਅਨੁਸਾਰੀ) ਨਹੀਂ ਸਨ। ਉਹ ਪਦਾਰਥ, ਮਕਾਨਾਂ ਤੇ ਭੋਆਂ ਨੂੰ ਕਿਸੇ ਦੀ ਮਲਕੀਅਤ ਨਹੀਂ ਮੰਨਦੇ ਸਨ। ਕਹਿੰਦੇ ਸਨ ਕਿ ਸਭ ਕੁਝ ਵਾਹਿਗੁਰੂ ਦਾ ਹੈ, ਮਨੁੱਖ ਸਭ ਭਰਾ ਹਨ। ਮਿਲ ਕੇ ਪਿਆਰ ਨਾਲ ਜੀਵਨ ਨਿਰਬਾਹ ਕਰਨਾ ਸਭ ਦਾ ਧਰਮ ਹੈ। ਜਿਕੂੰ ਜਲ ਪੌਣ ਸਾਂਝੇ ਹਨ, ਇਕੂੰ ਭੋਂ ਭੀ ਸਾਂਝੀ ਹੈ, ਭੋਂ ਦੀ ਉਪਜ ਬੀ ਸਾਂਝੀ ਹੈ। ਏਹ ਗੱਲਾਂ ਉਹ ਲੁੱਟ ਖਾਣ ਲਈ ਨਹੀਂ ਕਿਹਾ ਕਰਦੇ ਸਨ, ਸਗੋਂ ਆਪਣਾ ਆਪ ਲੁਟਾ ਕੇ ਦਿਖਾ ਦਿਆ ਕਰਦੇ ਸਨ। ਉਹ ਨਾ ਆਪਣੇ ਹੱਥ ਆਈ ਮਾਇਆ ਨੂੰ ਆਪਣੀ ਕਰ ਜਾਣਦੇ ਸਨ ਤੇ ਨਾਂ ਹੀ ਦੂਜੇ ਦੇ ਪਦਾਰਥਾਂ ਨੂੰ ਉਨ੍ਹਾਂ ਦਾ ਸਮਝਦੇ ਸਨ। ਇਸ ਹਾਲਤ ਵਿਚ ਉਨ੍ਹਾਂ ਦਾ ਨਿਰਬਾਹ ਕਠਨ ਜਾਪਦਾ ਹੈ ਪਰ ਉਨ੍ਹਾਂ ਦਾ ਆਚਰਨ ਐਸਾ ਪਵਿੱਤਰ ਸੀ ਤੇ ਉਹ ਕਹਿਣੀ ਕਰਣੀ ਦੇ ਐਸੇ ਹੀ ਸੂਰਮੇ ਸਨ। ਚਾਹੋ ਓਹ ਏਸ ਖਿਆਲ ਨੂੰ ਬਹੁਤ ਜ਼ਿਆਦਾ ਫੈਲਾ ਨ ਸਕੇ। ਪਰ ਆਪਣੇ ਨਿਰਬਾਹ ਵਿਚ ਤੰਗ ਬੀ ਨਹੀਂ ਹੋਏ।

ਰੀਗੋ – ਅਸਚਰਜ ਸੁਣਾ ਰਹੇ ਹੋ। ਪੱਛਮ ਵਿਚ ਮਹਾਤਮਾ ਟਾਲਸਟਾਇ ਨੇ ਸਿਖਾਇਆ ਸੀ ਕਿ ਸਚਾਈ ਲਈ ਹਾਰੋ ਨਾ ਪਰ ਸ਼ਾਂਤਮਈ ਰਹਿ ਕੇ ਦ੍ਰਿੜ੍ਹਤਾ ਰੱਖਦੇ ਹੋਏ ਦੁੱਖ ਝੱਲੋ। ਆਪ ਦੇ ਮਤ ਵਿਚ ਇਹ ਆਦਰਸ਼ ਪਹਿਲੋਂ ਆਏ ਤੇ ਉਸ ਤੋਂ ਅਮਲ ਕਰਨ ਵਾਲੇ ਅਮਲੀ ਬੰਦਿਆਂ ਦੀ ਵੀ ਟੋਟ ਕੋਈ ਨਾ ਰਹੀ। ਹਾਂ ਇਹ ਤਾਂ ਦੱਸੋ ਜੇ ਇਹ ਨਿਹੰਗ ਸਿੰਘ ਰੁਪੈ ਪੈਸੇ ਮਾਲ ਮਿਲਖ ਨੂੰ ਆਪਣਾ ਨਾ ਸਮਝਦੇ ਸੇ ਤਾਂ ਸਰੀਰ ਦਾ ਨਿਰਬਾਹ ਕਿਵੇਂ ਕਰਦੇ ਸੀ?

ਸੰਤ ਜੀ – ਨਿਰਬਾਹ ਇਨ੍ਹਾਂ ਦਾ ਪਿਆਰ ਨਾਲ ਮਿਲੀ ਭੇਟਾ ਸੀ ਯਾ ਗੁਰਦੁਆਰੇ ਦੇ ਲੰਗਰ ਤੋਂ। ਇਹ ਲੋਕ ਮੰਗਦੇ ਨਹੀਂ ਸਨ, ਕਦੇ ਕਿਸੇ ਹਾਲਤ ਵਿਚ ਬੀ ਹੱਥ ਨਹੀਂ ਸਨ ਅੱਡਦੇ। ਜੇ ਸਫਰ ਵਿਚ ਹਨ, ਪਾਸ ਕੁਛ ਨਹੀਂ, ਪ੍ਰਸ਼ਾਦੇ ਦਾ ਵੇਲਾ ਹੈ ਤਾਂ ਕਿਸੇ ਪਿੰਡ ਸ਼ਹਿਰ ਦੀ ਗਲੀ ਜਾ ਵੜਨਗੇ, ਜਿਸ ਘਰ ਮਰਜ਼ੀ ਹੈ ਲੰਘ ਜਾਣਗੇ, ਉਸ ਵੇਲੇ ਦੇ ਨਿਰਬਾਹ ਜੋਗਾ ਅੰਨ ਮਾਤ੍ਰ ਲੈ ਕੇ ਟੁਰ ਆਉਣਗੇ। ਹੀਰੇ ਮੋਤੀ ਪਾਸ ਪਏ ਰਹਿਣ, ਤੱਕਣਗੇ ਨਹੀਂ। ਇਥੋਂ ਤੱਕ ਕਿ ਉਸ ਡੰਗ ਤੋਂ ਵਧੀਕ ਦਾ ਅੰਨ ਬੀ ਨਹੀਂ ਚੁੱਕਣਗੇ। ਲੋਕਾਂ ਵਿਚ ਇਤਨਾ ਸਤਿਕਾਰ ਇਨ੍ਹਾਂ ਦਾ ਸੀ ਕਿ ਜਦੋਂ ਨਿਹੰਗ ਸਿੰਘ ਆ ਜਾਣ ਤੇ ਲੋਕੀਂ ਸੁਣ ਲੈਣ ਕਿ ਨਿਹੰਗ ਸਿੰਘ ਆਏ ਹਨ, ਤਾਂ ਬੂਹੇ ਖੋਹਲ ਘਰਾਂ ਤੋਂ ਬਾਹਰ ਆ ਕੇ ਅਦਬ ਨਾਲ ਹੱਥ ਜੋੜ ਕੇ ਖਲੋ ਜਾਂਦੇ ਸਨ ਤੇ ਸਾਰੇ ਚਾਹੁੰਦੇ ਸਨ ਕਿ ਇਹ ਮੇਰੇ ਘਰ ਅੰਦਰ ਜਾਣ। ਫੇਰ ਜਿਸ ਘਰ ਇਹ ਵੜ ਜਾਣ ਉਹ ਆਪਣੇ ਧੰਨਭਾਗ ਸਮਝਦਾ ਸੀ। ਤਦੋਂ ਦੀ ਹੀ ਇਹ ਕਹਾਵਤ ਅੱਜ ਤੱਕ ਮੂੰਹਾਂ ਤੇ ਚੜ੍ਹੀ ਹੋਈ ਹੈ –

ਆਏ ਨੀ ਨਿਹੰਗ, ਬੂਹਾ ਕੋਲ੍ਹ ਦੇ ਨਿਸ਼ੰਗ।

ਜਿਸਦਾ ਭਾਵ ਇਹ ਸੀ ਕਿ ਇਹ ਉੱਚੇ ਖਿਆਲ ਵਾਲੇ ਲੋਕ ਹਨ, ਇਨ੍ਹਾਂ ਨੂੰ ਰੋਕੋ ਨਾ, ਖੁਲ੍ਹੇ ਦਿਲ ਅੰਦਰ ਆਉਣ ਦਿਓ, ਇਹ ਤੁਹਾਡੇ ਘਰ ਦੇ ਮਾਲ, ਧਨ, ਰੂਪ ਕਿਸੇ ਸ਼ੈ ਦੇ ਰਵਾਦਾਰ ਨਹੀਂ। ਨਿਰਬਾਹ ਮਾਤ੍ਰ ਅੰਨ ਲੈਣਗੇ ਤੇ ਤੁਹਾਡੀ ਕਮਾਈ ਸਫਲ ਕਰ ਜਾਣਗੇ। ਇਸ ਦਾ ਕਾਰਨ ਇਹ ਸੀ ਕਿ ਨਿਹੰਗਾਂ ਸਿੰਘਾਂ ਵਿਚ ਮਾਲ ਮਿਲਖ ਦੇ ਕਬਜ਼ੇ ਦੇ ਖਿਆਲ ਦਾ ਤਿਆਗ ਕਰਨਾ ਮੁੱਖ ਗੁਣ ਸੀ। ਉਹ ਨਾ ਕੇਵਲ ਆਪ ਹੀ ਮਾਲਕ ਨਹੀਂ ਬਣਦੇ ਸੇ ਸਗੋਂ ਕਿਸੇ ਨੂੰ ਕਿਸੇ ਮਾਲ ਦਾ

ਮਾਲਕ ਨਹੀਂ ਸੇ ਸਮਝਦੇ। ਸਭ ਮਾਲ ਅੰਨ ਬਸਤ੍ਰ ਪਦਾਰਥ ਦਾ ਮਾਲਕ ਉਨ੍ਹਾਂ ਦੀ ਨਜ਼ਰ ਵਿਚ ਵਾਹਿਗੁਰੂ ਸੀ। ਉਹ ਜਦ ਲੋੜ ਵੇਲੇ ਕਿਸੇ ਦੇ ਘਰੋਂ ਅੰਨ ਮਾਤ੍ਰ ਅੰਗੀਕਾਰ ਕਰਦੇ ਸੇ ਤਦ ਉਸ ਘਰ ਵਾਲੇ ਦੇ ਅੰਨ ਨੂੰ ਉਸਦਾ ਸਮਝ ਕੇ ਹੱਥ ਨਹੀਂ ਸੇ ਲਾਉਂਦੇ, ਪਰ ਦਾਣਾ ਪਾਣੀ ਗੁਰੂ ਕਾ ਸਮਝ ਕੇ ਸਾਂਝੇ ਬਾਬਲ ਦੇ ਸਾਂਝੇ ਭੰਡਾਰੇ ਵਿਚੋਂ ਭੁੱਖ ਪੂਰਨ ਮਾਤ੍ਰ ਅੰਨ ਸਵੀਕਾਰ ਕਰਦੇ ਸੇ। ਜਬਰ ਧੱਕਾ ਕਦੇ ਨਹੀਂ ਸੇ ਕਰਦੇ। ਜਬਰ ਸਹਿਣਾ, ਜਬਰ ਕਰਨਾ ਦੁਇ ਗੱਲਾਂ ਤੋਂ ਉਚੇਰੇ ਸੇ। ਨਿਹੰਗਾਂ ਸਿੰਘਾਂ ਪਾਸ ਕਛਹਿਰੇ ਤਾਂ ਦੋ ਹੁੰਦੇ ਸੇ। ਪਰ ਚੋਲਾ, ਦਸਤਾਰਾ, ਚਾਦਰ ਇਹ ਕਦੇ ਦੋ ਨਹੀਂ ਸੇ ਹੁੰਦੇ ਤੇ ਦਿਨ ਦਾ ਅੰਨ ਪਾ ਕੇ ਰਾਤ ਲਈ ਬਾਕੀ ਨਹੀਂ ਸੇ ਰੱਖਦੇ। ਇਸੇ ਵਾਸਤੇ ਮਗਰੋਂ ਇਨ੍ਹਾਂ ਦਾ ਨਾਮ ਬਿਹੰਗਮ ਬੀ ਪੈ ਗਿਆ ਸੀ ਅਰਥਾਤ ਪੰਛੀ ਬ੍ਰਿਤੀ ਵਾਲੇ, ਜਿਥੇ ਚੋਗਾ ਜਿਸ ਵੇਲੇ ਮਿਲ ਗਿਆ ਖਾ ਲਿਆ, ਜਿਥੇ ਰਾਤ ਪੈ ਗਈ ਟਿਕ ਗਏ। ਪ੍ਰੰਤੂ ਇਹ ਸਾਰੇ ਤਿਆਗ ਤੇ ਵਰਤਾਰੇ ਦੀਆਂ ਖੁਲ੍ਹਾਂ ਇਨ੍ਹਾਂ ਲੋਕਾਂ ਵਿਚ ਨਾਮ ਦੇ ਆਧਾਰ ਤੇ ਸਨ, ਅਰਥਾਤ ਆਤਮ ਜੀਵਨ (ਰੂਹਾਨੀ ਜ਼ਿੰਦਗੀ) ਇਸ ਦਾ ਮੂਲ ਸੀ। ਪਦਾਰਥਕ ਵੰਡ 'ਪਰਸਪਰ ਮਾਦੀ ਏਕਤਾ' ਦਾ ਖਿਆਲ ਇਨ੍ਹਾਂ ਗੱਲਾਂ ਦਾ ਮੂਲ ਨਹੀਂ ਸੀ। ਆਤਮ ਜੀਵਨ ਤੋਂ ਖਾਲੀ, ਉੱਚੇ ਇਖਲਾਕ ਤੋਂ ਵਿਰਵੇ, ਨਿਰੇ ਮਾਯਾ ਤੇ ਮਾਦਾ ਪਰਸਤੀ ਤੇ ਪਦਾਰਥਿਕ ਯਾ ਰਾਜਸੀ ਭੁੱਖਾਂ ਵਾਲੀ ਸੰਸਾਰੀ ਬ੍ਰਿਤੀ ਅਕਾਲੀ ਦਾ ਆਦਰਸ਼ ਕਦੇ ਨਹੀਂ ਸੀ।

ਡਯੂਸੋਜ਼ਾ - ਇਸ ਤਰ੍ਹਾਂ ਫਿਰ ਜਾਪਦਾ ਹੈ ਕਿ ਆਪ ਵਿਚ ਗ੍ਰਿਹਸਤੀ ਲੋਕ ਆਪਾ ਵਾਰਨ ਵਾਲੇ ਤੇ ਬੰਦਗੀ ਕਰਨ ਵਾਲੇ ਹੀ ਸਾਰੇ ਹੋ ਗਏ। ਅਤੀਤ ਫੇਰ ਨਹੀਂ ਹੋਏ।

ਸੰਤ - ਨਹੀਂ ਜੀ! ਗ੍ਰਿਹਸਤੀ, ਕਿਰਤੀ, ਵਪਾਰੀ, ਨੌਕਰੀ ਵਾਲੇ ਤੇ ਸਿਪਾਹੀ ਸਭ ਪ੍ਰਕਾਰ ਦੇ ਹੁੰਦੇ ਰਹੇ। ਆਦਰਸ਼ ਉਹੋ ਸੀ। ਸਭ ਕਮਾਮਾਂ ਵਿਚ ਉਸੇ ਆਦਰਸ਼ ਤੇ ਟੁਰਦੇ ਸੇ, ਪਰ ਅਤੀਤ ਬੀ ਹੁੰਦੇ ਰਹੇ। ਨਿਹੰਗ ਸਿੰਘ ਅਕਸਰ ਅਤੀਤ ਹੀ ਹੁੰਦੇ ਸਨ। ਜੋ ਨਾਮ ਦਾ ਜੀਵਨ ਪ੍ਰਾਪਤ ਕਰਕੇ ਜਗਤ ਸੁਖ ਦੇ ਨਿਸ਼ਕਾਮ ਕਰਮ ਕਰਦੇ ਹੁੰਦੇ ਸੇ। ਇਕ ਪੱਛਮੀ ਲੇਖਕ ਮਿਸਟਰ ਕਨਿਘੰਮ ਨੇ ਇਕ ਐਸਾ ਅਕਾਲੀ ਆਪ ਡਿੱਠਾ ਸੀ, ਜਿਸ ਬਾਬਤ ਉਹ ਲਿਖਦਾ ਹੈ ਕਿ - ਮੈਂ ਇਕ ਵੇਰੀ ਇਕ ਅਕਾਲੀ ਡਿੱਠਾ ਕਿ ਸਤਲੁਜ ਤੋਂ ਲੈ ਕੇ ਕੀਰਤਪੁਰ ਤੱਕ ਬਿਖੜੀਆਂ ਘਾਟੀਆਂ ਦੇ ਵਿਚ ਦੀ ਸੜਕ ਦੀ ਮੁਰੰਮਤ ਕਰ ਰਿਹਾ ਸੀ। ਉਹ ਆਮ ਤੌਰ ਤੇ ਦੁਨੀਆਂ ਤੋਂ ਉਪਰਾਮ ਰਹਿੰਦਾ ਸੀ। ਲੋਕ ਉਸਦਾ ਬੜਾ ਸਤਿਕਾਰ ਕਰਦੇ ਸਨ ਤੇ ਉਸਦੇ ਲਈ ਰੋਟੀ ਤੇ ਕਪੜਾ ਆਪੇ ਐਸੇ ਥਾਈਂ ਛੱਡ ਜਾਂਦੇ ਸਨ, ਜਿਥੋਂ ਉਹ ਆਪੇ ਲੋੜ ਵੇਲੇ ਲੈ ਲਵੇ। ਉਸ ਦੇ ਅਹਿੱਲ ਤੇ ਦਿਲੋਂ ਜਾਨੋਂ ਲਗ ਕੇ ਕੰਮ ਕਰਨ ਵਾਲੇ ਆਚਰਣ ਦਾ ਅਸਰ ਇਕ ਹਿੰਦੂ ਭੇਡਾਂ ਚਾਰਨ ਵਾਲੇ ਨੌਜਵਾਨ ਤੇ ਐਸਾ ਹੋਇਆ ਕਿ ਜਿਸ ਨੇ ਕੁਛ ਚਿਰ ਬਾਅਦ ਅਕਾਲੀ ਬਾਣਾ ਧਾਰਨ ਕਰ ਲਿਆ, ਉਹ ਅਕਾਲੀ ਜੀ ਦਾ ਜ਼ਿਕਰ ਅਦਬ ਵਾਲੇ ਭੈ ਨਾਲ ਕਰਦਾ ਸੀ।

ਇਹ ਤਾਂ ਇਕ ਅਤੀਤ ਦੀ ਇਕ ਪੱਛਮੀ ਦੀ ਅੱਖੀਂ ਡਿੱਠੀ ਉਗਾਹੀ ਹੈ, ਜਿਨ੍ਹਾਂ ਨੂੰ ਅਸੀਂ ਬਿਹੰਗਮ ਬੀ ਆਖ ਲੈਂਦੇ ਹਾਂ ਕਿ ਜੋ ਪੰਛੀਆਂ ਵਾਂਗੂੰ ਚੋਗ ਦਾ ਆਸਰਾ ਕਰਤਾਰ ਤੇ ਰੱਖੇ। ਮੇਰੇ ਆਪਣੇ ਦੇਖਦੇ ਇਕ ਬਿਹੰਗਮ ਹੋਏ ਹਨ। ਏਹ ਅਕਾਲੀ ਨਹੀਂ ਸਨ, ਸੁਤੰਤਰ ਰਹਿਣ ਵਾਲੇ ਬਿਹੰਗਮ ਖਾਲਸਾ ਜੀ ਸਨ, ਜਿਨ੍ਹਾਂ ਦਾ ਨਾਮ ਸੀ ਭਾਈ ਸਵਯਾ ਸਿੰਘ ਜੀ।

ਇਹ ਬੜੇ ਨਾਮ ਰਸੀਏ ਉਚ ਜੀਵਨੇ ਤੇ ਪਰਉਪਕਾਰੀ ਹੋਏ ਹਨ। ਆਪ ਦੀ ਦ੍ਰਿਸ਼ਟੀ ਵਿਚ ਕਰਤਾਰ ਵਸਦਾ ਸੀ, ਅਵਗੁਣ ਨਹੀਂ ਸਨ ਚਿਤਾਰਦੇ, ਦੇਖ ਕੇ ਅਣਡਿੱਠ ਕਰਨ ਵਿਚ ਕਮਾਲ ਸੀ। ਫਿਰ ਜੀਵਨ ਉਪਕਾਰ ਦਾ ਸੀ, ਹਰ ਮੇਲੇ ਤੇ ਜਿੱਥੇ ਸੰਗਤਾਂ ਇਕੱਠੀਆਂ ਹੋਣ ਤੇ ਪਾਣੀ ਦੀ ਤੰਗੀ ਹੋਵੇ ਆਪ ਐਸਾ ਪ੍ਰਬੰਧ ਕਰਦੇ ਕਿ ਹਜ਼ਾਰਾਂ ਆਦਮੀਆਂ ਤੇ ਮਾਲ ਡੰਗਰ ਸਭ ਨੂੰ ਪਾਣੀ ਪਿਆ ਮਿਲੇ। ਆਪ ਦੇ ਚਲਾਏ ਪਰਉਪਕਾਰੀ ਕੰਮ ਅਜੇ ਬੀ ਜਾਰੀ ਹਨ। ਆਪ ਦਾ ਸਮਾਂ ਵਾਹਿਗੁਰੂ ਅਨੁਭਵਤਾ ਵਿਚ ਲੰਘਦਾ ਸੀ ਪਰ ਸਰੀਰ ਨਾਲ ਉਪਕਾਰ ਕਰਦੇ ਸੀ। ਕਿਹਾ ਕਰਦੇ ਸਨ, ਮਨ ਹੈ ਵਾਹਿਗੁਰੂ ਦਾ, ਸਰੀਰ ਹੈ ਸੰਗਤ ਦਾ। ਜੇ ਆਖੋ ਉਪਕਾਰ ਕਿਉਂ ਕਰਦੇ ਹੋ ਤਾਂ ਆਖਦੇ ਸੀ, ਸਰੀਰ ਦੀ ਸਫਲਤਾ ਲਈ। ਮਨ ਤਾਂ ਸਾਈਂ ਦੇ ਰੰਗ ਵਿਚ ਹੈ, ਸਰੀਰ ਉਹ ਕੰਮ ਕਰੇ ਜੋ ਕਰਨੇ ਦਾ ਉਸਦਾ ਹੁਕਮ ਹੈ, ਉਹ ਹੈ ਸੇਵਾ ਉਪਕਾਰ। ਸੰਤ ਜੀ ਪੂਰੇ ਖਾਲਸਾ ਸਨ। ਵਰਤਾਰਾ ਬਿਹੰਗਮੀ ਸੀ। ਵਿਵਾਹ ਨਹੀਂ ਸੀ ਕੀਤਾ। ਆਪ ਜੀ ਨੂੰ ਇਕ ਔਕੁੜ ਆ ਗਈ, ਜੋ ਇਹ ਸੀ -

ਇਕ ਦਿਨ ਆਪ ਦੀ ਮਾਤਾ ਜੀ ਨੇ ਵਿਵਾਹ ਵਾਸਤੇ ਕਿਹਾ, ਅੱਗੋਂ ਸੰਤਾਂ ਨੇ ਉਤਰ ਦਿਤਾ ਕਿ ਮੈਂ ਇਹ ਮਨ ਵਾਹਿਗੁਰੂ ਜੀ ਨੂੰ ਦੇ ਦਿਤਾ ਹੈ ਤੇ ਚਾਹੁੰਦਾ ਹਾਂ ਕਿ ਇਹ ਸਰੀਰ ਗੁਰੂ ਕਲਗੀਆਂ ਵਾਲੇ ਦੀ ਸੇਵਾ ਵਿਚ ਸਫਲਾ ਹੋਵੇ,

ਇਸ ਲਈ ਸਾਧਸੰਗਤ ਦੀ ਸੇਵਾ ਕਰਦਾ ਹਾਂ। ਵਿਆਹ ਕੀਤਿਆਂ ਮੋਹ ਮਾਇਆ ਪੈ ਜਾਵੇਗੀ, ਖੁਦਗਰਜ਼ੀ ਆ ਜਾਏਗੀ, ਤਦ ਮੈਂ ਆਪਣਾ ਸੇਵਕ ਬਣ ਜਾਵਾਂਗਾ। ਪਰ ਇਧਰ ਮਾਤਾ ਦਾ ਹੁਕਮ ਸੀ। ਗੁਰੂ ਘਰ ਵਿਚ ਸਿੱਖ ਲਈ ਵਿਵਾਹ ਮਰਿਆਦਾ ਵੀ ਹੈ। ਮਾਤਾ ਹਠ ਤੇ ਹੋ ਗਈ, ਤਦ ਆਪ ਨੇ ਕਿਹਾ ਕਿ ਅੱਛਾ ਮਾਤਾ ਜੀ! ਜੇ ਤੁਸਾਂ ਮੇਰਾ ਵਿਵਾਹ ਕਰਾਉਣਾ ਹੀ ਹੈ ਤਦ ਮੈਨੂੰ ਇਸਤ੍ਰੀ ਆਪ ਢੂੰਡ ਲੈਣ ਦੀ ਆਗਿਆ ਦਿਓ, ਜਿਸ ਨਾਲ ਮੇਰਾ ਚਿੱਤ ਕਰੇ ਵਿਵਾਹ ਕਰਾਂ। ਇਹ ਬਚਨ ਆਪ ਦਾ ਸ੍ਰੀ ਮਾਤਾ ਜੀ ਨੇ ਮੰਨ ਲਿਆ।

ਹੁਣ ਸੰਤਾਂ ਦੇ ਆਪਾ ਤਿਆਗ, ਸੇਵਾ ਤੇ ਉਪਕਾਰ ਦਾ ਕਮਾਲ ਤੱਕੋ, ਆਪ ਨੇ ਢੂੰਡ ਢਾਂਡ ਕੇ ਆਪਣੇ ਵਿਵਾਹ ਲਈ ਇਕ ਨੇਤਰਾਂ ਤੋਂ ਹੀਣੀ ਇਸਤ੍ਰੀ ਲੱਭੀ ਜਿਸ ਦੇ ਹੱਥ ਪੈਰ ਬੀ ਸੁਆਸਥ ਨਹੀਂ ਸਨ। ਉਹ ਆਪਣੀ ਕਿਰਿਆ ਆਪ ਨਹੀਂ ਸੀ ਸਾਧ ਸਕਦੀ। ਉਸ ਨਾਲ ਵਿਆਹ ਕੀਤਾ। ਵਿਆਹ ਦਾ ਫਲ ਇਹ ਕਿ ਉਸ ਬੀਬੀ ਨੂੰ ਅੰਨ ਬਸਤਰ ਦਾ ਆਰਾਮ ਹੋ ਗਿਆ। ਐਸਾ ਗੁਰਮੁਖ ਸਾਥੀ ਤੇ ਸਿਰਤਾਜ ਮਿਲ ਗਿਆ ਅਤੇ ਸਤਿਸੰਗ ਵਿਚ ਵਾਸਾ ਹੋ ਗਿਆ।

ਹੁਣ ਵੀਚਾਰ ਕਰੋ ਕਿ ਨੇਤ੍ਰਹੀਨ ਤੇ ਅੰਗਾਂ ਕਰਕੇ ਅਪਾਹਜ ਇਸਤ੍ਰੀ ਦੇ ਵਿਵਾਹ ਵਿਚ ਕਿਤਨਾ ਅਮਲੀ ਤਿਆਗ ਹੈ। ਇਸ ਬੀਬੀ ਦੇ ਸੁਖਾਂ ਦਾ ਸਾਰਾ ਸਾਮਾਨ ਆਪ ਨੂੰ ਕਰਨਾ ਪੈਂਦਾ ਸੀ, ਇਸਤ੍ਰੀ ਵਲੋਂ ਸੇਵਾ ਦਾ ਕੋਈ ਸੁਖ ਨਹੀਂ ਸੀ। ਜਿਨ੍ਹਾਂ ਨੇ ਡਿੱਠਾ ਹੈ ਉਹ ਜਾਣਦੇ ਹਨ ਕਿ ਜਿਵੇਂ ਸੰਤ ਜੀ ਲੋੜਵੰਦਾਂ, ਦੁਖੀਆਂ, ਪਸ਼ੂਆਂ ਤੇ ਜੀਵਾਂ ਦਾ ਸੁਖ ਸਾਮਾਨ ਕਰਦੇ ਸਨ ਉਵੇਂ ਹੀ ਇਸ ਇਸਤ੍ਰੀ ਦਾ ਕਰਦੇ ਸਨ। ਗੋਯਾ ਆਪਣੇ ਵਿਆਹ ਨੂੰ ਬੀ ਇਕ ਨੇਤ੍ਰਹੀਨ ਤੇ ਅੰਗਹੀਨ ਇਸਤ੍ਰੀ ਨੂੰ ਚੁਣ ਕੇ, ਜਿਸ ਦਾ ਸਹਾਰਾ ਕੋਈ ਨਹੀਂ ਸੀ, ਇਕ ਸੇਵਾ ਕਰਨ ਦਾ ਵਸੀਲਾ ਹੋਰ ਬਣਾ ਲਿਆ। ਕੌਣ ਹੈ ਸਿਵਾਏ ਕਲਗੀਆਂ ਵਾਲੇ ਦੇ ਅਨਿੰਨ ਭਗਤ ਸਿੱਖਾਂ ਦੇ ਜੋ ਐਸੇ ਕੁਰਬਾਨੀ ਦੇ ਜੀਵਨ ਬਸਰ ਕਰਨ।

ਇਹ ਹੈਨ ਸਿੱਖਾਂ ਬਿਹੰਗਮਾਂ ਦੇ ਨਮੂਨੇ ਜਿਨ੍ਹਾਂ ਨੂੰ ਅਤੀਤ ਕਹਿ ਲਓ ਚਾਹੇ ਗ੍ਰਿਹਸਤੀ ਕਹਿ ਲਓ, ਹਰ ਹਾਲਤ ਵਿਚ ਉਨ੍ਹਾਂ ਦੇ ਆਦਰਸ਼ ਤੱਕੋ ਕਿੰਨੇ ਉੱਚੇ ਸੁੱਚੇ ਤੇ ਅਹਿਲ ਹਨ। ਸੋ ਆਪ ਜੀ ਦੇ ਪ੍ਰਸ਼ਨ ਦਾ ਉਤਰ ਆ ਗਿਆ ਕਿ ਸਿੱਖਾਂ ਵਿਚ ਗ੍ਰਿਹਸਤੀ ਜੀਵਨ ਮੁੱਖ ਹੈ ਪਰ ਗ੍ਰਿਹਸਤ ਉਦਾਸ ਆਦਰਸ਼ ਹੈ, ਲੰਪਟ ਗ੍ਰਿਹਸਤ ਆਦਰਸ਼ ਨਹੀਂ, ਗ੍ਰਿਹਸਤ ਸੁਹਣਾ ਪਰ ਸਾਈਂ ਯਾਦ ਤੇ ਉਚੇ ਇਖਲਾਕ ਵਾਲਾ, ਗਾਫਲੀ ਤੇ ਆਚਰਣ ਹੀਣਤਾ ਨਹੀਂ। ਏਹ ਹੈ ਜੀਵਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਨੂੰ ਦਿਤਾ ਤੇ ਤਲਵਰੀਏ ਸੰਤ ਪੈਦਾ ਕੀਤੇ, ਜਿਨ੍ਹਾਂ ਦੀ ਤਲਵਾਰ ਜ਼ੁਲਮ ਦੀ ਢਾਲ ਬਣੀ।

ਇਸ ਤਰ੍ਹਾਂ ਦੀ ਵਾਰਤਾਲਾਪ ਤੋਂ ਬਾਅਦ ਡੇਰੇ ਆ ਗਏ ਤੇ ਅਗਲੇ ਦਿਨ ਫੇਰ ਵਾਰਤਾਲਾਪ ਹੁੰਦੀ ਰਹੀ। ਹੁਣ ਜਦ ਬੰਗਲੇ ਤੋਂ ਮੁੜ ਪਿੱਛੇ ਪਰਤਣ ਦੀ ਤਿਆਰੀ ਹੋਈ ਤਾਂ ਸੰਤ ਜੀ ਨੇ ਆਪਣਾ ਆਸ਼ਾ ਇਹ ਪ੍ਰਗਟ ਕੀਤਾ ਕਿ ਮੈਂ ਹੁਣ ਹੇਠਾਂ ਦੇਸ਼ ਨੂੰ ਜਾਣਾ ਚਾਹੁੰਦਾ ਹਾਂ। ਈਸਾਈ ਸੰਤ ਤੇ ਰੀਗੋ ਜੀ ਨੂੰ ਆਪ ਨਾਲ ਹਿਤ ਹੋ ਗਿਆ ਸੀ, ਉਹ ਚਾਹੁਣ ਕਿ ਸਾਡੇ ਪਾਸ ਕੁਛ ਹੋਰ ਠਹਿਰਨ। ਪਰ ਸੰਤਾਂ ਨੇ ਕਿਹਾ – ਮੈਂ ਫੇਰ ਆਪ ਪਾਸ ਆ ਜਾਵਾਂਗਾ। ਆਪ ਦੇ ਬਨ ਰਮਣੀਕ ਹਨ ਤੇ ਮੈਂ ਏਕਾਂਤ ਦਾ ਪ੍ਰੇਮੀ ਹਾਂ, ਪਰ ਮੈਨੂੰ ਹੁਣ ਜਾਣ ਦਿਓ ਕਿਉਂਕਿ ਮੈਂ ਇਸ ਸਾਧੂ ਦੇ ਨਾਲ ਜਾਣਾ ਹੈ ਤੇ ਸੰਤ ਰਾਘੋਵਾਂ ਨੂੰ ਚੱਲ ਮਿਲਣਾ ਹੈ। ਉਸ ਨੇ ਕਿਸੇ ਭਲੇ ਸੰਤ ਦਾ ਸੰਗ ਕੀਤਾ ਹੋਇਆ ਹੈ। ਉਸ ਨੇ ਤਪ ਹਠ ਕੀਤਾ ਤੇ ਸਾਂਈਂ ਦੇ ਰਸਤੇ ਘਾਲ ਘਾਲੀ ਹੋਈ ਹੈ, ਚਾਹੋ ਕਿਵੇਂ ਘਾਲੀ ਹੈ। ਉਹ ਕਿਸੇ ਵਿਕਾਰ ਲਈ ਨਹੀਂ ਪਰੋਪਕਾਰ ਲਈ ਜਗਤ ਵਿਚ ਗਿਆ ਹੈ, ਪਰ ਸੇਧ ਖਤਰੇ ਵਾਲੀ ਹੈ। ਪਰਉਪਕਾਰ ਸੌਖੀ ਸ਼ੈ ਨਹੀਂ, ਇਹ ਕੁਰਬਾਨੀ ਲਈ ਦੂਜੇ ਦੇ ਭਲੇ ਲਈ ਪ੍ਰੇਰਦਾ ਤਾਂ ਹੈ ਪਰ ਕਈ ਵੇਰ ਟਪਲੇ ਲਾ ਕੇ ਮੁਸ਼ਕਲਾਂ ਵਿਚ ਬੀ ਫਸਾ ਦਿੰਦਾ ਹੈ। ਸਾਧੂ ਦਾ ਸੁਭਾਵ ਸਰਲ ਹੁੰਦਾ ਹੈ, ਜਗਤ ਦੇ ਲੋਕ ਚਲਾਕ ਹੁੰਦੇ ਹਨ। ਸਾਧੂ ਅਭੋਲ ਹੀ ਅਕਸਰ ਫਸ ਜਾਂਦਾ ਹੈ। ਉਸ ਵੇਲੇ ਸਤਿਸੰਗ ਦੀ ਸਹਾਇਤਾ ਚਾਹੀਏ। ਇਸ ਕਰਕੇ ਮੈਨੂੰ ਅੰਦਰੋਂ ਪ੍ਰੇਰਨਾ ਉਠਦੀ ਹੈ ਕਿ ਤੂੰ ਜਾਹ ਸਹਾਇਤਾ ਕਰ, ਇਕ ਅਭਿਆਸੀ ਨੂੰ ਸੰਭਾਲ। ਮੈਂ ਕੌਣ ਹਾਂ। ਪਰ ਉਹ ਅੰਦਰਲੀ ਪ੍ਰੇਰਨਾ ਯਾ ਜਿਸਨੂੰ ਤੁਸੀਂ ਅਰਜ ਆਖਦੇ ਹੋ ਤੀਬਰ ਹੈ। ਇਸ ਕਰਕੇ ਮੈਂ ਸਾਂਝੀ ਪ੍ਰੇਰਨਾ ਵਿਚ ਉਧਰ ਜਾਣਾ ਆਪਣੇ ਲਈ ਜ਼ਰੂਰੀ ਸਮਝਦਾ ਹਾਂ ਕਿ ਜੋ ਕੁਝ ਸਰ ਸਕੇ ਸੇਵਾ ਕਰਾਂ। ਆਪ ਦੇ ਪਿਆਰ ਨਾਲ ਏਕਾਂਤ ਵਿਚ ਚੌਖੇ ਦਿਨ ਸੋਹਣੇ ਬੀਤੇ ਹਨ, ਆਪ ਦਾ ਤੇ ਰੱਬ ਜੀ ਦਾ ਸ਼ੁਕਰ ਹੈ। ਹੁਣ ਫੇਰ ਕਾਦਰ ਨੇ ਹੋਰ ਸੇਵਾ ਦਾ ਸਮਾਂ ਲੈ ਆਂਦਾ ਹੈ। ਸੋ ਹੁਣ ਛੁੱਟੀ ਦਿਓ ਤੇ ਫੇਰ ਗੁਰੂ ਕਰੇ ਤਾਂ ਦਰਸ਼ਨ ਮੇਲੇ ਰੱਬ ਰਜ਼ਾ ਵਿਚ ਹੁੰਦੇ ਰਹਿਣ।

(********)

# ਮਨੋਭਾਵਾਂ ਦੀ ਰਚਨਾਤਮਕ ਵਰਤੋਂ
# ((Creative Use of Emotions))

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਪ੍ਰੇਰਣਾ ਤੋਂ ਬਾਹਰ ਨਿਕਲਣ ਦੀ ਪ੍ਰਕ੍ਰਿਆ

ਜਿਸ ਮਨੁਖ ਦੇ ਜੀਵਨ ਦਾ ਕੋਈ ਉਦੇਸ਼ ਨਾ ਹੋਵੇ, ਕੋਈ ਮੰਤਵ ਨਾ ਹੋਵੇ ਉਹ ਬਹੁਤ ਛੇਤੀ ਹੀ ਦੂਸਰਿਆਂ ਦੇ ਸੁਝਾਅ ਥੱਲੇ ਆ ਜਾਂਦਾ ਹੈ। ਉਸਨੂੰ ਸਾਰੇ ਹੀ ਸੁਝਾਅ ਚੰਗੇ ਲਗਦੇ ਹਨ ਉਸ ਦਾ ਦਿਲ ਕਰਦਾ ਹੈ ਕਿ ਉਹ ਸਾਰੇ ਹੀ ਮਨ ਲਵੇ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਉਹ ਇਧਰ ਉਧਰ ਭਟਕਦਾ ਰਹਿੰਦਾ ਹੈ, ਉਸ ਕੋਲ ਕੋਈ ਇਹੋ ਜਿਹਾ ਸਾਧਨ ਨਹੀਂ ਹੁੰਦਾ ਜਿਸ ਨਾਲ ਉਹ, ਇਹ ਦੇਖ ਸਕੇ ਪਰਖ ਸਕੇ ਕਿਹੜਾ ਸੁਝਾਅ ਉਸ ਲਈ ਠੀਕ ਹੈ ਕਿਹੜਾ ਨਹੀਂ ਪਰ ਜਦੋਂ ਹੀ ਜਿਵੇਂ ਹੀ ਤੁਸੀਂ ਆਪਣੇ ਜੀਵਨ ਦਾ ਉਦੇਸ਼ ਨਿਸ਼ਚਿਤ ਕਰ ਲੈਂਦੇ ਹੋ, ਫੇਰ ਤੁਸੀਂ ਹਰ ਇਕ ਸੁਝਾਅ ਉਸ ਉਦੇਸ਼ ਦੀ ਕਸਵੱਟੀ ਉਤੇ ਜਾਂਚਦੇ ਹੋ, ਦੇਖਦੇ ਹੋ। ਉਦਾਹਰਣ ਵਜੋਂ ਜੇ ਤੁਹਾਡੇ ਜੀਵਨ ਦਾ ਉਦੇਸ਼ ਹੈ ਕਿ ਤੁਸੀਂ ਪੀਆਨੋ ਵਜਾਉਣਾ ਸਿੱਖਣਾ ਹੈ ਉਸ ਵਿਚ ਨਿਪੁੰਨਤਾ ਪ੍ਰਾਪਤ ਕਰਨੀ ਹੈ, ਫੇਰ ਤੁਸੀਂ ਉਹ ਹੀ ਸੁਝਾਅ ਮੰਨੋਗੇ ਜਿਹੜੇ ਤੁਹਾਨੂੰ ਚੰਗਾ ਪਿਆਨੋ ਵਜਾਉਣ ਲਈ ਸਹਾਇਕ ਹੋਣਗੇ, ਜਿਹੜੇ ਉਸਦੇ ਵਿਪਰੀਤ ਹੋਣਗੇ ਉਹ ਤੁਸੀਂ ਨਹੀਂ ਮੰਨੋਗੇ। ਜੇਕਰ ਤੁਸੀਂ ਇਕ ਸਮਾਂ ਨਿਸ਼ਚਿਤ ਕੀਤਾ ਹੈ ਕਿ ਤੁਸੀਂ ਸਿ ਸਮੇਂ ਆਪਣੀ ਪਿਆਨੋ ਵਜਾਉਣ ਦਾ ਅਭਿਆਸ ਕਰੋਗੇ, ਕੋਈ ਤੁਹਾਡਾ ਮਿੱਤਰ ਆ ਕੇ ਤੁਹਾਨੂੰ ਕਹਿੰਦਾ ਹੈ ਚਲੋ ਅੱਜ ਸਿਨੇਮਾ ਦੇਖਣ ਚੱਲੀਏ ਪਰ ਤੁਹਾਡਾ ਦ੍ਰਿੜ੍ਹ ਫੈਸਲਾ, ਤੁਹਾਡੇ ਜੀਵਨ ਦਾ ਉਦੇਸ਼ ਉਸ ਗੱਲ ਨੂੰ ਗੌਲੇਗਾ ਹੀ ਨਹੀਂ, ਚਿਤਾਰੇਗਾ ਹੀ ਨਹੀਂ। ਇਸ ਤਰ੍ਹਾਂ ਨਾਲ ਜੀਵਨ ਮਨੋਰਥ ਦੇ ਨਾਲ ਹੀ ਅਸੀਂ ਆਪਣੇ ਆਪ ਨੂੰ ਸਾਧਦੇ ਹਾਂ। ਮਨੋਰਥ ਸਾਨੂੰ ਧੁਰਾ ਦਿੰਦਾ ਹੈ, ਉਸ ਅਨੁਸਾਰ ਹੀ ਅਸੀਂ ਸੁਝਾਅ ਲੈਂਦੇ ਹਾਂ ਮੰਨਦੇ ਹਾਂ। ਮੰਦਭਾਗਾਂ ਨਾਲ ਬਹੁਤ ਵਾਰੀ ਜਿਹੜਾ ਗੋਲ ਬਹੁਤ ਵਾਰੀ ਅਸੀਂ ਆਪਣੇ ਲਈ ਚੁਣਦੇ ਹਾਂ ਉਹ ਬਹੁਤ ਹੀ ਨਖਿੱਦ ਸੁਝਾਅ ਤੇ ਅਸੀਂ ਚੁਣ ਲੈਂਦੇ ਹਾਂ, ਆਪਣੇ ਗਲਤ ਸਵੈ ਸੰਕਲਪ ਤੇ ਲੈ ਲੈਂਦੇ ਹਾਂ। ਮਿਸਾਲ ਵਜੋਂ ਜੇ ਅਸੀਂ ਉਹ ਹੀ ਪੀਆਨੋ ਵਜਾਉਣ ਦੀ ਗੱਲ ਦੇਖੀਏ, ਇਹ ਠੀਕ ਹੈ ਕਿ ਪਿਆਨੋ ਵਜਾਉਣ ਲਈ ਤੁਸੀਂ ਹੋਰ ਪ੍ਰੀਕ੍ਰਿਆ ਛੱਡ ਦਿਓਗੇ। ਤੁਸੀਂ ਪੂਰੀ ਤਰ੍ਹਾਂ ਨਾਲ ਆਪਣੇ ਆਪ ਨੂੰ ਪਿਆਨੋ ਨਾਲ ਹੀ ਜੋੜ ਲਵੋਗੇ। ਪਰ ਹੋ ਸਕਦਾ ਹੈ ਥੋੜ੍ਹੀ ਦੇਰ ਬਾਅਦ ਤੁਸੀਂ ਦੇਖੋਗੇ, ਮਹਿਸੂਸ ਕਰੋਗੇ ਕਿ ਪਿਆਨੋ ਵਜਾਉਣਾ ਤਾਂ ਕੋਈ ਵੱਡੀ ਗੱਲ ਨਹੀਂ, ਇਹ ਕੋਈ ਐਡਾ ਵੱਡਾ ਹੁਨਰ ਨਹੀਂ, ਤੁਹਾਡਾ ਭਰਮ ਟੁੱਟ ਜਾਂਦਾ ਹੈ, ਤੁਸੀਂ ਕੋਈ ਹੋਰ ਗੱਲ ਲੱਭਣ ਲਗ ਪੈਂਦੇ ਹੋ।

ਜਿੰਨਾਂ ਜ਼ਿਆਦਾ ਤੁਸੀਂ ਆਪਣੇ ਗੋਲ ਲਈ ਉਦੇਸ਼ ਲਈ ਵਚਨਬੱਧ ਹੋਵੋਗੇ, ਉਨਾਂ ਹੀ ਵੱਧ ਤੁਹਾਡਾ ਪ੍ਰੇਰਣਾ ਤੇ ਕਾਬੂ ਹੋਵੇਗਾ। ਪਰ ਸਾਡੇ ਵਿਚੋਂ ਬਹੁਤ ਸਾਰਿਆਂ ਦਾ ਕੋਈ ਪੱਕਾ ਤੇ ਬਹੁਤ ਦੇਰ ਲਈ ਆਪਣੇ ਉਦੇਸ਼ ਲਈ ਵਚਨਬੱਧਤਾ ਨਹੀਂ ਹੁੰਦੀ, ਕੋਈ ਇਹੋ ਜਿਹਾ ਗੋਲ ਨਹੀਂ ਹੁੰਦਾ ਜਿਹੜਾ ਵੱਡੇ ਵਡੇਰਿਆਂ ਤੋਂ ਮਿਲਿਆ ਹੋਵੇ, ਜਿਸ ਦਾ ਨਤੀਜਾ ਹੁੰਦਾ ਹੈ ਅਸੀਂ ਕਦੀ ਕੋਈ, ਕਦੀ ਕੋਈ ਗੋਲ ਲੱਭਦੇ ਰਹਿੰਦੇ ਹਾਂ। ਕਦੀ ਕਿਤੋਂ ਮੌਜ ਮੇਲਾ ਸੰਤੁਸ਼ਟਤਾ, ਕਦੀ ਕਿਤੋਂ ਲੱਭਦੇ ਰਹਿੰਦੇ ਹਾਂ। ਅਸੀਂ ਇਕ ਚੀਜ਼ ਲੈਂਦੇ ਹਾਂ ਇਕ ਪ੍ਰੋਜੈਕਟ ਲੈਂਦੇ ਹਾਂ ਉਸਨੂੰ ਕਰਦੇ ਹਾਂ ਪਰ ਥੋੜ੍ਹੀ ਦੇਰ ਬਾਅਦ ਉਸ ਤੋਂ ਥੱਕ ਜਾਂਦੇ ਹਾਂ, ਅੱਕ ਜਾਂਦੇ ਹਾਂ ਉਸ ਨੂੰ ਛੱਡ ਕੇ ਦੂਸਰਾ ਲੱਭਦੇ ਹਾਂ, ਇਕ ਨਵਾਂ ਕੰਮ ਸ਼ੁਰੂ ਕਰਦੇ ਹਾਂ, ਨਵੇਂ ਬੰਦੇ ਦੇਖਦੇ ਹਾਂ, ਆਪਣੇ ਆਪ ਨੂੰ ਇਕ ਨਵੀਂ ਪਛਾਣ ਦੇਣ ਦੀ ਕੋਸ਼ਿਸ਼ ਕਰਦੇ ਹਂ। ਇਹ ਵੀ ਹੋ ਸਕਦਾ ਹੈ ਕਿ ਸਾਨੂੰ ਕੋਈ ਅਧਿਆਤਮਕ ਗੁਰੂ ਲੱਭ ਜਾਏ ਅਸੀਂ ਪੂਰੀ ਤਰ੍ਹਾਂ ਨਾਲ ਉਸ ਵਿਚ ਹੀ ਲੀਨ ਹੋ ਜਾਈਏ। ਪਰ ਛੇਤੀ ਹੀ ਉਹ ਵੀ ਖਤਮ ਹੋ ਜਾਂਦਾ ਹੈ। ਛੇਤੀ ਹੀ ਸਾਡਾ ਭਰਮ ਟੁੱਟ ਜਾਂਦਾ ਹੈ, ਫੇਰ ਅਸੀਂ ਹੋਰ ਅੱਗੇ ਤੁਰ ਪੈਂਦੇ ਹਾਂ। ਇਸ ਤਰ੍ਹਾਂ ਕਰਦਿਆਂ ਅਸੀਂ ਇਹ ਦੇਖ ਲੈਦੇ ਹਾਂ ਕਿ ਬਹੁਤ ਸਾਰੇ ਮੰਤਵ ਬਹੁਤ ਸਾਰੇ ਗੋਲ ਜਿਹੜੇ ਅਸੀਂ ਲੱਭਦੇ ਹਾਂ ਉਹ ਬਿਲਕੁਲ ਅਸਥਾਈ ਹੁੰਦੇ ਹਨ, ਇਕ ਭਰਮ ਹੀ ਹੁੰਦਾ ਹੈ।

ਪਰ ਜਿਨ੍ਹਾਂ ਦੀ ਚੇਤਨਤਾ ਦਾ ਵਿਸਤਾਰ ਹੋ ਚੁੱਕਾ ਹੈ ਜਿਨ੍ਹਾਂ ਨੇ ਪਰਾ ਵਿਦਿਆ ਦਾ ਅਨੁਭਵ ਲੈ ਲਿਆ ਹੈ ਉਹ ਇਹ ਜਾਣ ਗਏ ਹਨ ਕਿ ਸਾਡੇ ਜੀਵਨ ਦਾ ਕੋਈ ਉਦੇਸ਼ ਹੈ ਮੰਤਵ ਹੈ ਉਹ ਸਥਿਰ ਰਹਿੰਦੇ ਹਨ, ਭਾਵੇਂ ਕੁਝ ਵੀ ਕਿਉਂ ਨਾ ਹੁੰਦਾ ਰਹੇ। ਅਸੀਂ ਦੇਖਿਆ ਹੈ ਕਿ ਵਿਕਾਸ ਵਿਚ ਵੀ ਬਹੁਤ ਤਰ੍ਹਾਂ ਦੇ ਬਦਲਾਵ ਹੁੰਦੇ ਹਨ, ਅਸੀਂ ਹੌਲੀ-ਹੌਲੀ ਵਧੇਰੇ ਚੇਤਨਤਾ ਦਾ ਪਸਾਰਾ ਕਰਦੇ ਰਹਿੰਦੇ ਹਾਂ। ਜੇ ਅਸੀਂ ਆਪਣੇ ਜੀਵਨ ਵਾਸਤਵਕਿ ਰੂਪ ਵਿਚ ਦੇਖੀਏ ਅਸੀਂ ਦੇਖਾਂਗੇ ਕਿ ਵਿਕਾਸ ਦਾ ਇਕ ਵਿਸ਼ੇਸ਼ ਤਰੀਕਾ ਹੈ ਮਾਰਗ ਹੈ ਸਾਡੀ ਚੇਤਨਤਾ ਉਸ ਨਾਲ ਜੁੜੀ ਰਹਿੰਦੀ ਹੈ। ਬਹੁਤ ਵਾਰੀ ਅਸੀਂ ਇਹ ਮੰਤਵ ਇਹ ਉਦੇਸ਼ ਅੱਖੋਂ ਓਹਲੇ ਕਰ ਦਿੰਦੇ ਹਾਂ, ਕਈ ਤਰ੍ਹਾਂ ਦੀਆਂ ਸਲਾਹਾਂ ਦੇ ਸ਼ਿਕਾਰ ਬਣ ਜਾਂਦੇ ਹਾਂ, ਛਿਨਭੰਗਰ ਦੀਆਂ ਇਛਾਵਾਂ ਦੀ ਤ੍ਰਿਪਤੀ ਬਨਾਵਟੀ ਉਦੇਸ਼ਾਂ ਦੇ ਪਿਛੇ ਦੌੜ ਪੈਂਦੇ ਹਾਂ। ਇਸ ਦਾ ਨਤੀਜਾ ਹੁੰਦਾ ਹੈ, ਰੌਲਾ, ਗੋਲਾ, ਪਰੇਸ਼ਾਨੀ, ਖਲਬਲੀ।

ਅਸੀਂ ਸਾਰੇ ਹੀ ਇਕ ਸਫਰ ਤੇ ਹਾਂ, ਸਾਡਾ ਟਿਕਾਣਾ, ਲਕਸ਼ ਚੇਤਨਤਾ ਦਾ ਵਿਸਤਾਰ, ਉਸ ਹੱਦ ਤੱਕ ਵਿਸਤਾਰ ਜਿਥੇ ਪਹੁੰਚ ਕੇ ਕੋਈ ਸੀਮਾ ਨਹੀਂ ਰਹਿੰਦੀ, ਜਦੋਂ ਸਾਡੀ ਪਛਾਣ ਕਿਸੇ ਸੀਮਾ ਵਿਚ ਨਹੀਂ ਬੰਨ੍ਹੀ ਰਹਿੰਦੀ ਪਰੰਤੂ ਉਹ ਐਨੀ ਵਿਸਤ੍ਰਿਤ ਹੋ ਜਾਂਦੀ ਹੈ ਕਿ ਉਸ ਵਿਚ ਸਾਰੇ ਹੀ ਆ ਜਾਂਦੇ ਹਨ, ਉਹ ਸਾਰਿਆਂ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਇਹ ਹੀ ਸਾਡੇ ਸਾਰਿਆਂ ਦਾ ਉਦੇਸ਼ ਹੈ ਇਹ ਹੀ ਮੰਤਵ ਹੈ। ਅਸੀਂ ਇਸ ਮੰਤਵ ਬਾਰੇ ਸਾਰੇ ਸੁਚੇਤ ਹਾਂ ਜਾਂ ਨਹੀਂ ਹਾਂ ਇਹ ਇਕ ਵੱਖਰੀ ਗੱਲ ਹੈ ਜਾਂ ਅਸੀਂ ਸਾਰੇ ਉਸੇ ਦਿਸ਼ਾ ਵਿਚ ਰਹੇ ਹਾਂ। ਜਿੰਨੇ ਵੀ ਸਾਡੇ ਅਨੁਭਵ ਹੁੰਦੇ ਹਨ ਉਹ ਸਾਨੂੰ ਹੌਲੀ-ਹੌਲੀ ਇਸੇ ਟਿਕਾਣੇ ਵਲ ਲਈ ਜਾਂਦੇ ਹਨ।

ਜੇਕਰ ਅਸੀਂ ਗਾਡੀ ਰਾਹ ਤੇ ਰਹੀਏ ਤੇਜ਼ ਗਤੀ ਨਾਲ ਚੱਲੀਏ ਸਿੱਧੇ ਜਾਈਏ, ਆਪਣੇ ਨਿਸ਼ਾਨੇ ਨੂੰ ਸਾਮ੍ਹਣੇ ਰੱਖੀਏ, ਕੇਵਲ ਉਹ ਅਨੁਭਵ ਉਹ ਸੁਝਾਅ ਹੀ ਸਾਮ੍ਹਣੇ ਰੱਖੀਏ ਜਿਹੜੇ ਸਾਨੂੰ ਸਾਡੇ ਉਦੇਸ਼ ਤੱਕ ਲੈ ਜਾਣ ਪਰ ਇਸ ਤਰ੍ਹਾਂ ਹੁੰਦਾ ਨਹੀਂ। ਅਸੀਂ ਉਨ੍ਹਾਂ ਚੀਜ਼ਾਂ ਦੇ ਪਿਛੇ ਦੌੜਨ ਲਗ ਪੈਂਦੇ ਹਾਂ ਜਿਹੜੀਆਂ ਮੌਜ ਮਸਤੀ ਦਿੰਦੀਆਂ ਹਨ, ਪਰ ਛੇਤੀ ਹੀ ਸ਼ਾਨੂੰ ਪਤਾ ਲਗ ਜਾਂਦਾ ਹੈ ਕਿ ਇਧਰ ਉਧਰ ਜਾਣਾ ਕੇਵਲ ਛਲਾਵਾ ਦੇਣੀ ਹੀ ਹੈ, ਇਹ ਤਾਂ ਕਦੀ ਨਾ ਪੂਰੇ ਹੋਣ ਵਾਲੇ ਵਾਅਦੇ ਹਨ। ਇਹ ਉਹ ਮੌਜ ਮਸਤੀਆਂ ਹਨ ਜਿਨ੍ਹਾਂ ਵਿਚ ਦੁਖ, ਅਫਸੋਸ ਸਭ ਮਿਲੇ ਜੁਲੇ ਹਨ ਇਹ ਇਨ੍ਹਾਂ ਸੰਵੇਗਾਂ ਦਾ ਮਿਸ਼ਰਨ ਹੈ। ਹਰ ਵਾਰੀ ਜਦੋਂ ਅਸੀਂ ਜਦੋਂ ਗਾਡੀ ਰਾਗ ਤੋਂ ਭਟਕਦੇ ਹਾਂ ਅਸੀਂ ਵਾਸਤਵ ਜੀਵਨ ਡਰਾਮੇ ਵਿਚ ਉਲਝ ਜਾਂਦੇ ਹਾਂ। ਇਕ ਇਸ ਤਰ੍ਹਾਂ ਦਾ ਸੰਸਾਰ ਰਚਿਆ ਜਾਂਦਾ ਹੈ ਜਿਸ ਵਿਚ ਕੁਝ ਇਛਾਵਾਂ ਤਾਂ ਪੂਰਨ ਹੋ ਜਾਂਦੀਆਂ ਹਨ ਪਰ ਨਾਲ ਹੀ ਅਸੀਂ ਕੁਝ ਹੋਰ ਵੀ ਝੇਲਦੇ ਹਾਂ। ਲਾਲਚ ਛੱਡਣ ਦੀ ਕੋਸ਼ਿਸ਼ ਕਰਦੇ ਹਾਂ, ਮੋਹੇ ਜਾਣ ਤੋਂ ਬਚ ਕੇ ਆਉਂਦੇ ਹਾਂ ਇਹ ਮਹਿਸੂਸ ਕਰਦੇ ਹਾਂ ਕਿ ਇਹ ਸਭ ਕੁਝ ਅਧੂਰਾ ਹੈ।

ਸਾਡੀਆਂ ਇਛਾਵਾਂ ਸਾਡੀਆਂ ਮੰਗਾਂ ਭਾਵੇਂ ਸਾਨੂੰ ਸਾਡੇ ਮਾਰਗ ਤੋਂ ਹਟਾ ਲੈਣ ਪਰ ਇਹ ਥੋੜ੍ਹੀ ਦੇਰ ਲਈ ਹੀ ਹੋਵੇਗਾ, ਅਸੀਂ ਭਾਵੇਂ ਹੋਰ ਕਿਸੇ ਚੀਜ਼ ਵਿਚ ਉਲਝ ਜਾਈਏ। ਹੋਰ ਭਾਵੇਂ ਕਿੰਨੇ ਹੀ ਤਰ੍ਹਾਂ ਦੇ ਅਨੁਭਵ ਹੋਣ ਪਰ ਇਹ ਸਾਰੇ ਸਾਡੀ ਚੇਤਨਤਾ ਦੇ ਵਿਸਤਾਰ ਵਲ ਹੀ ਲੈ ਕੇ ਜਾਣਗੇ ਤੇ ਸਾਡੇ ਮਾਰਗ ਤੇ ਸਹਾਈ ਹੋਣਗੇ। ਜਦੋਂ ਵੀ ਅਸੀਂ ਆਪਣੇ ਮਾਰਗ ਤੋਂ ਉਖੜ ਜਾਂਦੇ ਹਾਂ ਛੋਟੇ-ਛੋਟੇ ਭਾਵਾਂ ਵਿਚ ਬਹਿ ਕੇ ਮੌਜ ਮਸਤੀ ਵਿਚ ਲਗ ਜਾਂਦੇ ਹਾਂ ਇਸ ਦਾ ਕਾਰਣ ਸਾਡੇ ਅੰਦਰ ਛਪੀਆਂ ਇਛਾਵਾਂ ਹੀ ਤਾਂ ਹੁੰਦੀਆਂ ਹਨ। ਇਹ ਹੀ ਸਾਨੂੰ ਮੌਕਾ ਦਿੰਦੀਆਂ ਹਨ ਤਾਂ ਜੋ ਅਸੀਂ ਆਪਣੇ ਨਕਲੀ ਗੋਲ ਵਲ ਜਾ ਕੇ ਉਸ ਦੀਆਂ ਸੀਮਾਂ ਨੂੰ ਜਾਣੀਏ, ਜਿਹੜਾ ਦੁਖ ਸੰਤਾਪ ਸਾਨੂੰ ਨਕਲੀ ਗੋਲ ਦੇ ਮਗਰ ਲਗ ਕੇ ਲਗਦਾ ਜਾਂ ਕਹਿ ਲਓ ਇਕ ਮਿੱਥੇ ਉਦੇਸ਼ ਦੇ ਪਿਛੇ ਲਗ ਕੇ ਲਗਦਾ ਹੈ ਉਹ ਹੀ ਸਾਨੂੰ ਸਾਡੇ ਮਾਰਗ ਤੇ ਵਾਪਿਸ ਲੈ ਕੇ ਆਉਂਦਾ ਹੈ ਉਹ ਹੀ ਸਾਨੂੰ ਮਿਥੇ ਗੋਲ ਦੀ ਸੀਮਾ ਬਾਰੇ ਜਾਗਰੂਪ ਕਰਵਾਉਂਦਾ ਹੈ।

ਇਹੋ ਜਿਹਾ ਮਾਰਗ ਲੰਮਾ ਤੇ ਦੁਖਦਾਈ ਹੋ ਸਕਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਹਰ ਇਕ ਇੱਛਾ ਨੂੰ ਇਸ ਸਿਰੇ ਤੱਕ ਪਹੁੰਚਾਇਆ ਜਾਵੇ ਜਿਥੇ ਉਸ ਦੀ ਪੂਰਤੀ ਦਾ ਅਨੁਭਵ ਇਕ ਬੰਧਨ ਬਣ ਜਾਵੇ। ਜਿਹੜੇ ਸੁਝਾਅ ਸਾਡੇ ਉਦੇਸ਼ ਨਾਲ ਮੇਲ ਨਹੀਂ ਖਾਂਦੇ, ਸਾਨੂੰ ਚਾਹੀਦਾ ਹੈ ਕਿ ਅਸੀਂ ਉਨ੍ਹਾਂ ਨੂੰ ਇਕ ਪਾਸੇ ਹੀ ਰਹਿਣ ਦਿਆ ਕਰੀਏ। ਸਾਨੂੰ ਚਾਹੀਦਾ ਹੈ ਕਿ ਅਸੀਂ ਉਹ ਸਲਾਹ ਨੂੰ ਗੋਲੀਏ ਹੀ ਨਾ ਜਿਹੜੀ ਸਾਨੂੰ ਸਾਡੇ ਉਦੇਸ਼ ਤੋਂ ਹਟਾ ਕੇ ਦੂਸਰੇ ਮਾਰਗ ਤੇ ਲੈ ਜਾਵੇ, ਸਾਨੂੰ ਉਹ ਸਾਰੇ ਸੁਝਾਅ ਵੀ ਦੂਰ ਹੀ ਰੱਖਣੇ ਚਾਹੀਦੇ ਹਨ ਜਿਹੜੇ ਸਾਨੂੰ ਸਾਡੇ ਗੋਲ ਤੇ ਪਹੁੰਚਣ ਵਿਚ ਦੇਰ ਕਰਵਾਉਣ ਜਾਂ ਸਾਡੀ ਤਰੱਕੀ ਵਿਚ ਰੁਕਾਵਟ ਬਣ ਜਾਣ।

ਜਿਹੜੇ ਵੀ ਸੁਝਾਅ ਤੁਹਾਨੂੰ ਰੋਜ਼ ਮਿਲਦੇ ਹਨ, ਉਨ੍ਹਾਂ ਨੂੰ ਜਾਂਚ ਲੈਣਾ ਦੇਖ ਲੈਣਾ ਚੰਗਾ ਹੀ ਹੋਵੇਗਾ। ਇਹ ਦੇਖ ਲੈਣਾ ਜ਼ਰੂਰੀ ਹੈ ਕਿਹੜਾ ਸੁਝਾਅ ਤੁਹਾਨੂੰ ਤੁਹਾਡੇ ਉਦੇਸ਼ ਵਲ ਲੈ ਜਾਂਦਾ ਹੈ ਕਿਹੜਾ ਉਸ ਤੋਂ ਦੂਰ ਕਿਹੜਾ ਤੁਹਾਡੀ ਤਰੱਕੀ ਤੇ ਰੁਕਾਵਟ ਹੈ। ਜਦੋਂ ਤੁਸੀਂ ਰੇਡੀਓ ਸੁਣਦੇ ਹੋ, ਟੀ ਵੀ ਦੇਖਦੇ ਹੋ, ਦੋਸਤਾਂ ਮਿੱਤਰਾਂ ਨਾਲ ਗੱਲ ਕਰਦੇ ਹੋ, ਕੀ ਇਹ ਸਾਰਾ ਕੁਝ ਤੁਹਾਨੂੰ ਤੁਹਾਡੇ ਉਦੇਸ਼ ਦੇ ਨੇੜੇ ਲੈ ਕੇ ਜਾ ਰਿਹਾ ਹੈ ਜਾਂ ਉਸ ਤੋਂ ਦੂਰ? ਜਿਹੜੇ ਸੁਝਾਅ ਆ ਰਹੇ ਹਨ ਕੀ ਇਹ ਤੁਹਾਨੂੰ ਅਸ਼ਾਂਤ ਕਰਦੇ ਹਨ, ਵਧੇਰੇ ਪਰੇਸ਼ਆਨ ਕਰਦੇ ਹਨ ਜਾਂ ਕਿ ਤੁਹਾਨੂੰ ਇਕਾਗਰ ਹੋਣ ਵਿਚ ਸਹਾਈ ਹੁੰਦੇ ਹਨ। ਜਦੋਂ ਇਕ ਵਾਰੀ ਤੁਸੀਂ ਇਹ ਦੇਖ ਲੈਂਦੇ ਹੋ ਕਿ ਕਿਹੜੀ ਸਲਾਹ ਅਸ਼ਾਂਤੀ ਦਿੰਦੀ ਹੈ ਕਿਹੜੀ ਤੁਹਾਨੂੰ ਆਪਣੇ ਮਾਰਗ ਤੋਂ ਦੂਰ ਕਰਦੀ ਹੈ, ਫੇਰ ਤੁਸੀਂ ਹੌਲੀ-ਹੌਲੀ ਉਨ੍ਹਾਂ ਦੇ ਪ੍ਰਭਾਵ ਨੂੰ ਖਤਮ ਕਰਨਾ ਸ਼ੁਰੂ ਕਰ ਸਕਦੇ ਹੋ।

ਸਾਡੇ ਵਿਚੋਂ ਬਹੁਤ ਸਾਰੇ ਲੋਕ ਉਨ੍ਹਾਂ ਸਲਾਹਾਂ ਨਾਲ ਸਬੰਧਤ ਰਹਿਣ ਲਈ ਆਪਣੇ ਆਪ ਨੂੰ ਪਾਬੰਦ ਸਮਜਦੇ ਹਨ ਜਿਹੜੀਆਂ ਅਸ਼ਾਂਤੀ ਦਿੰਦੀਆਂ ਹਨ। ਅਸੀਂ ਸੋਚਦੇ ਹਾਂ ਜੇ ਅਸੀਂ ਸੰਸਾਰ ਦੀਆਂ ਅਸ਼ਾਂਤਮਈ ਖਬਰਾਂ ਨਹੀਂ ਸੁਣਾਂਗੇ, ਜੇ ਅਸੀਂ ਆਪੇ ਆਪ ਨੂੰ ਦੁਨੀਆਂ ਬਾਰੇ ਸੁਚੇਤ ਨਹੀਂ ਰੱਖਾਂਗੇ ਅਸੀਂ ਪਛੜ ਜਾਵਾਂਗੇ ਤੇ ਅਸੀਂ ਸੁਧਾਰ ਦਾ ਕੋਈ ਵੀ ਕੰਮ ਨਹੀਂ ਕਰ ਸਕਾਂਗੇ ਪਰ ਸਚਾਈ ਤਾਂ ਇਹ ਹੈ ਕਿ ਜਦੋਂ ਸਾਡਾ ਆਪਣਾ ਹੀ ਮਨ ਬੇਚੈਨ ਹੈ, ਅਸ਼ਾਂਤ ਹੈ ਅਸੀਂ ਬਾਹਰ ਦੀਆਂ ਚੀਜ਼ਾਂ ਨੂੰ ਕਿਵੇਂ ਠੀਕ ਕਰ ਸਕਦੇ ਹਾਂ। ਜਦੋਂ ਸਾਡਾ ਮਨ ਸ਼ਾਂਤ ਹੋਵੇ, ਇਕਾਗਰ ਹੋਵੇ, ਸੰਤੁਲਨ ਵਿਚ ਹੋਵੇ, ਸਥਿਰ ਹੋਵੇ ਤਾਂ ਹੀ ਅਸੀਂ ਜੀਵਨ ਦੇ ਉਦੇਸ਼ ਜੀਵਨ ਦੇ ਮੰਤਵ ਬਾਰੇ ਸੁਚੇਤ ਹੋ ਸਕਦੇ ਹਾਂ, ਉਦੋਂ ਹੀ ਅਸੀਂ ਜੀਵਨ ਦੇ ਬੇਸੁਆਦੇ ਸੁਝਾਆਂ ਦਾ ਸਾਮ੍ਹਣਾ ਕਰ ਸਕਦੇ ਹਾਂ, ਜਦੋਂ ਇਸ ਤਰ੍ਹਾਂ ਦੇ ਹਾਲਾਤ ਹੋਣ ਫੇਰ ਅਸੀਂ ਉਨ੍ਹਾਂ ਦੇ ਪ੍ਰਭਾਵ ਥੱਲੇ ਦਬ ਨਹੀਂ ਜਾਂਦੇ, ਬਲਕਿ ਫੇਰ ਇਹ ਸਾਡੇ ਲਈ ਇਕ

ਸਾਵਧਾਨੀ ਤੇ ਠੀਕ ਮਾਰਗ ਤੇ ਲੈ ਜਾਣ ਦਾ ਕੰਮ ਕਰਦਾ ਹੈ।

ਬਹੁਤ ਸਾਰੀਆਂ ਸਲਾਹਾਂ ਜਿਹੜੀਆਂ ਸਾਨੂੰ ਅਸ਼ਾਂਤ ਕਰਦੀਆਂ ਹਨ ਉਹ ਕੋਈ ਬਹੁਤ ਮਹੱਤਵਪੂਰਨ ਨਹੀਂ ਹੁੰਦੀਆਂ। ਇਹੋ ਜਿਹੀਆਂ ਸਲਾਹਾਂ ਜਾਂ ਤਾਂ ਹਾਸੇ ਮਖੌਲ ਤੋਂ ਆਉਂਦੀਆਂ ਹਨ ਜਾਂ ਉਥੋਂ ਆਉਂਦੀਆਂ ਹਨ ਜਦੋਂ ਅਸੀਂ ਕੋਈ ਹੋਰ ਪਾਸੇ ਜਾਂਦੇ ਹਾਂ, ਇਨ੍ਹਾਂ ਦੇ ਨਾਲ ਹੀ ਅਸ਼ਾਂਤੀ ਹੁੰਦੀ ਹੈ। ਸਾਡੇ ਰੋਜ਼ ਦੇ ਜੀਵਨ ਵਿਚ ਬਹੁਤ ਸਾਰੀਆਂ ਨਿਰਾਸਤਾਵਾਂ ਹੁੰਦੀਆਂ ਹਨ, ਨਿਸਫਲਤਾ ਹੁੰਦੀਆਂ ਹਨ, ਬਹੁਤ ਸਾਰੀਆਂ ਸਲਾਹਾਂ ਅਸ਼ਾਂਤ ਕਰਨ ਵਾਲੀਆਂ ਹੁੰਦੀਆਂ ਹਨ। ਇਨ੍ਹਾਂ ਸਾਰੀਆਂ ਨੂੰ ਤੁਸੀਂ ਥੋੜ੍ਹੀ ਸੋਚ ਵਿਚਾਰ ਕਰਕੇ ਪਾਸੇ ਕਰ ਸਕਦੇ ਹੋ। ਜੇ ਇਨ੍ਹਾਂ ਸੁਝਾਵਾਂ ਨਾਲ ਸਬੰਧਤ ਕੰਮ ਨਾ ਕੀਤੇ ਜਾਣ ਤਾਂ ਤੁਹਾਡੇ ਜੀਵਨ ਦੀ ਸ਼ਾਂਤੀ, ਸਮਾਚਿੱਤਤਾ ਬਹੁਤ ਵੱਧ ਸਕਦੀ ਹੈ।

ਉਨੀਵੀਂ ਸਦੀ ਦੇ ਵਿਚ ਮਹਾਂਪੁਰਖ ਹੋਏ ਹਨ ਜਿਨ੍ਹਾਂ ਦਾ ਨਾਮ ਸੀ ਰਾਮ ਕ੍ਰਿਸ਼ਨ, ਉਹ ਆਪਣੇ ਸ਼ਰਧਾਲੂਆਂ ਨੂੰ ਕਹਿੰਦੇ ਸੀ ਜਦੋਂ ਤੁਸੀਂ ਆਤਮ ਮਾਰਗ ਲਈ ਸੁਚੇਤ ਹੁੰਦੇ ਹੋ, ਆਪਣੇ ਵਿਕਾਸ ਲਈ ਸੁਚੇਤ ਹੁੰਦੇ ਹੋ, ਉਦੋਂ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਨਖੇਦੀ ਦੇ ਸੁਝਾਆਂ ਤੋਂ ਦੂਰ ਰਹੋ, ਵੱਖ ਰਹੋ, ਉਹ ਇਨ੍ਹਾਂ ਨਖੇਦੀ ਦੇ ਸੁਝਾਵਾਂ ਨੂੰ ਇਕ ਰੁਖ ਦੀ ਤਰ੍ਹਾਂ ਦੇਖਦੇ ਸੀ, ਉਹ ਰੁਖ ਜਿਹੜਾ ਇਕ ਦਮ ਧਰਤੀ ਵਿਚੋਂ ਨਿਕਲਿਆ ਹੋਵੇ ਤੇ ਆਪਣੇ ਵਾਤਾਵਰਣ ਨੂੰ ਦੇਖ ਕੇ ਫੇਲ ਗਿਆ ਹੋਵੇ, ਜੇ ਤਾਂ ਦਰਖਤ ਤੁਹਾਡੇ ਗਰ ਵਿਚ ਹੋਵੇ ਤੁਸੀਂ ਉਸਨੂੰ ਫਾਲਤੂ ਦੇਖ ਕੇ ਪੁੱਟ ਕੇ ਸੁੱਟ ਦਿਓਂਗੇ, ਉਸ ਦੇ ਪੱਤੇ ਕੋਈ ਬਾਹਰ ਫਿਰਦੀ ਗਊ ਆ ਜਾਵੇਗੀ। ਜੇ ਅਸੀਂ ਉਸ ਰੁਖ ਨੂੰ ਬਚਾਉਣਾ ਚਾਹੁੰਦੇ ਹਾਂ ਫੇਰ ਅਸੀਂ ਉਸ ਦੇ ਆਲੇ-ਦੁਆਲੇ ਕੋਈ ਤਾਰ ਲਗਾਵਾਂਗੇ ਕੋਈ ਜਾਲੀ ਲਗਾਵਾਂਗੇ। ਸਮਾਂ ਪਾ ਕੇ ਉਹ ਦਰਖਤ ਵੱਡਾ ਹੋ ਜਾਵੇਗਾ, ਫੇਰ ਕੁਝ ਦੇਰ ਬਾਅਦ ਉਸਨੂੰ ਜਾਲੀ ਜਾਂ ਤਾਰ ਦੀ ਕੋਈ ਲੋੜ ਨਹੀਂ ਰਹੇਗੀ, ਕੋਈ ਗਊ ਕੋਈ ਘਾਹ ਕੱਟਣ ਵਾਲਾ ਉਸਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ।

ਬਿਲਕੁਲ ਇਸੇ ਤਰ੍ਹਾਂ ਜਿਵੇਂ-ਜਿਵੇਂ ਅਸੀਂ ਵੱਡੇ ਹੁੰਦੇ ਜਾਂਦੇ ਹਾਂ ਅਸੀਂ ਹਰ ਤਰ੍ਹਾਂ ਦੇ ਦਵੰਦ, ਵਿਪਰੀਤ, ਅਸ਼ਾਂਤ ਸੁਝਾਵਾਂ ਵਿਚ ਜੀਣਾ ਸਿੱਖ ਲੈਂਦੇ ਹਾਂ ਫੇਰ ਇਨ੍ਹਾਂ ਗੱਲਾਂ ਦਾ ਸਾਡੇ ਉਤੇ ਛੇਤੀ ਪ੍ਰਭਾਵ ਨਹੀਂ ਪੈਂਦਾ? ਜਿਵੇਂ ਅਸੀਂ ਆਪਣੇ ਉਦੇਸ਼ ਵਿਚ ਪੱਕੇ ਹੁੰਦੇ ਜਾਂਦੇ ਹਾਂ, ਆਤਮ ਮਾਰਗ ਬਾਰੇ ਵਧੇਰੇ ਸੁਚੇਤ ਹੁੰਦੇ ਜਾਂਦੇ ਹਾਂ, ਅਸੀਂ ਸਲਾਹਾਂ ਨੂੰ ਦੇਖਣ ਦੇ ਸੁਣਨ ਦੇ ਸਮਰੱਥ ਹੁੰਦੇ ਜਾਂਦੇ ਹਾਂ, ਅਸੀਂ ਉਹ ਹੀ ਸੁਝਾਅ ਲੈਂਦੇ ਹਾਂ ਜਿਹੜੇ ਸਾਨੂੰ ਸਾਡੇ ਗੋਲ ਵਲ ਲੈ ਜਾਂਦੇ ਹਨ, ਦੂਸਰਿਆਂ ਵਲ ਅਸੀਂ ਧਿਆਨ ਨਹੀਂ ਦਿੰਦੇ। ਅਸੀਂ ਪਰੇਸ਼ਾਨੀ ਖਲਬਲੀ ਵਿਚ ਰਹਿੰਦੇ ਹੋਏ ਵੀ ਸ਼ਾਂਤ, ਸਮਾਚਿੱਤ ਰਹਿੰਦੇ ਹਾਂ। ਇਸ ਤਰ੍ਹਾਂ ਅਸੀਂ ਦੂਸਰਿੱਾਂ ਲਈ ਮਾਰਗ ਦਰਸ਼ਕ, ਪ੍ਰੇਰਣਾ ਦਾ ਸਾਧਨ ਬਣ ਜਾਂਦੇ ਹਾਂ ਸਾਡਾ ਆਤਮ ਮਾਰਗ ਵਧੇਰੇ ਸੁਹੇਲਾ ਹੋ ਜਾਂਦਾ ਹੈ ਅਸੀਂ ਉਸਨੂੰ ਘੱਟ ਸਮੇਂ ਵਿਚ ਖਤਮ ਕਰ ਲੈਂਦੇ ਹਾਂ। ਉਹ ਸਾਡੇ ਲਈ ਪੱਕਾ ਹੋ ਜਾਂਦਾ ਹੈ। ਅਸੀਂ ਆਪਣੇ ਉਦੇਸ਼ ਤੇ ਸਥਿਰ ਹਾਂ, ਅਸੀਂ ਹਰ ਪਲ ਹਰ ਸ੍ਵਾਸ ਨਾਲ ਉਸ ਵਲ ਹੀ ਜਾ ਰਹੇ ਹਾਂ।

ਸੁਝਾਅ ਜਿਹੜੇ ਅਸੀਂ ਆਪਣੇ ਆਪ ਨੂੰ ਦਿੰਦੇ ਹਾਂ

ਹੁਣ ਤੱਕ ਅਸੀਂ ਉਨ੍ਹਾਂ ਸੁਝਾਵਾਂ ਦੀ ਗੱਲ ਕਰਦੇ ਰਹੇ ਹਾਂ ਜਿਹੜੇ ਬਾਹਰੋਂ ਆਉਂਦੇ ਰਹੇ ਹਨ, ਮਾਤਾ ਪਿਤਾ, ਦੋਸਤ ਮਿਤ੍ਰ, ਟੀ.ਵੀ. ਮਿਲਨ ਜੁਲਨ ਵਾਲੇ ਲੋਕ ਹੋਰ ਜਿਹੜੇ ਵੀ ਲੋਕ ਸਾਡੇ ਨਾਲ ਸਮਾਂ ਬਿਤਾਉਂਦੇ ਹਨ ਪਰ ਇਕ ਹੋਰ ਵੀ ਸੁਝਾਅ ਦਾ ਵੱਡਾ ਸਰੋਤ ਹੈ ਉਹ ਹੈ ਅਸੀਂ ਆਪ। ਬਹੁਤ ਵਾਰੀ ਅਸੀਂ ਆਪਣਏ ਆਪ ਨੂੰ ਸੁਝਾਅ ਦਿੰਦੇ ਹਾਂ ਅਸੀਂ ਕੌਣ ਹਾਂ? ਅਸੀਂ ਕੀ ਹਾਂ? ਅਸੀਂ ਇਸ ਬਾਰੇ ਸੋਚਦੇ ਹਾਂ ਜਾਂ ਫੇਰ ਸਾਡੀ ਅਚੇਤ ਮਨੋਵਿਰਤੀ ਇਸ ਤਰ੍ਹਾਂ ਦੀ ਹੋ ਜਾਂਦੀ ਹੈ ਜਿਵੇਂ ਕਿ ਮੈਂ ਫੇਰ ਫੇਲ੍ਹ ਹੋ ਜਾਣਾ ਹੈ, ਬਹੁਤ ਅੱਛਾ ਨਹੀਂ ਹਾਂ, ਮੈਂ ਕਿਤੇ ਕੁਛ ਬਣ ਹੀ ਨਹੀਂ ਸਕਦਾ।

ਵਾਸਤਵ ਵਿਚ ਇਹੋ ਜਿਹੇ ਨਖੇਦੀ ਦੇ ਵਿਚਾਰ ਜ਼ਰੂਰ ਕਦੀ ਦੂਸਰਿਆਂ ਕੋਲੋਂ ਆਏ ਹੋਣਗੇ ਪਰ ਕਦੀ ਨਾ ਕਦੀ ਅਸੀਂ ਉਨ੍ਹਾਂ ਨੂੰ ਮੰਨ ਲਿਆ ਹੈ, ਅਸੀਂ ਉਨ੍ਹਾਂ ਨੂੰ ਆਪਣਾ ਹਿੱਸਾ ਬਣਾ ਲਿਆ ਹੈ, ਏਨਾ ਹੀ ਨਹੀਂ ਅਸੀਂ ਆਪਣਾ ਜੀਵਨ ਵੀ ਉਸੇ ਤਰ੍ਹਾਂ ਦਾ ਬਣਾ ਲਿਆ। ਸਾਡੇ ਵਿਚੋਂ ਬਹੁਤ ਸਾਰੇ ਨਖੇਦੀ ਦੇ ਵਿਚਾਰ ਆਪਣੇ ਅੰਦਰ ਰਖਦੇ ਹਨ ਉਦਾਸ ਵੀ ਰਹਿੰਦੇ ਹਾਂ, ਉਪਰਾਮ ਵੀ ਹੋ ਜਾਂਦੇ ਹਾਂ, ਕਿਤੇ ਅਸਫਲ ਹੋਣ ਦੇ ਵਿਚਾਰ ਵੀ ਆਉਂਦੇ ਹਨ, ਡਰ ਵੀ ਲਗਦਾ ਹੈ। ਇਹੋ ਜਿਹੇ ਸੁਝਾਅ ਸਾਡੇ ਲਈ ਇਕ ਆਮ ਗੱਲ ਬਣ ਗਈ ਹੈ। ਅਸੀਂ ਇਨ੍ਹਾਂ ਨਾਲ ਜੀਣਾ ਸਿੱਖ ਲਿਆ ਹੈ। ਇਹ ਸੋਚ ਲਿਆ ਹੈ, ਅਸੀਂ ਇਸੇ ਤਰ੍ਹਾਂ ਦੇ ਹਾਂ। ਪਰ ਅਸੀਂ ਇਨ੍ਹਾਂ ਸਲਾਹਾਂ ਨੂੰ ਉਸੇ ਤਰ੍ਹਾਂ ਨਾਲ ਲੈ ਸਕਦੇ ਹਾਂ ਜਿਵੇਂ ਹੋਰ ਸੁਝਾਵਾਂ ਨਾਲ ਕਰਦੇ ਹਾਂ ਜਿਹੜੇ ਬਾਹਰੋਂ ਆਉਂਦੇ ਹਨ। ਸਾਨੂੰ ਚਾਹੀਦਾ ਹੈ ਕਿ ਅਸੀਂ ਪਹਿਲਾਂ ਇਨ੍ਹਾਂ ਨੂੰ ਦੇਖੀਏ, ਪਰਖੀਏ, ਆਪਣੇ ਆਪ ਨੂੰ ਇਨ੍ਹਾਂ ਨਾਲ ਜੋੜੀਏ ਨਾ। ਫੇਰ ਚੇਤਨ ਹੋ ਕੇ ਇਨ੍ਹਾਂ ਨੂੰ ਚੰਗੇ ਵਿਚਾਰਾਂ ਨਾਲ ਸਕਾਰਾਤਮਕ ਸਲਾਹਾਂ ਨਾਲ ਜੋੜਦੇ ਜਾਈਏ। ਨਖੇਦੀ ਵਾਲੇ ਸੁਝਾਅ ਦੀ ਥਾਂ ਸਕਾਰਾਤਮਕ ਸੁਝਾਅ ਲੈਂਦੇ ਜਾਈਏ ਜਿਸ ਨਾਲ ਸਾਡੀ ਚੇਤਨਤਾ ਦਾ ਵਿਸਤਾਰ ਹੁੰਦਾ ਜਾਵੇ, ਨਾਲ ਹੀ ਉਹ ਸਾਡੇ ਲਈ ਲਾਭਕਾਰੀ ਵੀ ਹੋਵੇ। ਮਿਸਾਲ ਵਜੋਂ ਸਕਾਰਾਤਮਕ ਵਿਚਾਰ ਲੈ ਕੇ ਕੰਮ ਕਰਨਾ ਵਧੇਰੇ ਆਸਾਨ ਹੈ, ਇਨ੍ਹਾਂ ਨੂੰ ਬਾਰ-ਬਾਰ ਆਪਣੇ ਮਨ ਵਿਚ ਲਿਆਉਣਾ ਪ੍ਰਗਟਾਉਣਾ, ਇਸ ਤਰ੍ਹਾਂ ਕਰਨ ਨਾਲ ਸਾਡੀ ਨਵੀਂ ਸਵੈ ਧਾਰਨਾ ਬਣ ਜਾਂਦੀ ਹੈ।

ਹੋ ਸਕਦਾ ਹੈ ਕਿ ਜਿਸ ਤਰ੍ਹਾਂ ਨਾਲ ਅੱਜ ਤੱਕ ਤੁਸੀਂ ਆਪਣੇ ਆਪ ਨੂੰ ਸਲਾਹਾਂ ਤੋਂ ਪ੍ਰਭਾਵਿਤ ਹੋਣ ਦਿਤਾ ਹੈ,

ਉਸ ਨਾਲ ਤੁਹਾਡਾ ਮਨੋਬਲ ਘੱਟ ਗਿਆ ਹੈ ਜਾਂ ਤੁਹਾਡੀ ਸਮਰਥਾ ਤੁਹਾਨੂੰ ਘਟ ਲਗਣ ਲਗ ਪਈ ਹੈ। ਜੇਕਰ ਤੁਸੀਂ ਇਕ ਅਧਿਆਪਕ ਹੋ, ਜਦੋਂ ਤੁਸੀਂ ਕਲਾਸ ਵਿਚ ਜਾਂਦੇ ਹੋ ਜੇ ਤੁਸੀਂ ਆਪਣੇ ਅੰਦਰ ਆਪਣੇ ਆਪ ਨੂੰ ਸਮਰੱਥ ਮਹਿਸੂਸ ਨਹੀਂ ਕਰਦੇ, ਤੁਸੀਂ ਇਸ ਗੱਲ ਤੋਂ ਡਰਦੇ ਹੋ ਕਿ ਵਿਗਿਆਰਥੀ ਤੁਹਾਨੂੰ ਚੰਗਾ ਨਹੀਂ ਸਮਝਦੇ, ਤੁਸੀਂ ਠੀਕ ਤਰ੍ਹਾਂ ਪੜ੍ਹਾ ਵੀ ਨਹੀਂ ਸਕਦੇ, ਜਦੋਂ ਤੁਸੀਂ ਇਸ ਤਰ੍ਹਾਂ ਸੋਚਦੇ ਹੋ ਤਾਂ ਇਹ ਸਭ ਕੁਝ ਇਕ ਸਚਾਈ ਬਣ ਜਾਂਦੀ ਹੈ। ਫੇਰ ਤੁਸੀਂ ਆਪਣੀ ਨਿਖੇਦੀ ਵਾਲੀ ਮਨੋਬਿਰਤੀ ਹੀ ਪ੍ਰਗਟ ਕਰੋਗੇ, ਤੁਹਾਡਾ ਉਤਸ਼ਾਹ ਖਤਮ ਹੋ ਜਾਵੇਗਾ, ਤੁਸੀਂ ਇਹ ਸਭ ਕੁਝ ਛੇਤੀ ਹੀ ਕਲਾਸ ਅੱਗੇ ਦਿਖਾਉਣ ਲਗ ਪਵੋਗੇ ਪਰ ਜੇ ਤੁਸੀਂ ਥੋੜ੍ਹਾ ਰੁਕ ਕੇ ਸੋਚ ਲਵੋ ਤਾਂ ਤੁਸੀਂ ਸਕਾਰਾਤਮਕ ਵਿਚਾਰ ਸਲਾਹ ਬਣਾ ਸਕਦੇ ਹੋ ਉਸ ਨਾਲ ਇਕ ਬਿਲਕੁਲ ਵਖਰਾ ਵਾਤਾਵਰਣ ਬਣ ਜਾਏਗਾ। ਇਸ ਤਰ੍ਹਾਂ ਕਰਨ ਲਈ ਕੋਈ ਬਹੁਤ ਕੁਝ ਕਰਨ ਦੀ ਲੋੜ ਨਹੀਂ ਕੇਵਲ ਥੋੜ੍ਹਾ ਸਮਾਂ ਕੱਢ ਕੇ ਆਪਣੀ ਸੋਚ ਨੂੰ ਹੀ ਸਕਾਰਾਤਮਕ ਬਣਾਉਣ ਦੀ ਲੋੜ ਹੈ, ਇਕ ਵਾਰੀ ਜਦੋਂ ਤੁਸੀਂ ਉਹ ਬਦਲ ਲੈਂਦੇ ਹੋ ਤੁਹਾਡੀ ਪੂਰੀ ਮਨੋਬਿਰਤੀ ਹੀ ਬਦਲ ਜਾਂਦੀ ਹੈ, ਇਹ ਹੀ ਨਹੀਂ ਦੂਸਰਿਆਂ ਦੀ ਮਨੋਬਿਰਤੀ ਵੀ ਬਦਲ ਜਾਂਦੀ ਹੈ। ਤੁਸੀਂ ਜਿਸ ਤਰ੍ਹਾਂ ਦੀ ਚਾਹੋ ਉਸ ਤਰ੍ਹਾਂ ਦੀ ਮਨੋਬਿਰਤੀ ਬਣਾ ਸਕਦੇ ਹੋ। ਜੇਕਰ ਤੁਸੀਂ ਆਪਣਾ ਮਨੋਬਲ ਵਧਾ ਸਕੋ ਤੁਹਾਡਾ ਪੜ੍ਹਾਉਣਾ, ਪੜ੍ਹਾਉਣ ਦਾ ਤਰੀਕਾ ਸਭ ਬਦਲ ਜਾਏਗਾ, ਚੰਗਾ ਹੋ ਜਾਏਗਾ। ਤੁਹਾਡੀ ਸਲਾਹ ਨਾਲ ਸਫਲਤਾ ਦਾ ਅਨੁਭਵ ਹੋਵੇਗਾ।

ਸਾਡੇ ਵਿਚੋਂ ਬਹੁਤ ਸਾਰੇ ਇਹੋ ਜਿਹੇ ਹਨ ਜਿਹੜੇ ਪੂਰੇ ਦਿਨ ਦੇ ਕੰਮ ਕਾਜ ਤੋਂ ਗੱਲਾਂ ਤੋਂ ਪੂਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਜਾਂਦੇ ਹਾਂ, ਜੇ ਕੰਮ ਠੀਕ ਨਾ ਹੋਵੇ, ਜਿਥੇ ਤੁਸੀਂ ਜਾਓ ਕੰਮ ਨਾ ਹੋਵੇ, ਕੋਈ ਤੁਹਾਨੂੰ ਠੀਕ ਤਰ੍ਹਾਂ ਨਾਲ ਮਿਲੇ ਨਾ ਬੋਲੇ ਨਾ, ਤੁਹਾਡਾ ਕੰਮ ਨਾ ਕਰੇ, ਤੁਹਾਨੂੰ ਇਸ ਤਰ੍ਹਾਂ ਲਗ ਲਗ ਪੈਂਦਾ ਹੈ ਕਿ ਤੁਸੀਂ ਤਾਰ ਗਏ। ਜੇ ਕਿਤੇ ਕੋਈ ਤੁਹਾਡਾ ਐਕਸੀਡੈਂਟ ਹੋ ਜਾਏ, ਤੁਹਾਡਾ ਪਰਸ ਗੁਆਚ ਜਾਏ, ਤੁਸੀਂ ਕਿਸੇ ਨੂੰ ਮਿਲਣਾ ਸੀ ਤੁਹਾਨੂੰ ਯਾਦ ਹੀ ਨਾ ਰਹੇ, ਤੁਸੀਂ ਪਰੇਸ਼ਾਨ ਹੋ ਜਾਂਦੇ ਹੋ, ਸੋਚਣ ਲਗ ਪੈਂਦੇ ਹੋ, ਮੈਂ ਆਉਂਦਾ ਹੀ ਨਾ ਮੈਂ ਘਰ ਹੀ ਰਹਿੰਦਾ ਤਾਂ ਠੀਕ ਸੀ। ਦਿਨ ਭਰ ਦੀਆਂ ਸਾਰੀਆਂ ਗੱਲਾਂ ਇਕੱਠੀਆਂ ਹੋਣ ਤੋਂ ਬਾਅਦ ਅਸੀਂ ਤੰਗ ਆ ਕੇ ਕਹਿੰਦੇ ਹਾਂ, ਮੈਂ ਤਾਂ ਕੁਛ ਕਰ ਹੀ ਨਹੀਂ ਸਕਦਾ, ਫੇਰ ਇਹ ਹੀ ਸਾਡੀ ਸਵੈ ਧਾਰਨਾ ਬਣ ਜਾਂਦੀ ਹੈ। ਸਵੈ ਸੰਕਲਪ ਬਣ ਜਾਂਦਾ ਹੈ, ਹੌਲੀ-ਹੌਲੀ ਫੇਰ ਇਹ ਤੁਹਾਡੇ ਅੰਦਰ ਘਰ ਕਰ ਜਾਂਦਾ ਹੈ, ਜੇ ਅਸੀਂ ਇਸ ਨੂੰ ਸੁਚੇਤ ਹੋ ਕੇ ਨਾ ਦੇਖੀਏ, ਅਸੀਂ ਹੋਰ ਥਾਵਾਂ ਤੇ ਵੀ ਅਸਫਲ ਹੁੰਦੇ ਰਹਾਂਗੇ ਪਰ ਜੇ ਤੁਸੀਂ ਇਸ ਪ੍ਰਤੀ ਸੁਚੇਤ ਹੋ ਜਾਓ ਕਿ ਤੁਹਾਡੇ ਅੰਦਰ ਕੀ ਚੱਲ ਰਿਹਾ ਹੈ, ਕਈ ਤਰ੍ਹਾਂ ਦੇ ਸੁਝਾਅ ਅੰਦਰ ਕੰਮ ਕਰ ਰਹੇ ਹਨ, ਕਿਵੇਂ ਉਹ ਤੁਹਾਡਾ ਅਨੁਭਵ ਮੋੜ ਰਹੇ ਹਨ, ਜਦੋਂ ਤੁਸੀਂ ਇਹ ਦੇਖ ਲੈਂਦੇ ਹੋ ਫੇਰ ਤੁਸੀਂ ਇਨ੍ਹਾਂ ਤੇ ਕਾਬੂ ਵੀ ਪਾ ਸਕਦੇ ਹੋ, ਇਹ ਸਭ ਤਾਂ ਸੌਖਾ ਹੀ ਹੈ। ਕਰਨ ਵਾਲੀ ਗੱਲ ਤਾਂ ਇਸ ਵਿਚ ਇਕ ਹੀ ਹੈ ਉਹ ਹੈ ਕਿ ਤੁਸੀਂ ਆਪਣੇ ਮਨ ਤੇ ਧਿਆਨ ਦਿਓ ਮਨ ਕਾਬੂ ਵਿਚ ਰੱਖੋ, ਹਰ ਨਖੇਧੀ ਦੀ ਸਲਾਹ ਨੂੰ ਸਕਾਰਾਤਮਕ ਸਲਾਹ ਨਾਲ ਬਦਲੋ, ਜਿਸ ਨਾਲ ਤੁਹਾਡਾ ਸਾਰਾ ਵਾਤਾਵਰਣ, ਤੁਹਾਡਾ ਸਾਰਾ ਦ੍ਰਿਸ਼ਟੀਕੋਣ ਹੀ ਬਦਲ ਜਾਂਦਾ ਹੈ।

ਸਾਨੂੰ ਆਪਣੇ ਆਪ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਅਸੀਂ ਦੂਸਰਿਆਂ ਦੇ ਕਹਿਣ ਤੇ ਆਪਣਾ ਸਵੈ ਸੰਕਲਪ ਨਾ ਬਣਾਈਏ। ਸਾਨੂੰ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਗੱਲਾਂ ਵਲ ਧਿਆਨ ਨਾ ਦੇ ਕੇ ਆਪਣੇ ਆਪ ਨੂੰ ਨਵੀਂ ਸੇਧ ਦੇਈਏ। ਜਿਹੜਾ ਸੁਝਾਅ ਅਸੀਂ ਆਪਣੇ ਆਪ ਨੂੰ ਦਿੰਦੇ ਹਾਂ ਉਹ ਸਾਡਾ ਸੰਸਾਰ ਦੇਖਣ ਦਾ ਤਰੀਕਾ ਹੀ ਬਦਲ ਦਿੰਦਾ ਹੈ। ਅਸੀਂ ਸੋਚਣ ਲਗ ਪੈਂਦੇ ਹਾਂ ਕੇਵਲ ਇਕ ਸਤਿ ਹੈ, ਉਹ ਸਤਿ ਸਭ ਨੂੰ ਇਕ ਤਰ੍ਹਾਂ ਹੀ ਦਿਖਦਾ ਹੈ ਪਰ ਵਾਸਤਵ ਵਿਚ ਇਸ ਤਰ੍ਹਾਂ ਨਹੀਂ ਹੈ, ਹਰ ਇਕ ਨੂੰ ਸੰਸਾਰ ਵੱਖਰਾ ਹੀ ਦਿਸਦਾ ਹੈ, ਦੂਸਰੇ ਤੋਂ ਵੱਖਰਾ ਕਈਆਂ ਲਈ ਇਹ ਸੰਸਾਰ ਬਹੁਤ ਹੀ ਕਰੂਰ ਹੈ, ਜ਼ਾਲਮ ਲੋਕੀ ਬੜੇ ਹੀ ਰੁਖੇ ਹੁੰਦੇ ਹਨ ਦੂਸਰੇ ਉਨ੍ਹਾਂ ਦਾ ਫਾਇਦਾ ਉਠਾ ਲੈਂਦੇ ਹਨ। ਦੂਸਰੇ ਤਰ੍ਹਾਂ ਦੇ ਲੋਕ ਸੰਸਾਰ ਨੂੰ ਹੋਰ ਤਰ੍ਹਾਂ ਦੇਖਦੇ ਹਨ ਉਹ ਪ੍ਰਸੰਨ ਹੋ ਕੇ ਦੇਖਦੇ ਹਨ, ਦੂਸਰਿਆਂ ਤੇ ਇਤਬਾਰ ਕਰਦੇ ਹਨ, ਸੋਚਦੇ ਹਨ ਜਿਹੜਾ ਵੀ ਮਿਲੇ ਉਸਨੂੰ ਕੁਝ ਦੇ ਸਕੀਏ। ਸੰਸਾਰ ਵਿਚ ਇਕ ਤਰ੍ਹਾਂ ਦਾ ਸਤਿ ਨਹੀਂ ਹੈ ਇਕ ਤਰ੍ਹਾਂ ਦੇ ਲੋਕ ਨਹੀਂ ਹਨ। ਨਖੇਦੀ ਵਾਲਾ ਸਤਿ ਕਰੂਰਤਾ ਵਾਲਾ ਸਤਿ ਜਿਹੜਾ ਇਕ ਬੰਦੇ ਦਾ ਹੈ, ਉਹ ਇਕੱਲੇ ਉਸੇ ਦਾ ਹੈ, ਦੂਸਰੇ ਦਾ ਉਨਾਂ ਹੀ ਸਕਾਰਾਤਮਕ ਹੈ ਉਹ ਉਸ ਦਾ ਹੀ ਹੈ। ਸਮੱਸਿਆ ਤਾਂ ਇਹ ਹੈ ਕਿ ਬਹੁਤ ਵਾਰੀ ਜੋ ਦੂਸਰੇ ਕਹਿੰਦੇ ਹਨ ਜੋ ਉਹ ਸਾਡੇ ਬਾਰੇ ਕਹਿੰਦੇਹਨ, ਅਸੀਂ ਉਹ ਮਨ ਜਾਂਦੇ ਹਾਂ, ਅਸੀਂ ਆਪਣੇ ਬਾਰੇ ਉਸ ਤਰ੍ਹਾਂ ਹੀ ਸੋਚਣ ਲਗ ਪੈਂਦੇ ਹਾਂ। ਅਸੀਂ ਉਹ ਸਲਾਹਾਂ ਲੈ ਕੇ ਸੰਸਾਰ ਦਾ ਇਕ ਸੰਕਲਪ ਬਣਾ ਲੈਂਦੇ ਹਾਂ, ਉਸ ਸੰਸਾਰ ਦਾ ਜਿਸ ਵਿਚ ਅਸੀਂ ਰਹਿੰਦੇ ਹਾਂ। ਪਰ ਇਹ ਵੀ ਹੋ ਸਕਦਾ ਹੈ ਕਿ ਅਸੀਂ ਦੂਸਰਿਆਂ ਦੀ ਸਲਾਹਾਂ ਬਦਲੇ ਆਪਣੇ ਵਿਚਾਰ ਆਪਣੀਆਂ ਸਲਾਹਾਂ ਪਾ ਦੇਈਏ, ਇਨ੍ਹਾਂ ਸਲਾਹਾਂ ਨਾਲ ਇਕ ਸਕਾਰਾਤਮਕ ਸੰਸਾਰ ਦੀ ਰਚਨਾ ਕਰ ਲਈਏ।

ਪ੍ਰਤੱਖ ਅਨੁਭਵ

ਨਕਾਰਾਤਮਕ, ਸਕਾਰਾਤਮਕ ਸੁਝਾਵਾਂ ਤੋਂ ਬਿਨਾਂ ਅਸੀਂ ਹੋਰ ਅੱਗੇ ਜਾਣਾ ਚਾਹਾਂਗੇ, ਪ੍ਰਤੱਖ ਅਨੁਭਵ ਦੇ ਸਰੋਤ ਬਾਰੇ ਦੱਸਣਾ ਚਾਹਾਂਗੇ। ਪ੍ਰਤੱਖ ਅਨੁਭਵ ਜਿਹੜਾ ਸਾਡੀਆਂ ਇੰਦਰੀਆਂ ਰਾਹੀਂ ਹੁੰਦਾ ਹੈ ਉਹ ਗਿਆ ਅਲੱਗ ਹੈ ਜਿਹੜੇ ਗਿਆਨ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਹੋਰ ਹੈ। ਅਸੀਂ ਜਿਸ ਗਿਆਨ ਦੀ ਗੱਲ ਕਰ ਰਹੇ ਹਾਂ ਉਸ ਦੀ ਸਹਾਇਤਾ ਨਾਲ ਤੁਸੀਂ ਸੰਪੂਰਨਤਾ ਦੇਖਦੇ ਹੋ, ਪੂਰਾ ਦੇਖਦੇ ਹੋ ਇਕ

ਹਿੱਸਾ ਨਹੀਂ ਇਕ ਛੋਟੀ ਜਿਹੜੀ ਖਿੜਕੀ ਵਿਚੋਂ ਦਿਗ ਮੰਡਲ ਦੇਖਣਾ, ਇਕ ਛੱਤ ਤੋਂ ਦੇਖਣਾ ਦੋਨਾਂ ਵਿਚ ਬਹੁਤ ਫਰਕ ਹੈ। ਪ੍ਰਤੱਖ ਗਿਆਨ ਨਾਲ ਸਾਰਾ ਅੰਦਰ ਬਾਹਰ ਦੀਆਂ ਗੁਪਤ ਗੱਲਾਂ ਦਾ ਗਿਆਨ ਹੋ ਜਾਂਦਾ ਹੈ। ਇੰਦ੍ਰੀਆਂ ਦਾ ਗਿਆਨ ਤਾਂ ਕੇਵਲ ਬਾਹਰ ਗਿਆਨ ਹੈ ਓਪਲਾ ਗਿਆਨ ਹੈ, ਇਸ ਕਰਕੇ ਇਸਨੂੰ ਉਚ ਗਿਆਨ ਨਹੀਂ ਕਿਹਾ ਜਾ ਸਕਦਾ। ਜਦੋਂ ਅਸੀਂ ਕੋਈ ਗੱਲ ਕੁਝ ਸੁਣਦੇ ਹਾਂ ਸਾਨੂੰ ਸ਼ੱਕ ਹੁੰਦਾ ਹੈ ਪਰ ਜਦੋਂ ਅਸੀਂ ਪ੍ਰਤੱਖ ਕਰ ਲੈਂਦੇ ਹਾਂ, ਸਾਡੇ ਨਾਲ ਸਾਮ੍ਹਣੇ ਕੁਝ ਵਾਪਰਦਾ ਹੈ ਉਸ ਵਿਚ ਕੋਈ ਸ਼ੰਕਾ ਨਹੀਂ ਰਹਿੰਦਾ। ਸਾਰੇ ਸ਼ੰਕੇ ਖਤਮ ਹੋ ਕੇ ਇਕ ਸ਼ਾਂਤੀ ਛਾਂ ਜਾਂਦੀ ਹੈ, ਵਾਸਤਵ ਵਿਚ ਸ਼ਾਂਤੀ ਤੇ ਸਥਿਰਤਾ ਪ੍ਰਤੱਖ ਗਿਆਨ ਲਈ ਬਹੁਤ ਹੀ ਲੋੜੀਂਦੀਆਂ ਹਨ, ਇਨ੍ਹਾਂ ਤੋਂ ਬਿਨਾਂ ਡੂੰਘਾ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਪ੍ਰਤੱਖ ਗਿਆਨ ਦਾ ਸਰੋਤ ਸਾਡੇ ਅੰਦਰ ਹੈ, ਇਹ ਸਰੋਤ ਅਸੀਮ ਗਿਆਨ ਭੰਡਾਰ ਦਾ ਹਿੱਸਾ ਹੈ, ਨਖੇਦੀ ਦੀਆਂ ਸਲਾਹਾਂ, ਸਕਾਰਾਤਮਕ ਸਲਾਹਾਂ ਜਿਹੜੀਆਂ ਬਾਹਰੋਂ ਆਉਂਦੀਆਂ ਹਨ, ਇਹ ਅਪ੍ਰਤੱਖ ਗਿਆਨ ਹਨ, ਇਨ੍ਹਾਂ ਰਾਹੀਂ ਉਚ ਗਿਆਨ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਪ੍ਰਤੱਖ ਗਿਆਨ ਤਾਂ ਚੇਤਨ ਬਿੰਦੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ, ਉਹ ਵੀ ਨਿਯਮਤ ਰੂਪ ਨਾਲ ਅਭਿਆਸ ਕਰਨ ਨਾਲ, ਪੂਰੇ-ਪੂਰੇ ਅਨੁਸ਼ਾਸਨ ਨਾਲ। ਉਪਨਿਸ਼ਦ ਦਸਦੇ ਹਨ ਜਦੋਂ ਮਨ ਪਵਿੱਤਰ ਹੋ ਜਾਂਦਾ ਹੈ, ਇਕਾਗਰ ਹੋ ਕੇ ਚੇਤਨ ਬਿੰਦੂ ਤੇ ਟਿਕ ਜਾਂਦਾ ਹੈ ਉਸ ਸਮੇਂ ਉਚ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਗਿਆਨ, ਮਹਾਂਪੁਰਖ ਇਹ ਗਿਆਨ ਹਰ ਸਮੇਂ, ਕਿਸੇ ਵੀ ਧਰਤੀ ਤੇ ਕਿਸੇ ਵੀ ਸੰਸਕ੍ਰਿਤੀ ਵੀ ਪ੍ਰਾਪਤ ਕਰ ਲੈਂਦੇ ਹਨ।

ਰਾਜ ਯੋਗ ਵਿਚ ਦੱਸਿਆ ਗਿਆ ਹੈ, ਉਪਰ ਲਿਖੀ ਅਵਸਥਾ ਤਕ ਕਿਸ ਤਰ੍ਹਾਂ ਪਹੁੰਚਿਆ ਜਾ ਸਕਦਾ ਹੈ, ਇਸ ਲਈ ਚਾਰ ਪੌੜੀਆਂ ਦੱਸੀਆਂ ਗਈਆਂ ਹਨ ਪਹਿਲੀ ਪੌੜੀ ਹੈ ਕਿ ਮਨ ਨੂੰ ਬਾਹਰੀ ਸੰਸਾਰ ਵਿਚ ਨਾ ਛਿੰਨ ਭਿੰਨ ਹੋਣ ਦੇਣਾ, ਭਾਵ ਕਿ ਆਪਣੀਆਂ ਇੰਦ੍ਰੀਆਂ ਤੇ ਕਾਬੂ ਰੱਖਣਾ, ਇੰਦ੍ਰੀਆਂ ਰਾਹੀਂ ਮਨ ਨੂੰ ਖਿਲਰਨ ਨਾ ਦੇਣਾ। ਦੂਸਰੀ ਪੌੜੀ ਹੈ ਮਨ ਨੂੰ ਮੈਡੀਟੇਸ਼ਨ ਲਈ ਇਕਾਗਰ ਕਰਨਾ ਇਕ ਬਿੰਦੂ ਤੇ ਇਕ ਚੀਜ਼ ਤੇ ਕੁਛ ਵੀ ਹੋਵੇ ਗੁਰੂ ਦੀ ਤਸਵੀਰ ਹੋਵੇ ਜਾਂ ਕੁਛ ਵੀ ਤੀਸਰੀ ਪੌੜੀ ਹੈ ਜਦੋਂ ਮਨ ਅਤੇ ਮੈਡੀਟੇਸ਼ਨ ਦਾ ਵਿਸ਼ਾ ਇਕ ਹੋ ਜਾਂਦੇ ਹਨ, ਇਕਾਗਰਤਾ ਆਪਣੇ ਆਪ ਬਣਨ ਲਗ ਪੈਂਦੀ ਹੈ ਤੇ ਇਕਾਗਰਤਾ ਦਾ ਬਹਾਅ ਚਲ ਪੈਂਦਾ ਹੈ। ਚੌਥੀ ਪੌੜੀ ਹੈ ਜਦੋਂ ਤੁਹਾਡਾ ਸਿੱਧਾ ਸਬੰਧ ਗਿਆਨ ਦੇ ਸਰੋਤ ਨਾਲ ਹੋ ਜਾਂਦਾ ਹੈ। ਇਸ ਅਵਸਥਾ ਤੇ ਪਹੁੰਚਣ ਤੋਂ ਪਹਿਲਾਂ ਤੁਹਾਨੂੰ ਆਪਣੇ ਮਨ ਨੂੰ ਹਰ ਲੋਚ ਤੋਂ ਖਾਲੀ ਕਰਨਾ ਪਵੇਗਾ, ਹਰ ਸੰਵੇਗ ਤੋਂ ਛੁਟਕਾਰਾ ਪਾਉਣਾ ਹੋਵੇਗਾ, ਹਰ ਇੱਛਾ ਤੋਂ ਮੁਕਤ ਹੋਣਾ ਪਵੇਗਾ। ਇਹ ਸਭ ਕੁਝ ਸੰਸਾਰ ਵਿਚ ਨਹੀਂ ਸਿਖਾਇਆ ਜਾਂਦਾ। ਜਿਨ੍ਹਾਂ ਵਡਭਾਗਿਆਂ ਨੇ ਇਸਨੂੰ ਪ੍ਰਾਪਤ ਕੀਤਾ ਹੈ ਉਹ ਚੇਤਨ ਬਿੰਦੂ ਤਕ ਗਏ ਹਨ ਉਨ੍ਹਾਂ ਨੇ ਹਰ ਸੰਤਾਪ, ਦਰਦ ਅਗਿਆਨ ਤੋਂ ਛੁਟਕਾਰਾ ਪਾ ਲਿਆ ਹੈ।

ਇਸ ਗਿਆਨ ਨੂੰ ਪ੍ਰਾਪਤ ਕਰਨ ਦਾ ਰਸਤਾ ਜਿਹੜਾ ਵੇਦਾਂਤ ਵਿਚ ਦੱਸਿਆ ਗਿਆ ਹੈ ਉਹ ਹੈ ਕਿ ਕਿਸੇ ਪਹੁੰਚੇ ਹੋਏ ਮਹਾਂਪੁਰਖ ਦੇ ਚਰਨਾਂ ਵਿਚ ਬੈਠ ਕੇ ਉਨ੍ਹਾਂ ਦੇ ਪ੍ਰਵਚਨ ਸੁਣਨੇ, ਬ੍ਰਹਮਗਿਆਨੀਆਂ ਦੇ ਬਚਨ ਸੁਣਨੇ। ਜਗਿਆਸੂ ਫੇਰ ਉਨ੍ਹਾਂ ਬਚਨਾਂ ਦੇ ਚਿੰਤਨ ਕਰਕੇ ਪੂਰਨ ਅਵਸਥਾ ਤੇ ਪਹੁੰਚ ਜਾਂਦਾ ਹੈ। ਉਥੇ ਪਹੁੰਚ ਕੇ ਉਹ ਦੇਖ ਲੈਂਦਾ ਹੈ ਕਿ ਅਸਤਿ ਤੋਂ ਕਿਵੇਂ ਵੱਖ ਕੀਤਾ ਜਾਂਦਾ ਹੈ, ਕਿਵੇਂ ਜਾਣਿਆ ਜਾਂਦਾ ਹੈ, ਕਿਵੇਂ ਸੁਝਾਅ ਤੋਂ ਵੱਖ ਕੀਤਾ ਜਾਂਦਾ ਹੈ। ਅੰਤਮ, ਸੰਪੂਰਣ ਅਵਸਥਾ ਹੈ ਜਿਸਨੂੰ ਪੂਰਣਤਾ ਕਿਹਾ ਜਾਂਦਾ ਹੈ ਜਿਹੜੀ ਸੁੰਨ ਹੈ ਸਮਾਧੀ ਹੈ ਸਕਸ਼ਤਕਾਰ ਤਾਂ ਹੀ ਆ ਸਕਦਾ ਹੈ ਜਦੋਂ ਤੁਸੀਂ ਗਿਆਨ ਮਾਰਗ ਤੇ ਚਲਦੇ ਹੋ।

ਜਦੋਂ ਜਗਿਆਸੂ ਇਸ ਮਾਰਗ ਤੇ ਚਲਣਾ ਸ਼ੁਰੂ ਕਰਦਾ ਹੈ, ਪੂਰੇ ਭਰੋਸੇ ਨਾਲ ਚਲਦਾ ਹੈ ਸਾਰੀਆਂ ਮੁਢਲੀਆਂ ਗੱਲਾਂ ਜਿਹੜੀਆਂ ਗੁਰੂ ਦਸਦਾ ਹੈ ਉਹ ਸਿਖ ਲੈਂਦਾ ਹੈ ਉਹ ਸੰਸਾਰ ਗਿਆਨ ਤੇ ਪ੍ਰਤੱਖ ਗਿਆਨ ਦਾ ਅੰਤਰ ਜਾਣ ਲੈਂਦਾ ਹੈ। ਇਹੋ ਜਿਹਾ ਜਗਿਆਸੂ, ਸ਼ੁਰੂ-ਸ਼ੁਰੂ ਤੇ ਭਾਵੇਂ ਔਖਾ ਹੋਵੇ ਉਸ ਨੂੰ ਇਸ ਮਾਰਗ ਤੇ ਚੱਲਣ ਵਿਚ ਔਕੜਾਂ ਆਉਣ ਪਰ ਅੰਤ ਵਿਚ ਉਹ ਗਿਆਨ, ਸ਼ਾਂਤੀ ਅਨੰਦ ਪ੍ਰਾਪਤ ਕਰ ਹੀ ਲੈਂਦਾ ਹੈ। ਇਹੋ ਜਿਹਾ ਮਨੁੱਖ ਸੰਸਾਰ ਵਿਚ ਇਕ ਉਦਾਹਰਣ ਬਣ ਕੇ ਰਹਿੰਦਾ ਹੈ, ਮਾਨਵਤਾ ਦੀ ਸੇਵਾ ਕਰਦਾ ਹੈ।

ਸੰਸਾਰੀ ਗਿਆਨ ਮਨੁੱਖ ਨੂੰ ਇਕ ਬਾਹਰੀ, ਬਾਹਰ ਦਾ ਬਣਾ ਦਿੰਦਾ ਹੈ, ਪ੍ਰਤੱਖ ਗਿਆਨ ਤੁਹਾਨੂੰ ਅੰਤਰਮੁਖੀ ਬਣਾਉਂਦਾ ਹੈ। ਉਹ ਵਡਭਾਗੇ ਹਨ ਜਿਨ੍ਹਾਂ ਨੇ ਇਹ ਜਾਣ ਲਿਆ ਹੈ ਪਹਿਲਾਂ ਸਭ ਕੁਝ ਅੰਤਰ ਹੀ ਘਟਦਾ ਹੈ, ਬਾਅਦ ਵਿਚ ਉਸ ਦਾ ਪ੍ਰਗਟਾਵਾ ਬਾਹਰ ਹੁੰਦਾ ਹੈ। ਪ੍ਰਤੱਖ ਅਨੁਭਵ ਨਾਲ ਸੰਤੋਖ ਮਿਲਦਾ ਹੈ ਸੰਤੁਸ਼ਟੀ ਆਉਂਦੀ ਹੈ, ਪੂਰਣ ਗਿਆਨ ਪ੍ਰਾਪਤੀ ਹੁੰਦੀ ਹੈ, ਜਦੋਂ ਬਾਹਰੀ ਸੰਸਾਰ ਉਹ ਗਿਆਨ ਦਿੰਦਾ ਹੈ, ਜਿਸਨੂੰ ਤੁਸੀਂ ਸੋਚੇ ਵਿਚਾਰੇ ਬਿਨਾਂ ਨਹੀਂ ਲੈ ਸਕਦੇ, ਉਸਨੂੰ ਛਾਨਣ ਦੀ ਲੋੜ ਹੈ। ਮਨ ਜਦੋਂ ਇਕਾਗਰ ਹੋ ਜਾਂਦਾ ਹੈ ਇਕੋ ਨਾਲ ਜੁੜ ਜਾਂਦਾ ਹੈ, ਐਨਾ ਤਿੱਖਾ ਹੋ ਜਾਂਦਾ ਹੈ, ਇਹ ਸਮਝਣ ਲਗ ਪੈਂਦਾ ਹੈ ਕਿ ਬਾਹਰੀ ਗਿਆਨ ਕਿਹੜਾ ਹੈ ਅੰਤਰ ਗਿਆਨ ਕੀ ਹੈ, ਅੰਤਰ ਗਿਆਨ ਦੇ ਗੁਣ ਕੀ ਹਨ, ਸੰਸਾਰ ਗਿਆਨ ਕਿੰਨਾ ਹੈ ਕੀ ਹੈ? ਫੇਰ ਉਸਨੂੰ ਪ੍ਰਤੱਖ ਗਿਆਨ ਸਤਿ ਦਾ ਪਤਾ ਲਗ ਜਾਂਦਾ ਹੈ, ਉਹ ਇਹ ਜਾਣ ਜਾਂਦਾ ਹੈ ਇਹ ਗਿਆਨ ਸੁਝਾਅ ਨਹੀਂ ਸਲਾਹ ਨਹੀਂ ਇਹ ਗਿਆਨ ਪ੍ਰਤੱਖ ਅਨੁਭਵ ਤੋਂ ਆਇਆ ਹੈ।

(*******)

# ਸਮੁੱਚੀ ਅਰੋਗਤਾ ਲਈ ਪਥ-ਪਰਦਰਸ਼ਕ
## ((Practical Guide to Holistic Health))

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਅਧਿਆਇ 6

### ਮਨੋਭਾਵ

ਲੋਕ ਆਮ ਤੌਰ ਤੇ ਮਨ ਬਾਰੇ ਗੱਲਾਂ ਕਰਦੇ ਹਨ, ਮਨ ਨੂੰ ਜਾਨਣ ਦੀਆਂ ਗੱਲਾਂ ਕਰਦੇ ਹਨ, ਮਨ ਦੀਆਂ ਵੱਖ-ਵੱਖ ਸ਼ਕਤੀਆਂ ਬਾਰੇ ਗੱਲਾਂ ਕੀਤੀਆਂ ਜਾਂਦੀਆਂ ਹਨ, ਪਰ ਭਾਵ ਬਾਰੇ ਕੋਈ ਗੱਲ ਨਹੀਂ ਕਰਦਾ। ਬਹੁਤ ਹੀ ਮਹੱਤਵਪੂਰਣ ਗੱਲ ਹੈ ਕਿ ਤੁਸੀਂ ਚੀਜ਼ਾਂ ਨੂੰ ਕਿਵੇਂ ਜਾਣ ਸਕਦੇ ਹੋ ਕਿਵੇਂ ਗਿਆਨ ਪ੍ਰਾਪਤ ਕਰ ਸਕਦੇ ਹੋ? ਜਦੋਂ ਤੱਕ ਤੁਸੀਂ ਉਨ੍ਹਾਂ ਨੂੰ ਮਹਿਸੂਸ ਹੀ ਨਹੀਂ ਕਰੋਗੇ। ਜਦੋਂ ਤੁਸੀਂ ਕਿਸੇ ਚੀਜ਼ ਦਾ ਪ੍ਰਤੱਖ ਗਿਆਨ ਪ੍ਰਾਪਤ ਕਰਦੇ ਹੋ ਤਾਂ ਸਭ ਤੋਂ ਪਹਿਲਾਂ ਤੁਸੀਂ ਉਸ ਦੇ ਬਾਰੇ ਇੰਦ੍ਰੀਆਂ ਗਿਆਨ ਤੋਂ ਜਾਣੂ ਹੁੰਦੇ ਹੋ, ਜੇ ਤੁਸੀਂ ਕਿਸੇ ਚੀਜ਼ ਨੂੰ ਮਹਿਸੂਸ ਹੀ ਨਹੀਂ ਕਰ ਰਹੇ, ਤਾਂ ਤੁਸੀਂ ਉਸਨੂੰ ਜਾਣ ਹੀ ਨਹੀਂ ਸਕਦੇ ਉਸ ਬਾਰੇ ਗਿਆਨ ਹੀ ਤੁਹਾਨੂੰ ਨਹੀਂ ਹੋ ਸਕਦਾ। ਜੇ ਤੁਸੀਂ ਮਹਿਸੂਸ ਨਾ ਕਰ ਸਕੋ, ਤੁਹਾਡੀ ਭਾਵ ਦੀ ਸ਼ਕਤੀ, ਅਹਿਸਾਸ ਦੀ ਸ਼ਕਤੀ ਤੁਹਾਡੀ ਹਮਦਰਦੀ ਦੀ ਸ਼ਕਤੀ ਜਾਂਦੀ ਰਹੇ ਤਾਂ ਤੁਸੀਂ ਭਾਵਹੀਣ ਹੋ ਜਾਓਗੇ, ਅਸੰਵੇਦਨਸ਼ੀਲ ਹੋ ਜਾਓਗੇ। ਜਿਹੜੇ ਲੋਕ ਭਾਵਹੀਨ ਹੁੰਦੇ ਹਨ ਹਮਦਰਦੀ ਤੋਂ ਬਿਨਾਂ ਹੁੰਦੇ ਹਨ ਜਿਹੜੇ ਸੰਵੇਗਹੀਨ ਹੁੰਦੇ ਹਨ, ਜਿਨ੍ਹਾਂ ਨੇ ਹਰ ਗੱਲ ਨੂੰ ਹਰ ਚੀਜ਼ ਨੂੰ ਮਾਨਸਿਕ ਪੱਧਰ ਤੇ ਲੈਣਾ ਸਿਖ ਲਿਆ ਹੈ, ਉਹ ਸਿਰਜਨਾਤਮਕ ਨਹੀਂ ਹੋ ਸਕਦੇ। ਉਹ ਨਹੀਂ ਜਾਣਦੇ ਕਿ ਸੋਚਣ ਦੇ ਤੱਲੇ ਹੀ ਸਿਰਜਨਾਤਮਕ ਸਰੋਤ ਪਿਆ ਹੈ ਜਿਹੜਾ ਨਿਰਾ ਹੀ ਸੰਵੇਗਕ ਹੈ।

ਸੋਚ ਦਾ ਸਭ ਠੀਕ ਪ੍ਰਗਟਾਵਾ ਹੈ ਬੋਲ ਕੇ ਦੱਸਣਾ, ਸੰਵੇਗ ਦਾ ਠੀਕ ਪ੍ਰਗਟਾਵਾ ਹੈ। ਸਿਰਜਨਾਤਮਕ ਹੋਣਾ। ਸੰਵੇਗ ਇਕ ਬਹੁਤ ਹੀ ਵੱਡੀ ਸ਼ਕਤੀ ਹੈ, ਵਾਸਤਵ ਵਿਚ ਇਹ ਸਭ ਤੋਂ ਉਚੀ ਸ਼ਕਤੀ ਹੈ ਜਿਹੜੀ ਤੁਹਾਡੇ ਕੋਲ ਹੈ। ਜਦੋਂ ਅਸੀਂ ਸੰਵੇਗਾਂ ਦੀ ਗੱਲ ਕਰਦੇ ਹਾਂ ਤਾਂ ਸਾਰੀ ਮਨੁੱਖਤਾ ਹੀ ਇਕੋ ਜਿਹੀ ਹੈ ਕਿਉਂਕਿ ਸੰਵੇਗਾਂ ਅੰਦਰ ਬੁੱਧੀ ਦੀ ਕੋਈ ਥਾਂ ਨਹੀਂ। ਜਦੋਂ ਤੁਸੀਂ ਭਾਵਕ ਹੁੰਦੇ ਹੋ ਤਾਂ ਸਭ ਤੋਂ ਪਹਿਲਾਂ ਤੁਹਾਡਾ ਤਰਕ, ਤੁਹਾਡੀ ਦਲੀਲ ਹੀ ਤੁਹਾਨੂੰ ਛੱਡ ਜਾਂਦੀ ਹੈ, ਤੁਸੀਂ ਆਪਣੇ ਆਪ ਨੂੰ ਇਸ ਤਰ੍ਹਾਂ ਮਹਿਸੂਸ ਕਰਦੇ ਹੋ ਜਿਵੇਂ ਤੁਸੀਂ ਕੁਝ ਕਰ ਹੀ ਨਹੀਂ ਸਕਦੇ। ਜਦੋਂ ਤੁਸੀਂ ਭਾਵੁਕ ਹੁੰਦੇ ਹੋ, ਤੁਸੀਂ ਅਸ਼ਾਂਤ ਹੁੰਦੇ ਹੋ, ਤੁਸੀਂ ਬਿਲਕੁਲ ਲਾਚਾਰ ਮਹਿਸੂਸ ਕਰਦੇ ਹੋ, ਤੁਹਾਡੀ ਵਿਵੇਕ ਸ਼ਕਤੀ ਵੀ ਜਾਂਦੀ ਰਹਿੰਦੀ ਹੈ, ਤੁਹਾਡਾ ਸਾਰਾ ਵਿਹਾਰ ਮਨ, ਕੰਮ ਕਾਜ, ਬੋਲਣਾ, ਸਭ ਕੁਝ ਅਸਧਾਰਨ ਹੋ ਜਾਂਦਾ ਹੈ, ਭਾਵਨਾ ਦੀ ਦੁਰ ਵਰਤੋਂ ਵਿਨਾਸ਼ਕਾਰਕ ਹੋ ਸਕਦੀ ਹੈ। ਜਦੋਂ ਅਸੀਂ ਇਹ ਕਹਿ ਰਹਿ ਹਾਂ ਇਸ ਤੋਂ ਇਹ ਭਾਵ ਨਹੀਂ ਕਿ ਸਾਰੀ ਸੰਵੇਗ ਸ਼ਕਤੀ, ਵਿਨਾਸ਼ਕਾਰਕ ਹੈ ਜਿਹੜੇ ਲੋਕ ਬਹੁਤ ਭਾਵੁਕ ਹੁੰਦੇ ਹਨ ਉਹ ਸਿਰਜਨਾਤਮਕ ਬਣ ਸਕਦੇ ਹਨ, ਪਰ ਇਸ ਲਈ ਲੋੜ ਹੈ ਭਾਵਨਾਵਾਂ ਦਾ ਮਾਰਗ ਦਰਸ਼ਨ ਕਰਕੇ ਉਨ੍ਹਾਂ ਨੂੰ ਰਚਨਾਤਮਕ ਪਾਸੇ ਲਗਾਇਆ ਜਾਵੇ, ਸਿਰਜਨਾਤਮਕ ਬਣਾਇਆ ਜਾਵੇ। ਜਿਹੜੇ ਲੋਕ ਆਪਣੀਆਂ ਭਾਵਨਾਵਾਂ ਨੂੰ ਰਚਨਾਤਮਕ ਬਨਾਉਣਾ ਜਾਣਦੇ ਹਨ, ਉਹ ਸੰਸਾਰ ਵਿਚ ਪ੍ਰਸੰਨ ਰਹਿੰਦੇ ਹਨ।

ਭਾਵਨਾ ਜਦੋਂ ਸ਼ਰਧਾ ਨਾਲ ਲਗਨ ਨਾਲ ਜੁੜ ਜਾਵੇ ਉਹ ਵਿਸਮਾਦ ਬਣ ਜਾਂਦੀ ਹੈ ਪਰਮ ਆਨੰਦ ਬਣ ਜਾਂਦਾ ਹੈ ਸੰਸਾਰ ਦੀਆਂ ਸਭ ਤੋਂ ਉਤਮ ਗੱਲਾਂ ਉਤਮ ਚੀਜ਼ਾਂ ਉਦੋਂ ਹੋਈਆਂ ਹਨ ਉਨ੍ਹਾਂ ਲੋਕਾਂ ਨੇ ਕੀਤੀਆਂ ਹਨ ਜਦੋਂ ਉਹ ਲੋਕ ਵਿਸਮਾਦ ਵਿਚ ਸਨ ਜਦੋਂ ਉਹ ਪਰਮਅਨੰਦ ਵਿਚ ਸੀ। ਇਹ ਸਭ ਕੁਝ ਭਾਵਨਾ ਕਾਰਣ ਹੀ ਹੋ ਸਕਿਆ ਹੈ, ਮਨ ਕਰਕੇ ਨਹੀਂ। ਤੁਹਾਡਾ ਬੌਧਿਕ ਅਖਾੜਾ ਤੁਹਾਡੇ ਅੰਤਰ ਨੂੰ ਜਾਨਣ ਲਈ ਸਹਾਇਕ ਨਹੀਂ ਹੁੰਦਾ, ਮਨ ਭਾਵੇਂ ਅਤਿ ਮਹੱਤਵਪੂਰਣ ਹੈ, ਸ਼ਕਤੀਸ਼ਾਲ ਹੈ ਜੰਤਰ ਹੈ ਪਰ ਇਹ ਅੰਦਰ ਕੋਈ ਨਾ ਤਾਂ ਨਵੀਂ ਚੀਜ਼ ਹੈ ਨਾ ਹੀ ਕੋਈ ਨਾ ਹੀ ਕੋਈ ਮੌਲਿਕ ਗੱਲ। ਮਨ ਤਾਂ ਕੇਵਲ ਉਥੇ ਤੱਕ ਹੀ ਜਾ ਸਕਦਾ ਹੈ ਜਿਥੇ ਤੱਕ ਤੱਥ ਹੋਵੇ। ਸਿਰਜਨਾ ਤੇ ਖੋਜ ਮਨ ਤੋਂ ਪਰ੍ਹੇ ਦੀਆਂ ਗੱਲਾਂ ਹਨ। ਭਾਵਨਾਵਾਂ ਚੇਤਨਾ ਅਤੇ ਰਚਨਾਤਮਕ ਸੋਚ ਦੇ ਵਿਚ ਇਕ ਸੇਤੂ ਹੈ। ਤੁਹਾਨੂੰ ਭਾਵਨਾਵਾਂ ਦੀ ਸ਼ਕਤੀ ਦੀ ਵਰਤੋਂ ਵਿਚਾਰਾਂ ਦੀ ਸੀਮਾਂ ਤੋਂ ਪਾਰ ਜਾਣ ਲਈ ਵਰਤਣੀ ਚਾਹੀਦੀ ਹੈ।

ਮਨ ਦੇ ਵੱਖ-ਵੱਖ ਕਾਰਜਾਂ ਵਿਚੋਂ ਬੁੱਧ, ਮਤ, ਸੱਚ ਤੋਂ ਉਤਮ ਕਾਰਜ ਦੇਖਿਆ ਜਾਂਦਾ ਹੈ ਪਰ ਭਾਵਨਾਵਾਂ ਦੀ ਸ਼ਕਤੀ ਤੋਂ ਬਿਨਾਂ ਇਹ ਬਿਲਕੁਲ ਇਕ ਲੰਗੜੇ ਮਨੁੱਖ ਦੀ ਤਰ੍ਹਾਂ ਹੈ ਜਿਹੜਾ ਆਪਣੇ ਨਿਯਤ ਥਾਂ ਤੇ ਮੰਜ਼ਲ ਤੇ ਪਹੁੰਚਣ ਲਈ ਅਸਮਰੱਥ ਹੈ। ਦੇਖਣ ਵਿਚ ਆਇਆ ਹੈ ਬਹੁਤ ਵਾਰੀ ਬਹੁਤ ਹੀ ਉਚ ਕੋਟੀ ਦੇ ਬੁੱਧੀ ਜੀਵ ਵੀ ਇਕ ਦਮ ਭਾਵੁਕ ਹੋ ਕੇ ਬੋਲਣ ਲਗ ਪੈਂਦੇ ਹਨ। ਜਦੋਂ ਤੱਕ ਬੁੱਧੀ ਨੂੰ ਸੋਧਿਆ

ਨਾ ਗਿਆ ਹੋਵੇ ਉਦੋਂ ਤੱਕ ਭਾਵਨਾਵਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਨੇ ਸੰਸਾਰ ਨੂੰ ਜਾਣ ਲਿਆ ਹੈ ਉਹ ਸਮਝ ਗਏ ਹਨ ਕਿ ਹੋਰ ਬਹੁਤ ਕੁਝ ਅਜੇ ਜਾਨਣ ਲਈ ਬਾਕੀ ਹੈ, ਹੋਰ ਬਹੁਤ ਕੁਝ ਅਜੇ ਖੋਜਣ ਲਈ ਬਾਕੀ ਹੈ, ਇਹ ਸੋਚ ਕੇ ਉਹ ਆਪਣੇ ਅੰਦਰ ਜਾਂਦੇ ਹਨ, ਆਪਣੇ ਆਪ ਸਮਝਣਾ ਸ਼ੁਰੂ ਕਰਦੇ ਹਨ, ਆਪਣੀਆਂ ਅੰਦਰ ਦੀਆਂ ਅਵਸਥਾ ਨੂੰ ਸਮਝਣਾ ਸ਼ੁਰੂ ਕਰਦੇ ਹਨ। ਇਹ ਸਭ ਕੁਝ ਕਰਨ ਲਈ ਉਨ੍ਹਾਂ ਨੂੰ ਮਨ ਇਕਾਗਰ ਕਰਨਾ ਪੈਂਦਾ ਹੈ ਇਹ ਸਮਝਣਾ ਪੈਂਦਾ ਹੈ ਕਿ ਭਾਵਨਾਵਾਂ ਦਾ ਪੱਧਰ ਸੋਚ ਦੇ ਪੱਧਰ ਤੋਂ ਡੂੰਘਾ ਹੈ। ਜਦੋਂ ਮਨ ਨੂੰ ਇਕਾਗਰ ਕਰਕੇ ਇਕ ਬਿੰਦੂ ਤੇ ਟਿਕਾ ਲਿਆ ਜਾਂਦਾ ਹੈ, ਮਨ ਅੰਤਰਮੁਖੀ ਹੋ ਜਾਂਦਾ ਹੈ, ਫੇਰ ਇਹ ਗੁਆਚ ਜਾਂਦਾ ਹੈ, ਭਾਵਨਾਵਾਂ ਤੋਂ ਵਾਂਝਾ ਇਹ ਡੂੰਘਾਈਆਂ ਵਿਚ ਨਹੀਂ ਜਾ ਸਕਦਾ, ਅੰਤਰ ਦੇ ਜੀਵਨ ਦੀਆਂ ਸੂਖਮ ਪੱਧਰਾਂ ਤੱਕ ਨਹੀਂ ਪਹੁੰਚ ਸਕਦਾ। ਤੁਸੀਂ ਆਪਣੇ ਪੂਰੇ ਵਿਅਕਤੀਤਵ ਵਿਚਾਰਾਂ ਰਾਹੀਂ ਨਹੀਂ ਸਮਝ ਸਕਦੇ ਪਰ ਜੇ ਤੁਸੀਂ ਆਪਣੇ ਸੰਵੇਗਾਂ ਦੀ ਸ਼ਕਤੀ ਸਮਝ ਲਵੋ ਭਾਵਨਾਵਾਂ ਦੀ ਸ਼ਕਤੀ ਸਮਝ ਲਵੋ ਫੇਰ ਤੁਸੀਂ ਆਪਣਾ ਵਿਅਕਤੀਤਵ ਸਮਝ ਸਕਦੇ ਹੋ।

ਭਾਵਨਾਵਾਂ ਭਾਵੇਂ ਬਹੁਤ ਸ਼ਕਤੀਸ਼ਾਲ ਹਨ ਪਰ ਲੋੜ ਹੈ ਉਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਸੋਧਣ ਦੀ ਨਹੀਂ ਤਾਂ ਇਹ ਮਨ ਅਸ਼ਾਂਤ ਕਰ ਦਿੰਦੀਆਂ ਹਨ, ਸਾਡੀ ਭਾਵਨਾ ਦਾ ਸਰੀਰ ਬਿਲਕੁਲ ਉਸ ਤਰ੍ਹਾਂ ਹੈ ਜਿਵੇਂ ਇਕ ਮੱਛੀ ਝੀਲ ਵਿਚ ਹੋਵੇ ਜੇ ਝੀਲ ਵਿਚ ਅਸ਼ਾਂਤੀ ਹੋਵੇ ਗੜਬੜ ਹੋਵੇ, ਮੱਛੀ ਲਈ ਸਾਂਤ ਰਹਿਣਾ ਬਹੁਤ ਹੀ ਔਖਾ ਹੈ। ਬਿਲਕੁਲ ਇਸੇ ਤਰ੍ਹਾਂ ਜੇਕਰ ਮਨ ਅਸ਼ਾਂਤ ਹੋਵੇ, ਭਾਵ ਕਦੀ ਵੀ ਸ਼ਾਂਤ ਨਹੀਂ ਹੋ ਸਕਦੇ, ਫੇਰ ਤੁਸੀਂ ਕਦੀ ਵੀ ਭਾਵਨਾਵਾਂ ਦੀ ਠੀਕ ਵਰਤੋਂ ਨਹੀਂ ਕਰ ਸਕਦੇ। ਮਨ ਤੇ ਭਾਵ ਪੂਰੀ ਤਰ੍ਹਾਂ ਨਾਲ ਜੁੜੇ ਹੋਏ ਹਨ ਪਰ ਇਨ੍ਹਾਂ ਦੇ ਕੰਮ ਵਖਰੇ-ਵਖਰੇ ਹਨ। ਸੰਸਕ੍ਰਿਤ ਵਿਚ ਮਨ ਹੈ, ਭਾਵ ਹੈ। ਆਓ ਅਸੀਂ ਦੇਖੀਏ, ਭਾਵ ਕਿੱਥੋਂ ਪੈਦਾ ਹੋਏ, ਅਸੀਂ ਇਨ੍ਹਾਂ ਦੀ ਸਕਤੀ ਦੀ ਕਿਵੇਂ ਚੰਗੀ ਤਰ੍ਹਾਂ ਵਰਤੋਂ ਕਰ ਸਕਦੇ ਹਾਂ।

ਕਾਮ ਸਭ ਤੋਂ ਪ੍ਰਮੁੱਖ ਇੱਛਾ ਹੈ, ਇਹ ਜੀਵਨ ਦੀ ਝੀਲ ਵਿਚ ਬਹੁਤ ਅਸ਼ਾਂਤੀ ਪੈਦਾ ਕਰਦਾ ਹੈ, ਕਾਮ ਸਾਰੀਆਂ ਭਾਵਨਾਵਾਂ ਦੀ ਜਨਮ ਦਾਤੀ ਹੈ। ਇੱਛਾ ਆਪਣੇ ਆਪ ਵਿਚ ਹੀ ਸੁਆਰਥੀ ਹੁੰਦੀ ਹੈ, ਕਾਮ ਤੁਹਾਨੂੰ ਦੂਸਰਿਆਂ ਲਈ ਕੁਝ ਕਰਨ ਲਈ ਪ੍ਰੇਰਣਾ ਨਹੀਂ ਦਿੰਦਾ, ਪਰ ਉਸ ਦੇ ਉਲਟ ਤੁਹਾਡੇ ਜੀਵਨ ਨੂੰ ਕਾਬੂ ਕਰਕੇ ਰੱਖਦਾ ਹੈ, ਤੁਹਾਡੇ ਜੀਵਨ ਨੂੰ ਸਵੈ ਕੇਂਦਰਿਤ ਰੱਖਦਾ ਹੈ। ਇਹ ਤੁਹਾਡੇ ਆਲੇ ਦੁਆਲੇ ਸੀਮਾ ਖੜ੍ਹੀਆਂ ਕਰ ਦਿੰਦਾ ਹੈ, ਤੁਹਾਨੂੰ ਦੂਸਰਿਆਂ ਤੋਂ ਬਿਲਕੁਲ ਵੱਖ ਕਰ ਦਿੰਦਾ ਹੈ। ਜਿੰਨੀ ਕਾਮ ਇੱਛਾ ਤੁਹਾਡੇ ਅੰਦਰ ਵਧੇਰੇ ਹੋਵੇਗੀ ਤੁਸੀਂ ਓਨੇ ਹੀ ਸਿਮਟਦੇ ਚਲੇ ਜਾਓਗੇ, ਤੁਹਾਡਾ ਵਿਸਤਾਰ ਨਹੀਂ ਹੋਵੇਗਾ, ਤੁਹਾਡੀ ਚੇਤਨਾ ਦਾ ਵਿਸਤਾਰ ਨਹੀਂ ਹੋਵੇਗਾ।

ਸਭ ਤੋਂ ਪਹਿਲੀ ਗੱਲ ਹੈ ਇੱਛਾ ਇਕ ਪ੍ਰਮੁਖ ਕਾਰਜ ਹੈ, ਸਾਰੀ ਪ੍ਰੇਰਣਾ ਦਾ ਮੁੱਖ ਕਾਰਜ ਹੈ, ਕਾਰਜ ਕੰਮ ਇੱਛਾ ਅਨੁਸਾਰ ਹੀ ਕੀਤੇ ਜਾਂਦੇ ਹਨ। ਕਿਸ ਕਿਸਮ ਦੀ ਇੱਛਾ ਹੈ ਕਿਸ ਪ੍ਰਕਾਰ ਦੀ ਇੱਛਾ ਹੈ, ਕੰਮ ਉਸੇ ਤਰ੍ਹਾਂ ਦੇ ਕੀਤੇ ਜਾਣਗੇ। ਜਦੋਂ ਤੁਸੀਂ ਇੱਛਾ ਪੂਰਤੀ ਲਈ ਸੋਚਦੇ ਹੋ, ਤੁਸੀਂ ਇਕ ਨਿਰਣੇ ਤੇ ਪਹੁੰਚਦੇ ਹੋ, ਉਸ ਅਨੁਸਾਰ ਹੀ ਕਾਰਜ ਕਰਦੇ ਹੋ। ਇਛਾਵਾਂ ਕਈ ਪ੍ਰਕਾਰ ਦੀਆਂ ਹਨ - ਕ੍ਰਿਆਸ਼ੀਲ, ਅਕਰਮਕ, ਸਕਾਰਾਤਮਕ, ਨਕਾਰਾਤਮਕ ਦੋਨੋਂ ਮਨਾਂ ਅੰਦਰ ਚੇਤਨ ਮਨ, ਅਚੇਤ ਮਨ ਅੰਦਰ, ਸਮੇਂ-ਸਮੇਂ ਇਹ ਉਪਰ ਆਉਂਦੀਆਂ ਰਹਿੰਦੀਆਂ ਹਨ, ਮਨ ਅਸ਼ਾਂਤ ਕਰਦੀਆਂ ਰਹਿੰਦੀਆਂ ਹਨ। ਜਿਵੇਂ ਕਿ ਵਿਚਾਰ ਪ੍ਰਣਾਲੀ ਨੂੰ ਸੋਚ ਪ੍ਰਣਾਨ ਨੂੰ ਸਮਝਣਾ ਅਵਸ਼ਕ ਹੈ। ਭਾਵਨਾਵਾਂ ਨੂੰ ਸਮਝਣਾ ਹੋਰ ਵੀ ਵਧੇਰੇ ਜ਼ਰੂਰੀ ਹੈ ਕਿਉਂਕਿ ਉਹ ਸੋਚ ਨੂੰ ਅਸ਼ਾਂਤ ਕਰਦੇ ਹਨ। ਤੁਸੀਂ ਆਪਣੇ ਅੰਤਰ ਨੂੰ ਬਹੁਤ ਚੰਗੀ ਤਰ੍ਹਾਂ ਸਮਝ ਸਕਦੇ ਹੋ, ਜੇ ਤੁਸੀਂ ਇਹ ਲੱਭ ਲਵੋ ਤੁਹਾਡੀ ਇੱਛਾ ਕੀ ਹੈ।

ਸਾਰੀਆਂ ਇਛਾਵਾਂ ਦੀ ਜੜ੍ਹ ਚਾਰ ਪੁਰਾਤਨ ਸਰੋਤ ਹਨ - ਸਵੈ ਸੰਭਾਲ ਸਵੈ ਸੁਰੱਖਿਆ, ਨੀਂਦ, ਰੋਟੀ, ਕਾਮ। ਜਿਥੋਂ ਤੱਕ ਇਨ੍ਹਾਂ ਸਰੋਤਾਂ ਦਾ ਪ੍ਰਸ਼ਨ ਹੈ। ਇਹ ਮਨੁੱਖਾਂ ਅੰਦਰ, ਜਾਨਵਰਾਂ ਅੰਦਰ ਇਕੋ ਹੀ ਹਨ। ਮਨੁੱਖ ਸੌਂਦਾ ਹੈ, ਖਾਂਦਾ ਹੈ, ਲਿੰਗ ਵਰਤੋਂ ਕਰਦਾ ਹੈ, ਸਦਾ ਹੀ ਆਪਣੀ ਸੰਭਾਲ ਲਈ ਸੁਰੱਖਿਆ ਲਈ ਤਤਪਰ ਰਹਿੰਦਾ ਹੈ, ਇਹ ਸਭ ਕੁਝ ਜਾਨਵਰ ਵੀ ਇਸ ਤਰ੍ਹਾਂ ਕਰਦੇ ਹਨ। ਫਰਕ ਇਸ ਤਰ੍ਹਾਂ ਹੈ ਜਾਨਵਰਾਂ ਦਾ ਸਭ ਕੁਝ ਕੁਦਰਤ ਵਲੋਂ ਕੰਟਰੋਲ ਹੈ, ਉਨ੍ਹਾਂ ਦਾ ਸਭ ਕੁਝ ਹੀ ਕੁਦਰਤ ਵਲੋਂ ਕਾਬੂ ਵਿਚ ਹੈ ਪਰ ਮਨੁੱਖ ਦੀ ਆਪਣੀ ਇੱਛਾ ਹੈ, ਉਹ ਤਾਂ ਸਭ ਕੁਛ ਇੱਛਾ ਅਨੁਸਾਰ ਹੀ ਨਿਯਮਤ ਕਰਦਾ ਹੈ, ਇਥੋਂ ਤੱਕ ਕਿ ਇਹ ਚਾਰੋ ਵੀ ਕਾਬੂ ਕਰ ਲੈਂਦਾ ਹੈ, ਇਸੇ ਕਰਕੇ ਮਨੁੱਖ ਸਾਰੇ ਪ੍ਰਾਣਧਾਰੀਆਂ ਵਿਚੋਂ ਉਚਤਮ ਹੈ, ਸਾਰੇ ਸੰਸਾਰ ਦਾ ਸਰਵੋਤਮ ਪ੍ਰਾਣੀ, ਮਨੁੱਖ ਹੈ।

ਚਾਰੋ ਪੁਰਾਤਨ ਇਛਾਵਾਂ ਵਿਚੋਂ ਸਭ ਤੋਂ ਜ਼ੋਰਦਾਰ ਹੈ ਸਵੈ ਸੰਭਾਲ ਦੀ ਇੱਛਾ। ਲੋਕੀ ਸਦਾ ਆਪਣੇ ਆਪ ਨੂੰ ਸੰਭਾਲ ਕੇ ਰੱਖਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਮਰਨ ਦਾ ਡਰ ਲੱਗਾ ਰਹਿੰਦਾ ਹੈ, ਕੋਈ ਵੀ ਮਰਨਾ ਨਹੀਂ ਚਾਹੁੰਦਾ। ਜਦੋਂ ਕੋਈ ਵੀ ਮੁਸੀਬਤ ਆਉਂਦੀ ਹੈ ਕੋਈ ਕਹਿਰ ਟੁੱਟਦਾ ਹੈ ਮੈਂ ਆਪਣੇ ਅੱਖੀਂ ਦੇਖਿਆ ਹੈ ਕਿ ਬਹੁਤ ਵਾਰੀ ਮਾਂ ਵੀ ਆਪਣੇ ਬੱਚੇ ਨੂੰ ਛੱਡ ਕੇ ਦੌੜਨ ਦੀ ਕਰਦੀ ਹੈ, ਭਾਵ ਆਪਣੀ ਸਵੈ ਰੱਖਿਆ ਦੇ ਅੱਗੇ ਬੱਚਾ ਵੀ ਮਾਂ ਛੱਡ ਕੇ ਚਲੀ ਜਾਂਦੀ ਹੈ, ਮੈਂ ਭੁਚਾਲ ਵਿਚ ਇਸ ਤਰ੍ਹਾਂ ਹੁੰਦੇ

ਦੇਖਿਆ ਹੈ, ਸਭ ਤੋਂ ਵੱਡਾ ਡਰ ਹੈ ਮੌਤ ਦਾ ਡਰ, ਇਹ ਡਰ ਹਰ ਵੇਲੇ ਮਨੁੱਖ ਨੂੰ ਲੱਗਾ ਰਹਿੰਦਾ ਹੈ। ਮੇਰੀ ਪਤਨੀ ਮਰ ਜਾਏਗੀ ਤਾਂ ਕੀ ਹੋਵੇਗਾ, ਮੈਂ ਮਰ ਜਾਵਾਂਗਾ ਮੇਰੇ ਨਾਲ ਕੀ ਹੋਏਗਾ? ਇਹੋ ਜਿਹੇ ਪ੍ਰਸ਼ਨ ਹਰ ਵੇਲੇ ਦਿਮਾਗ ਵਿਚ ਘੁੰਮਦੇ ਰਹਿੰਦੇ ਹਨ। ਬਹੁਤ ਸਾਰੇ ਲੋਕ ਮੌਤ ਦੇ ਡਰ ਕਾਰਣ ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਇਸੇ ਡਰ ਵਿਚ ਰਹਿੰਦੇ ਹਨ। ਪਰ ਇਹ ਸਮਝ ਲੈਣਾ ਜਾਣ ਲੈਣਾ ਜ਼ਰੂਰੀ ਹੈ ਕਿ ਮਰਨਾ ਤਾਂ ਇਕ ਕੁਦਰਤ ਦਾ ਨਿਯਮ ਹੈ। ਸਾਰੇ ਰਿਸ਼ਤੇ ਮੌਤ ਦੇ ਕਾਰਣ ਅਸਥਾਈ ਹਨ, ਛਿਨ ਭੰਗਰ ਹਨ। ਇਹ ਸਚਾਈ ਹੈ ਜੇ ਸਚਾਈ ਤੁਹਾਨੂੰ ਅਸੁਰੱਖਿਅਤ ਕਰਦੀ ਹੈ ਤਾਂ ਤੁਸੀਂ ਕਿਤੇ ਵੀ ਸੁਰੱਖਿਆਤ ਨਹੀਂ ਹੋ ਸਕਦੇ। ਜੇ ਸੱਚ ਤੁਹਾਨੂੰ ਸੁਰੱਖਿਅਤ ਨਹੀਂ ਕਰ ਸਕਦਾ ਤਾਂ ਤੁਸੀਂ ਕਿਤੇ ਵੀ ਸੁਰਖਿਅਤ ਨਹੀਂ ਹੋ ਸਕਦੇ। ਵਾਸਤਵ ਵਿਚ ਸਤਿ ਤਾਂ ਇਹ ਹੈ ਸੁਰੱਖਿਆ ਕਿਤੇ ਹੈ ਹੀ ਨਹੀਂ। ਚੰਗਾ ਇਹੋ ਹੀ ਹੈ ਕਿ ਤੁਸੀਂ ਸੱਚ ਜਾਣ ਕੇ ਸੱਚ ਨੂੰ ਸਮਝ ਕੇ ਰਹੋ, ਸੁਰਖਿਅਤ ਭਾਵੇਂ ਨਾ ਹੋਵੋਂ। ਜਿਹੜੀ ਅਸੁਰੱਖਿਆ ਸੱਚ ਤੋਂ ਆਉਂਦੀ ਹੈ ਉਹ ਠੀਕ ਹੈ ਉਹ ਚੰਗੀ ਹੈ ਅੰਤ ਵਿਚ ਤੁਸੀਂ ਉਸ ਦਾ ਅਨੰਦ ਮਾਣੋਗੇ।

ਜੋ ਵੀ ਵੱਡਾ ਹੋਇਆ ਹੈ, ਸਾਧਾਰਣ ਤੋਂਰ ਉਪਰ ਉੱਠਿਆ ਹੈ ਉਹ ਨਿਰਭੈ ਹੋ ਕੇ ਹੀ ਉਠਿਆ ਹੈ, ਪਰ ਬਹੁਤ ਸਾਰੇ ਲੋਕ ਡਰ ਦੇ ਦਬਾਅ ਥੱਲੇ ਦੱਬੇ ਰਹਿੰਦੇ ਹਨ। ਸਾਰੇ ਡਰ ਆਪਣੇ ਮਨ ਦੇ ਹੁੰਦੇ ਹਨ, ਆਪਣੇ ਬਣਾਏ ਹੁੰਦੇ ਹਨ, ਡਰ ਦੀ ਜੜ੍ਹ ਤੁਹਾਡੀ ਇੱਛਾ ਪੂਰਤੀ ਨਾ ਹੋਣੀ ਹੈ ਆਮ ਤੌਰ ਤੇ ਉਹ ਇੱਛਆ ਜਿਹੜੀ ਤੁਸੀਂ ਪੂਰੀ ਕਰ ਹੀ ਨਹੀਂ ਸਕਦੇ ਤੁਸੀਂ ਸਮਰੱਥ ਹੀ ਨਹੀਂ ਹੋ। ਡਰ ਤਾਂ ਮਨ ਦੇ ਅੰਦਰ ਪੈਦਾ ਹੁੰਦੇ ਹਨ ਜੇਕਰ ਇਨ੍ਹਾਂ ਨੂੰ ਪਰਖਿਆ ਨਾ ਜਾਵੇ, ਸਮਝਿਆ ਨਾ ਜਾਵੇ, ਇਹ ਵਧਦੇ ਹੀ ਜਾਂਦੇ ਹਨ। ਜੇਕਰ ਤੁਸੀਂ ਆਪਣੇ ਸਾਰੇ ਡਰ ਅੰਦਰ ਹੀ ਰੱਖੋਗੇ ਤੁਸੀਂ ਮਾਨਸਿਕ ਵਿਕਾਰਾਂ ਨਾਲ ਕਮਲੇ ਹੋ ਜਾਓਗੇ। ਸਾਰੇ ਖਤਰਿਆਂ ਦੀ ਜੜ੍ਹ ਡਰ ਹੈ ਡਰਨ ਦੀ ਆਦਤ ਹੈ। ਵਾਸਤਵ ਵਿਚ ਡਰਨ ਦੀ ਆਦਤ ਹੀ ਬਹੁਤ ਵਾਰੀ ਖਤਰਾ ਮੁੱਲ ਲੈ ਲੈਂਦੀ ਹੈ। ਮੈਨੂੰ ਇਕ ਵਾਰੀ ਇਸ ਦਾ ਅਨੁਭਵ ਹੋਇਆ ਸੀ।

ਮੈਂ ਰੋਜ਼ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਗੰਗਾ ਦੇ ਕੰਢੇ ਬੈਠ ਕੇ ਭਜਨ ਕਰਦਾ ਸੀ। ਜਦੋਂ ਸੂਰਜ ਚੜ੍ਹਦਾ ਮੈਂ ਉਠ ਕੇ ਨਮਸਕਾਰ ਕਰਦਾ ਫੇਰ ਬੈਠ ਜਾਂਦਾ। ਇਕ ਸਵੇਰੇ ਜਦੋਂ ਮੈਂ ਸੂਰਜ ਨੂੰ ਨਮਸ਼ਕਾਰ ਕਰਕੇ ਬੈਠਿਆ, ਪਿਛੋਂ ਕਿਸੇ ਨੇ ਜ਼ੋਰ ਨਾਲ ਕਿਹਾ, ਹਿੱਲੀਂ ਨਾ ਤੇਰੇ ਪਿੱਛੇ ਨਾਗ ਹੈ, ਜਦੋਂ ਹੀ ਮੈਂ ਇਹ ਸੁਣਿਆ, ਮੈਂ ਦੌੜਿਆ, ਸੱਪ ਵੀ ਮੇਰੇ ਪਿੱਛੇ-ਪਿਛੇ ਦੌੜਨ ਲੱਗ ਪਿਆ। ਉਹ ਕੋਈ ਪੰਜਾਹ ਗਜ਼ ਮੇਰੇ ਪਿਛੇ ਪਿੱਛਾ ਕਰਦਾ ਰਿਹਾ।

ਬਾਅਦ ਵਿਚ ਮੈਂ ਇਕ ਸਵਾਮੀ ਜੀ ਕੋਲ ਗਿਆ, ਮੈਂ ਕਿਹਾ, ਇਹ ਜਗ੍ਹਾ ਤਾਂ ਬਹੁਤ ਖਤਰਨਾਕ ਹੈ, ਇਥੇ ਤਾਂ ਸਾਰੀ ਜਗ੍ਹਾ ਸੱਪ ਹਨ ਜਿਹੜੇ ਤੁਹਾਡੇ ਪਿੱਛੇ ਦੌੜਦੇ ਹਨ, ਉਹ ਕਹਿਣ ਲੱਗੇ, ਨਹੀਂ, ਤੇਰਾ ਮਨ ਹੀ ਸੱਪ ਦਾ ਪਿੱਛਾ ਕਰ ਰਿਹਾ ਸੀ, ਤੂੰ ਹੀ ਆਪਣੇ ਮਨ ਨਾਲ ਉਸਨੂੰ ਆਪਣੇ ਪਿੱਛੇ ਦੌੜਾ ਰਿਹਾ ਸੀ, ਤੇਰਾ ਮਨ ਹੀ ਨਖੇਦੀ ਤੇ ਇਕਾਗਰ ਹੋ ਗਿਆ ਸੀ, ਉਹ ਸਕਾਰਤਮਕ ਛੱਡ ਗਿਆ ਸੀ।

ਜਦੋਂ ਵੀ ਤੁਸੀਂ ਡਰਦੇ ਹੋ, ਤੁਸੀਂ ਵਾਸਤਵ ਵਿਚ ਆਪਣੇ ਮਨ ਵਿਚ ਖਤਰੇ ਦੀ ਕਲਪਨਾ ਕਰ ਲੈਂਦੇ ਹੋ, ਫੇਰ ਉਸ ਅਨੁਸਾਰ ਹੀ ਆਪਣੇ ਆਪ ਨੂੰ ਤਿਆਰ ਕਰ ਲੈਂਦੇ ਹੋ, ਇਸ ਤਰ੍ਹਾਂ ਕਰਨ ਨਾਲ ਤੁਹਾਡਾ ਮਨ ਨਖੇਦੀ ਵਾਲੇ ਪਾਸੇ ਇਕਾਗਰ ਹੋ ਜਾਂਦਾ ਹੈ, ਫੇਰ ਡਰ ਤੁਹਾਡੇ ਕੰਟਰੋਲ ਵਿਚ ਨਹੀਂ ਰਹਿੰਦਾ। ਜਦੋਂ ਤੁਸੀਂ ਮਨ ਨੂੰ ਦੇਖੋਗੇ ਉਸ ਦਾ ਪ੍ਰੇਖਣ ਕਰੋਗੇ ਤੁਸੀਂ ਜਾਣ ਜਾਓਗੇ ਕਿ ਸਕਾਰਾਤਮਕ ਪੱਖ ਕਿਹੜੇ ਹਨ, ਨਕਾਰਾਤਮਕ ਪੱਖ ਕਿਹੜੇ ਹਨ। ਨਕਾਰਾਤਮਕ ਮਨ ਦੀ ਓਨੀ ਹੀ ਤਾਕਤ ਹੈ ਓਨੀ ਹੀ ਤਬਾਹੀ ਕਰ ਸਕਦਾ ਹੈ। ਇਸੇ ਕਰਕੇ ਜੇ ਤੁਸੀਂ ਭੈ ਨੂੰ ਅਣਗੌਲਿਆ ਛੱਡ ਦਿਓਗੇ, ਉਸ ਵਲ ਧਿਆਨ ਨਹੀਂ ਦਿਓਗੇ ਤਾਂ ਉਹ ਵੱਧਦਾ ਜਾਵੇਗਾ, ਨਾਲ ਹੀ ਉਹ ਹੋਰ ਸ਼ਕਤੀਸ਼ਾਲ ਹੁੰਦਾ ਜਾਏਗਾ, ਇਕ ਦਿਨ ਫੇਰ ਉਹ ਐਨਾ ਸ਼ਕਤੀਸ਼ਾਲ ਹੋ ਜਾਵੇਗਾ ਕਿ ਤੁਸੀਂ ਆਪਣੀ ਆਤਮ ਨਿਰਭਰਤਾ ਹੀ ਗੁਆ ਬੈਠੋਗੇ।

ਤੁਸੀਂ ਭੈ ਤੋਂ ਛੁਟਕਾਰਾ ਪਾਉਣਾ ਸਿੱਖ ਸਕਦੇ ਹੋ। ਭੈ ਤੋਂ ਛੁਟਕਾਰਾ ਪਾਉਣ ਲਈ ਅੰਤਰ ਦੀ ਸ਼ਕਤੀ ਦੀ ਲੋੜ ਹੁੰਦੀ ਹੈ, ਉਸ ਸ਼ਕਤੀ ਨੂੰ ਵਿਕਸਿਤ ਕਰਨ ਦੀ ਲੋੜ ਹੁੰਦੀ ਹੈ। ਵਾਸਤਵ ਵਿਚ ਸਤਿ ਅਤੇ ਨਿਰਭੈਤਾ ਦੋਨੋਂ ਨਾਲ-ਨਾਲ ਹੀ ਚਲਦੇ ਹਨ। ਸੋ ਨਿਰਭੈਤਾ ਤੇ ਸਤੱਰ ਤਕ ਪਹੁੰਚਣ ਲਈ ਤੁਹਾਨੂੰ ਚਾਹੀਦਾ ਹੈ ਤੁਸੀਂ ਪਹਿਲਾਂ ਆਪਣੇ ਡਰ ਦੇ ਕਾਰਣ ਦੀ ਜਾਂਚ ਕਰੋ। ਆਪਣੇ ਭੈ ਦੀ ਪੜਤਾਲ ਕਰਨ ਲਈ ਤੁਹਾਨੂੰ ਸੋਚ ਤੋਂ ਅੱਗੇ ਜਾਣਾ ਪਵੇਗਾ। ਜਦੋਂ ਤੁਸੀਂ ਇਹ ਕਰੋਗੇ ਤੁਸੀਂ ਦੇਖੋਗੇ ਸਭ ਤੋਂ ਵੱਡਾ ਡਰ ਹੈ ਡਰ। ਪਰ ਵਾਸਤਵ ਵਿਚ ਭੈ ਹੈ ਨਹੀਂ ਇਹ ਤਾਂ ਹਨ੍ਹੇਰੇ ਦੀ ਤਰ੍ਹਾਂ ਹੈ, ਹਨ੍ਹੇਰਾ ਕੀ ਹੈ, ਹਨ੍ਹੇਰਾ ਹੈ ਕਿਉਂਕਿ ਉਥੇ ਚਾਨਣ ਨਹੀਂ ਹੈ, ਚਾਨਣ ਨਾ ਹੋਣ ਕਰਕੇ ਹਨ੍ਹੇਰਾ ਹੈ। ਸੂਰਜ ਨੇ ਕਦੀ ਹਨ੍ਹੇਰਾ ਦੇਖਿਆ ਹੀ ਨਹੀਂ ਉਨ੍ਹਾਂ ਨੇ ਇਹ ਨਹੀਂ ਦੇਖਿਆ ਹਨ੍ਹੇਰੇ ਵਿਚ ਕੌਣ ਹੈ। ਤੁਹਾਨੂੰ ਚਾਹੀਦਾ ਹੈ ਤੁਸੀਂ ਆਪਣੇ ਡਰ ਨੂੰ ਦੇਖੋ ਤੇ ਜਾਣੋ।

ਜਿਸ ਤਰ੍ਹਾਂ ਨਾਲ ਡਰ ਨਾਲ ਸਰੀਰ ਤੇ ਮਨ ਦਾ ਤਾਲਮੇਲ, ਅਨੁਸਰਨ ਵਿਗੜ ਜਾਂਦਾ ਹੈ, ਇੰਦ੍ਰੀਆਂ ਦਾ ਅਨੁਸਰਨ ਤਹਿਸ ਨਹਿਸ ਹੋ ਜਾਂਦਾ ਹੈ ਬਿਲਕੁਲ ਇਸੇ ਤਰ੍ਹਾਂ ਨਾਲ ਨੀਂਦ ਵਿਚ ਵਿਘਨ ਪੈਣ ਨਾਲ ਨੀਂਦ ਦਾ ਸਮਾਂ ਨੀਯਤ ਨਾ ਰਹਿਣ ਨਾਲ ਬਿਲਕੁਲ ਇਸੇ ਤਰ੍ਹਾਂ ਹੁੰਦਾ ਹੈ,

ਨੀਂਦ ਜੋ ਕਿ ਸਾਡਾ ਦੂਸਰਾ ਪੁਰਾਤਨ ਸੋਮਾ ਹੈ। ਨੀਂਦ ਸਾਰਿਆਂ ਲਈ ਹੈ, ਸਾਰਿਆਂ ਦੀ ਸਾਂਝੀ ਹੈ ਗਰੀਬ ਅਮੀਰ ਸਾਰੇ ਹੀ ਸੌਂਦੇ ਹਨ ਸਾਰਾ ਜੀਵਨ ਇਹ ਚਲਦਾ ਹੈ, ਸਾਡੇ ਵਿਚੋਂ ਬਹੁਤ ਸਾਰੇ ਨਹੀਂ ਜਾਣਦੇ ਕਿ ਉਹ ਕਿਉਂ ਸੌਂਦੇ ਹਨ, ਬਹੁਤ ਥੋੜ੍ਹੇ ਹੀ ਇਸ ਗੱਲ ਦਾ ਵਿਸ਼ਲੇਸ਼ਣ ਕਰਦੇ ਹਨ ਕਿ ਨੀਂਦ ਕੀ ਹੈ। ਸੌਣਾ ਬਹੁਤ ਵੱਡਾ ਸ਼ਾਂਤੀ ਪ੍ਰਦਰਸ਼ਕ ਹੈ, ਉਹ ਸਥਿਤੀ ਹੈ ਜਿਹੜੀ ਰੋਜ਼ ਤੋਂ ਰੋਜ਼ ਸਾਨੂੰ ਨਰੋਆ ਕਰਦੀ ਹੈ। ਨੀਂਦ ਬਹੁਤ ਹੀ ਅਵਸ਼ਕ ਹੈ, ਜੇਕਰ ਤੁਹਾਡੀ ਨੀਂਦ ਵਿਚ ਕਿਸੇ ਕਾਰਣ ਵਿਘਨ ਪੈ ਜਾਵੇ, ਤੁਸੀਂ ਅਸ਼ਾਂਤ ਹੋਵੋ ਵਿਆਕੁਲ ਹੋਵੋ ਤੁਸੀਂ ਗੁੱਸੇ ਵਿਚ ਆ ਜਾਓਗੇ, ਤੁਹਾਡਾ ਨਾੜੀ ਤੰਤੂ ਖਿੱਚਿਆ ਰਹੇਗਾ। ਤੁਹਾਡੇ ਕੋਲੋਂ ਕੰਮ ਨਹੀਂ ਹੋ ਸਕੇਗਾ, ਤੁਸੀਂ ਸੋਚੋਗੇ ਸਾਰੇ ਮੇਰੇ ਦੁਸ਼ਮਣ ਹਨ, ਤੁਹਾਡੇ ਅੰਦਰ ਡਰ ਬੈਠ ਜਾਣਗੇ। ਜੇ ਤੁਸੀਂ ਪੂਰਾ ਆਰਾਮ ਨਾ ਕਰੋ, ਨੀਂਦ ਜਿਹੜਾ ਆਰਾਮ ਦਿੰਦੀ ਹੈ ਉਹ ਨਾ ਕਰ ਸਕੋ, ਤੁਸੀਂ ਏਸੇ ਮਾਨਸਿਕ ਸਥਿਤੀ ਵਿਚ ਰਹੋਗੇ, ਹੋ ਸਕਦਾ ਹੈ, ਪਾਗਲ ਵੀ ਹੋ ਜਾਓ, ਤੁਸੀਂ ਆਪਣਾ ਨਿਅੰਤਰਣ ਨਹੀਂ ਰੱਖ ਸਕੋਗੇ।

ਜਦੋਂ ਤੁਸੀਂ ਕਿਸੇ ਗੱਲ ਤੇ ਗੁੱਸੇ ਹੋਵੋ, ਤੁਹਾਡਾ ਕਿਸੇ ਗੱਲ ਤੇ ਝਗੜਾ ਹੋਇਆ ਹੋਵੇ ਜੇ ਤੁਸੀਂ ਉਸ ਵੇਲੇ ਸੌਣ ਜਾਓ ਉਹ ਤੁਹਾਡੀ ਸਿਹਤ ਲਈ ਠੀਕ ਨਹੀਂ ਕਿਉਂਕਿ ਇਹੋ ਜਿਹੀ ਨੀਂਦ ਤੁਹਾਨੂੰ ਨਰੋਆ ਨਹੀਂ ਕਰੇਗੀ। ਜੇ ਕਿਤੇ ਤੁਹਾਡਾ ਝਗੜਾ ਹੋ ਜਾਏ, ਸੌਣ ਨਾਲੋਂ ਚੰਗਾ ਹੈ ਜੇ ਤੁਸੀਂ ਬਾਹਰ ਸੈਰ ਕਰਨ ਚਲੇ ਜਾਓ, ਮੈਡੀਟੇਸ਼ਨ ਕਰ ਲਵੋ, ਪਾਠ ਕਰੋ, ਅਰਦਾਸ ਕਰੋ ਜਾਂ ਗੱਲਬਾਤ ਕਰਕੇ ਆਪ ਮਸਲੇ ਹੱਲ ਕਰ ਲਵੋ, ਗੁੱਸੇ ਗਿਲੇ ਠੀਕ ਕਰ ਲਵੋ, ਆਪਣੀਆਂ ਸਮੱਸਿਆਵਾਂ ਦਾ ਹੱਲ ਕੱਢ ਲਵੋ, ਸੌਣ ਤੋਂ ਪਹਿਲਾਂ ਇਹ ਕਰ ਲੈਣਾ ਚਾਹੀਦਾ ਹੈ। ਬਹੁਤ ਸਾਰੀਆਂ ਸਮੱਸਿਆ ਆਪਣੇ ਮਨ ਤੇ ਲੈ ਕੇ ਸੌਣਾ ਨਹੀਂ ਚਾਹੀਦਾ। ਵਾਸਤਵ ਵਿਚ ਜਦੋਂ ਤੁਸੀਂ ਸੌਣ ਜਾਓ, ਤੁਹਾਡਾ ਮਨ ਸਾਰੇ ਦਵੰਦਾਂ ਤੋਂ ਮੁਕਤ ਹੋਣਾ ਚਾਹੀਦਾ ਹੈ। ਜੇਕਰ ਤੁਸੀਂ ਅਸ਼ਾਂਤ ਹੋ ਕੇ ਸੌਣ ਜਾਂਦੇ ਹੋ ਤੁਹਾਡੇ ਸੁਪਨੇ ਵੀ ਭਿਆਨਕ ਹੋਣਗੇ, ਤੁਸੀਂ ਡਰ ਕੇ ਘਬਰਾ ਕੇ ਉਠੋਗੇ ਤੁਹਾਡੀ ਨੀਂਦ ਉਖੜਦੀ ਰਹੇਗੀ, ਤੁਹਾਡੇ ਸੁਪਨੇ ਬੜੇ ਹੀ ਬੁਰੇ ਅਨੁਭਵਾਂ ਦੇ ਹੋਣਗੇ।

ਸੰਸਾਰ ਦੇ ਸਾਰੇ ਸੁੱਖਾਂ ਵਿਚੋਂ ਉਤਮ ਹੈ ਨੀਂਦ ਦਾ ਸੁਖ, ਨੀਂਦ ਵਰਗਾ ਸੁਖ ਕਿਸੇ ਚੀਜ਼ ਵਿਚ ਨਹੀਂ, ਨੀਂਦ ਬਹੁਤ ਉਚੇ ਦਰਜੇ ਦਾ ਅਨੰਦ ਹੈ। ਲੋਕ ਠੀਕ ਤਰ੍ਹਾਂ ਨਾਲ ਸੌਣਾ ਨਹੀਂ ਜਾਣਦੇ। ਸੁੱਤਿਆ ਪਿਆ ਜੇ ਕੋਈ ਉਚ ਆਵਾਜ਼ ਹੋ ਜਾਏ ਨੀਂਦ ਉਖੜ ਜਾਏਗੀ, ਸੌਣ ਦੀ ਇਕ ਬਹੁਤ ਹੀ ਵਧੀਆ ਤਕਨੀਕ ਹੈ, ਉਹ ਹੈ ਯੋਗਿਕ ਨੀਂਦ, ਇਹ ਨੀਂਦ ਤੁਸੀਂ ਪੂਰੀ ਦ੍ਰਿੜ੍ਹਤਾ ਨਾਲ ਲੈਂਦੇ ਹੋ, ਭਾਵੇਂ ਕੁਝ ਵੀ ਹੁੰਦਾ ਰਹੇ, ਕਿੰਨਾ ਰੌਲਾ ਪੈਂਦਾ ਰਹੇ ਜੋ ਮਰਜ਼ੀ ਹੋ ਜਾਏ, ਜਿਹੜਾ ਯੋਗਿਕ ਨੀਂਦ ਵਿਚ ਹੈ ਉਹ ਨਹੀਂ ਉਠੇਗਾ, ਉਨ੍ਹਾਂ ਨੂੰ ਕੋਈ ਨਹੀਂ ਉਠਾ ਸਕਦਾ ਉਹ ਆਪ ਹੀ ਉਠਣ ਤਾਂ ਉਠਣ।

ਇਹ ਇਕ ਕਲਪਿਤ ਗੱਲ ਹੈ ਕਿ ਅੱਠ ਘੰਟੇ ਦੀ ਨੀਂਦ ਹੋਣੀ ਚਾਹੀਦੀ ਹੈ। ਇਕ ਆਮ ਮਨੁੱਖ ਜਿਹੜਾ ਕੰਮ ਕਰਦਾ ਹੈ ਉਹ ਆਪਣੀ ਨੀਂਦ ਘਟਾ ਕੇ ਤਿੰਨ ਤੋਂ ਚਾਰ ਘੰਟੇ ਤੱਕ ਲਿਆ ਸਕਦਾ ਹੈ, ਇਕ ਆਮ ਮਨੁੱਖ ਲਈ ਐਨੀ ਨੀਂਦ ਕਾਫੀ ਹੈ, ਪਰ ਇਹ ਨੀਂਦ ਗੂੜ੍ਹੀ ਨੀਂਦ ਹੋਣਾ ਚਾਹੀਦੀ ਹੈ, ਉਹ ਕੋਈ ਸੁਪਨਿਆਂ ਦੀ ਨੀਂਦ ਨਹੀਂ ਹੋਣੀ ਚਾਹੀਦੀ, ਵਿਚੋਂ ਉਠਣਾ ਨਹੀਂ ਚਾਹੀਦਾ। ਅੱਠ ਤੋਂ ਦੱਸ ਘੰਟੇ ਸੋਣਾ ਬੁਰੀ ਆਦਤ ਹੈ, ਕਿੰਨਾ ਸਮਾਂ ਇਸ ਤਰ੍ਹਾਂ ਬੇਅਰਥ ਜਾਂਦਾ ਹੈ, ਕਿੰਨਾ ਕੁਝ ਕਰਨ ਹੈ, ਖਾਸ ਕਰਕੇ ਮੈਡੀਟੇਸ਼ਨ। ਜਦੋਂ ਤੁਸੀਂ ਅਗਲੇ ਦਿਨ ਲਈ ਆਪਣਾ ਕੰਮ ਦਾ ਪਲੈਨ ਬਣਾਉਣਾ ਹੈ ਦੇਖਣਾ ਹੈ, ਕੀ ਕਰਨਾ ਹੈ ਕਿਸ ਤਰ੍ਹਾਂ ਕਰਨਾ ਹੈ, ਫੇਰ ਉਹ ਆਪਣਾ ਸਮਾਂ ਅਸ਼ਾਂਤਮਈ ਨੀਂਦ ਵਿਚ ਕਿਉਂ ਗੁਆਉਂਦੇ ਹਨ?

ਅਰੋਗ ਰਹਿਣ ਦਾ ਸਭ ਤੋਂ ਉਚਾ ਉਤਮ ਨਿਯਮ ਹੈ ਸਵੇਰੇ ਅੰਮ੍ਰਿਤ ਵੇਲੇ ਉਠਣਾ ਜਿਹੜਾ ਕਿ ਅੱਜਕੱਲ੍ਹ ਬਹੁਤ ਹੀ ਔਖਾ ਹੈ। ਅੱਜ ਦੇ ਸਮੇਂ ਦੀ ਕੋਈ ਵੀ ਕਵਿਤਾਵਾਂ ਦੀ ਪੁਸਤਕ ਚੁੱਕ ਕੇ ਦੇਖ ਲਵੋ, ਤੁਹਾਨੂੰ ਸੂਰਜ ਦੇ ਉਦੈ ਹੋਣ ਤੇ ਇਕ ਵੀ ਕਵਿਤਾ ਨਹੀਂ ਮਿਲੇਗੀ ਇਹ ਕੋਈ ਅੱਜ ਦੀਗੱਲ ਨਹੀਂ ਪਿਛਲੇ ਪੰਜਾਹ ਸਾਲਾਂ ਤੋਂ ਇਹ ਹੀ ਚੱਲ ਰਿਹਾ ਹੈ। ਪਿਛਲੀ ਸਦੀ ਦੇ ਸ਼ੁਰੂ-ਸ਼ੁਰੂ ਦੇ ਲੇਖਕਾਂ ਦੀ ਲਿਖਤ ਵਿਚ ਤੁਸੀਂ ਚੜ੍ਹਦੇ ਸੂਰਜ ਦੀ ਲਾਲੀ ਬਾਰੇ ਪੜ੍ਹੋਗੇ ਕੇਵਲ ਭਾਰਤ ਵਿਚ ਹੀ ਨਹੀਂ ਪੱਛਮ ਵਿਚ ਵੀ Shelly, keats ਵਰਗੇ ਕਵੀਆਂ ਨੇ ਚੜ੍ਹਦੇ ਸੂਰਜ ਬਾਰੇ ਲਿਖਿਆ ਹੈ। ਅੱਜ ਕੋਈ ਹੈ? ਅੱਜ ਦਾ ਕੋਈ ਵੀ ਕਵੀ ਪੌਹ ਫੁਟਾਲੇ ਦੀ ਗੱਲ ਨਹੀਂ ਕਰਦਾ। ਅੱਜ ਦੇ ਕਵੀ ਤਾਂ ਸੋਹਣੀ ਸ਼ਾਮ, ਸ਼ਾਮ ਦੇ ਬੱਦਲ, ਡੁੱਬਦਾ ਸੂਰਜ, ਸ਼ਾਮ ਦਾ ਨਾਚ, ਸ਼ਾਮ ਦਾ ਗਾਣਾ ਇਸ ਸਭ ਕੁਝ ਦਾ ਬਿਆਨ ਹੈ, ਸਭ ਕੁਝ ਸ਼ਆਮ ਨੂੰ ਸਵੇਰੇ ਦਾ ਕੋਈ ਵੀ ਨਾਮ ਨਹੀਂ। ਸਚਾਈ ਤਾਂ ਇਹ ਹੈ ਕਿ ਤੁਹਾਨੂੰ ਸਵੇਰੇ ਉਠਣ ਦੀ ਆਦਤ ਪੌਣੀ ਚਾਹੀਦੀ ਹੈ, ਸੂਰਜ ਚੜ੍ਹਣ ਤੋਂ ਪਹਿਲੇ ਤੁਹਾਨੂੰ ਮੰਜੇ ਤੋਂ ਉਠ ਜਾਣਾ ਚਾਹੀਦਾ ਹੈ।

ਸਵੇਰੇ ਦਾ ਕੋਈ ਸਮਾਂ ਐਸਾ ਤਰ੍ਹਾਂ ਵੀ ਹੁੰਦਾ ਹੈ ਕਿ ਸੱਤ ਰੰਗਾਂ ਦੀਆਂ ਆਦ੍ਰਿਸ਼ ਕਿਰਨਾਂ ਵਾਤਾਵਰਣ ਵਿਚ ਫੈਲਦੀਆਂ ਹਨ, ਇਹ ਜਦੋਂ ਸੂਰਜ ਨਿਕਲ ਰਿਹਾ ਹੁੰਦਾ ਹੈ ਉਸ ਸਮੇਂ ਨਿਕਲਦੀਆਂ, ਇਹ ਮਨੁੱਖ ਦੇ ਸਰੀਰ ਲਈ ਅਤਿ ਲਾਭਕਾਰੀ ਹੁੰਦੀਆਂ ਹਨ, ਵਿਸ਼ੇਸ਼ ਕਰਕੇ ਸਰੀਰ ਦੀ ਚਮੜੀ ਲਈ, ਚਮੜੀ ਦੀਆਂ ਕਈ ਬਿਮਾਰੀਆਂ ਇਸ ਤਰ੍ਹਾਂ ਦੀਆਂ ਹਨ ਜਿਹੜੀਆਂ ਦਵਾਈਆਂ ਨਾਲ ਠੀਕ ਨਹੀਂ ਹੋ ਸਕਦੀਆਂ ਪਰ ਉਹ ਸੂਰਜ ਦੀਆਂ ਕਿਰਨਾਂ ਨਾਲ ਠੀਕ ਹੋ ਸਕਦੀਆਂ ਹਨ।

ਸਵੇਰੇ ਉਠਣਾ ਬਹੁਤ ਹੀ ਜ਼ਰੂਰੀ ਹੈ, ਉਠ ਕੇ ਅਭਿਆਸ ਕਰਨਾ ਕਸਰਤ ਕਰਨੀ ਵੀ ਬਹੁਤ ਹੀ ਅਵਸ਼ਕ ਹੈ, ਇਹ ਸੂਰਜ ਨਿਕਲਣ ਤੋਂ ਪਹਿਲਾਂ ਹੀ ਹੋ ਜਾਣਾ ਚਾਹੀਦਾ ਹੈ ਜਦੋਂ ਤੁਸੀਂ ਦੇਰ ਤਕ ਸੌਣ ਦੀ ਆਦਤ ਬਣਾ ਲੈਂਦੇ ਹੋ, ਤੁਸੀਂ ਸੁਸਤ ਹੋ ਜਾਂਦੇ ਹੋ, ਫੇਰ ਤੁਹਾਡੀ ਸੁਸਤੀ ਦੀ ਸਥਿਲਤਾ ਦੀ ਆਦਤ ਬਣ ਜਾਂਦੀ ਹੈ। ਆਪਣੇ ਆਪ ਨੂੰ ਸੁਸਤ ਬਣਾ ਕੇ ਸਥਿਲ ਬਣਾ ਕੇ ਤੁਸੀਂ ਵਾਸਤਵ ਵਿਚ ਬਹੁਤ ਅਸ਼ਾਂਤੀ ਪੈਦਾ ਕਰ ਲੈਂਦੇ ਹੋ।

ਖਾਣਾ ਸਾਡਾ ਤੀਸਰਾ ਸੰਵੇਗਕ ਸ੍ਰੋਤ ਹੈ, ਜੇਕਰ ਤੁਹਾਡੇ ਖਾਣ ਪੀਣ ਦੀਆਂ ਆਦਤਾਂ ਠੀਕ ਨਹੀਂ, ਤੁਹਾਡਾ ਖਾਣਾ ਪੀਣਾ ਸੰਤੁਲਿਤ ਨਹੀਂ ਇਹ ਤੁਹਾਨੂੰ ਸਰੀਰ ਪੱਖੋਂ ਭਾਵਨਾਵਾਂ ਪੱਖੋ, ਸੰਵੇਗਕ ਪੱਖੋ, ਅਸ਼ਾਂਤ ਕਰ ਸਕਦਾ ਹੈ, ਬਿਮਾਰ ਕਰ ਸਕਦਾ ਹੈ। ਅਧਿਆਤਮਕ ਮਾਰਗ ਤੇ ਚੱਲਣ ਲਈ ਸਭ ਤੋਂ ਪਹਿਲਾਂ ਤੁਹਾਨੂੰ ਆਪਣੀ ਜੀਭ ਤੇ ਕਾਬੂ ਕਰਨਾ ਪੈਂਦਾ ਹੈ, ਜੋ ਵੀ ਕੁਝ ਖਾਓ ਉਸ ਦੇ ਗੁਣ ਦੇਖਣੇ ਚਾਹੀਦੇ ਹਨ, ਉਸ ਦਾ ਸੁਆਦ ਨਹੀਂ ਦੇਖਣਾ ਚਾਹੀਦਾ। ਅਧਿਆਤਮਕ ਗੁਰੂ ਖਾਣ ਲਈ ਬਹੁਤ ਹੀ ਪੱਕੀ ਤਰ੍ਹਾਂ ਗੁੱਸੇ ਨਾਲ ਸੁਆਦ ਲਈ ਦੱਸਦੇ ਹਨ ਪਰ ਇਸ ਦੀ ਅੰਤ ਤਾਂ ਬਹੁਤ ਹੀ ਲਾਭਕਾਰੀ ਹੈ, ਪਰ ਸੰਸਾਰ ਤਾਂ ਸੁਆਦ ਦੇ ਪਿੱਛੇ ਲੱਗਾ ਰਹਿੰਦਾ ਹੈ ਜਿਸ ਦਾ ਅੰਤ ਕੋਈ ਚੰਗਾ ਨਹੀਂ ਹੁੰਦਾ। ਤੁਹਾਡੀਆਂ ਖਾਣ ਪੀਣ ਦੀਆਂ ਆਦਤਾਂ ਤੁਹਾਨੂੰ ਸੰਵੇਗਕ ਪੱਖੋਂ ਅਸੁਰਖਿਅਤ ਕਰ ਸਕਦੀਆਂ ਹਨ, ਸਰੀਰਕ ਪੱਖੋਂ ਬਿਮਾਰ ਕਰ ਸਕਦੀਆਂ ਹਨ, ਦੂਸਰੇ ਪਾਸੇ ਜੇ ਤੁਸੀਂ ਠੀਕ ਖਾਣਾ ਪੀਣਾ ਖਾਓ ਤੁਸੀਂ ਇਸ ਸਭ ਕੁਝ ਤੋਂ ਬਚ ਸਕਦੇ ਹੋ। ਹਰ ਵੇਲੇ ਖਾਣ ਵਿਚ ਧਿਆਨ ਰਹਿਣਾ ਜਾਂ ਹਰ ਵੇਲੇ ਖਾਂਦੇ ਰਹਿਣਾ ਇਸ ਦੇ ਕਈ ਕਾਰਣ ਹੋ ਸਕਦੇ ਹਨ। ਬਹੁਤ ਵਾਰੀ ਜਿਹੜੇ ਲੋਕ ਉਹ ਨਹੀਂ ਖਾਂਦੇ ਜੋ ਉਨ੍ਹਾਂ ਨੂੰ ਖਾਣਾ ਚਾਹੀਦਾ ਹੈ ਜੋ ਉਨ੍ਹਾਂ ਦੇ ਸਰੀਰ ਲਈ ਜ਼ਰੂਰੀ ਹੈ, ਉਹ ਸੰਵੇਗਕ ਪੱਖੋਂ ਅਸ਼ਾਂਤ ਰਹਿੰਦੇ ਹਨ, ਉਹ ਹਰ ਵੇਲੇ ਖਾਣ ਬਾਰੇ ਹੀ ਸੋਚਦੇ ਹਨ। ਜਿਹੜੇ ਇਸ ਤਰ੍ਹਾਂ ਕਰਦੇ ਹਨ, ਹੋ ਸਕਦਾ ਹੈ ਉਨ੍ਹਾਂ ਨੂੰ ਕਿਸੇ ਦੂਸਰੀ ਪ੍ਰਾਰੰਭਿਕ ਲਗਨ ਦੀ ਸਮੱਸਿਆ ਹੋਵੇ ਉਹ ਉਸ ਲਈ ਪੂਰਤੀ ਕਰ ਰਹੇ ਹੋਣ ਕਿਉਂਕਿ ਉਹ ਲਗਨ ਪੂਰੀ ਨਾ ਹੋ ਸਕਣ ਕਾਰਣ ਬਹੁਤ ਖਾ ਰਹੇ ਹੋਣ। ਕਈ ਲੋਕ ਤਾਂ ਬੱਸ ਖਾਣ ਲਈ ਹੀ ਜੀਉਂਦੇ ਹਨ ਹਰ ਵੇਲੇ ਖਾਣਾ ਖਾਣ ਦੀ ਸੋਚਣਾ, ਹਰ ਵੇਲੇ ਖਾਂਦੇ ਹੀ ਰਹਿਣਾ, ਹਰ ਵੇਲੇ ਖਾਂਦੇ ਰਹਿਣਾ ਠੀਕ ਨਹੀਂ, ਇਹ ਇਕ ਖਤਰਨਾਕ ਗੱਲ ਹੈ, ਇਸ ਤਰ੍ਹਾਂ ਕਰਨ ਨਾਲ ਖਾਣਾ ਪੂਰੀ ਤਰ੍ਹਾਂ ਨਾਲ ਹਜ਼ਮ ਨਹੀਂ ਹੋ ਸਕਦਾ ਕਿਉਂਕਿ ਮੇਹਦੇ ਨੂੰ ਕੰਮ ਕਰਨ ਦਾ ਹਜ਼ਮ ਕਰਨ ਦਾ ਸਮਾਂ ਹੀ ਨਹੀਂ ਮਿਲਦਾ, ਉਸਨੂੰ ਆਰਾਮ ਹੀ ਨਹੀਂ ਮਿਲਦਾ। ਖਾਣ ਲਈ ਤੁਹਾਨੂੰ ਆਪਣੀ ਸਮਰਥਾ ਦੇਖਣੀ ਚਾਹੀਦੀ ਹੈ, ਉਸ ਦੇ ਅਨੁਸਾਰ ਹੀ ਖਾਣਾ ਚਾਹੀਦਾ ਹੈ, ਤੁਹਾਨੂੰ ਦੇਖਣਾ ਚਾਹੀਦਾ ਹੈ ਕਿ ਤੁਸੀਂ ਕੀ ਕੰਮ ਕਰਦੇ ਹੋ, ਉਸ ਅਨੁਸਾਰ ਤੁਹਾਨੂੰ ਕੀ ਖਾਣਾ ਚਾਹੀਦਾ ਹੈ ਕਿਸ ਤਰ੍ਹਾਂ ਦਾ ਖਾਣਾ ਤੁਹਾਡੇ ਲਈ ਠੀਕ ਹੈ ਤੁਹਾਨੂੰ ਖੁਸ਼ ਰੱਖ ਸਕਦਾ ਹੈ।

ਜਿਵੇਂ ਖਾਣਾ ਪੀਣਾ ਨਿਯਮਤ ਹੋਣਾ ਚਾਹੀਦਾ ਹੈ ਉਸ ਤਰ੍ਹਾਂ ਹੀ ਕਾਮ ਵੀ ਨਿਯਮਤ ਹੋਣਾ ਚਾਹੀਦਾ ਹੈ, ਕਾਮ ਚੌਥੀ ਪ੍ਰਾਰੰਭਿਕ ਲੋੜ ਹੈ। ਇਸ ਨੂੰ ਨਿਯਤ ਕਰਨਾ ਬਹੁਤ ਜ਼ਰੂਰੀ ਹੈ ਇਸ ਦੀ ਵਰਤੋਂ ਨਾ ਤਾਂ ਬਹੁਤ ਵੱਧ ਹੋਣੀ ਚਾਹੀਦੀ ਹੈ ਨਾ ਹੀ ਇਸਨੂੰ ਦਬਾ ਕੇ ਰੱਖਣਾ ਚਾਹੀਦਾ ਹੈ, ਦੋਨੋਂ ਤਰ੍ਹਾਂ ਨਾਲ ਭਾਵ ਜੇ ਇਹ ਵੱਧ ਹੋਵੇ ਤਾਂ ਵੀ ਜੇ ਇਸਨੂੰ ਦਬਾਇਆ ਜਾਵੇ ਤਾਂ ਵੀ ਇਹ ਹਾਨੀਕਾਰਕ ਹੈ ਇਸ ਨਾਲ ਬਹੁਤ ਸਾਰੇ ਨਾੜੀ ਵਿਕਾਰ ਹੋ ਸਕਦੇ ਹਨ। ਮਾਨਸਿਕ ਰੋਗ ਹੋ ਸਕਦੇ ਹਨ। ਇਹ ਸਭ ਤੋਂ ਘੱਟ ਸ਼ਕਤੀਸ਼ਾਲ ਲੋੜ ਹੈ, ਅਸੀਂ ਇਸ ਤੋਂ ਬਿਨਾਂ ਰਹਿ ਸਕਦੇ ਹਾਂ। ਇਹ ਠੀਕ ਹੈ ਇਹ ਸ਼ਕਤੀਸ਼ਾਲ ਹੈ ਪਰ ਦੂਸਰਿਆਂ ਦੇ ਮੁਕਾਬਲੇ ਤੇ ਨਹੀਂ, ਨਾ ਹੀ ਇਹ ਸਭ ਤੋਂ ਵੱਧ ਸ਼ਕਤੀਸ਼ਾਲ ਹੈ। ਜਦੋਂ ਜਾਂਚੋ ਤਾਂ ਇਹ ਸਭ ਤੋਂ ਵੱਧ ਸ਼ਕਤੀਸ਼ਾਲ ਲਗਦੀ ਹੈ ਕਿਉਂਕਿ ਇਸ ਦਾ ਸਥਾਨ ਵਧੇਰੇ ਕਰਕੇ ਮਨ ਦੇ ਅੰਦਰ ਹੈ, ਜਦੋਂ ਕਿ ਦੂਸਰੀਆਂ ਤਿੰਨਾਂ ਦਾ ਨਹੀਂ ਇਸ ਦਾ ਸਬੰਧ ਇਸ ਨਾਲ ਵੀ ਜੁੜਿਆ ਹੋਇਆ ਹੈ ਜੇ ਸਾਡਾ ਦੂਸਰਿਆਂ ਨਾਲ ਕੀ ਰਿਸ਼ਤਾ ਹੈ। ਕਾਮ ਦੇ ਕੰਟਰੋਲ ਲਈ ਭਾਵਨਾ ਦੇ ਕੰਟਰੋਲ ਦੀ ਲੋੜ ਹੈ ਸੰਵੇਗਾਂ ਦੇ ਕੰਟਰੋਲ ਦੀ ਲੋੜ ਹੈ, ਜੇ ਤੁਸੀਂ ਇਸ ਨੂੰ ਕੰਟਰੋਲ ਕਰਕੇ ਚੱਲੋਗੇ ਤੁਹਾਡਾ ਮਨ ਠੀਕ ਰਹੇਗਾ। ਹਰ ਵੇਲੇ ਕਾਮ ਵਿਚ ਹੀ ਨਹੀਂ ਫਸਿਆ ਰਹੇਗਾ।

ਕਾਮ ਨੂੰ ਨਿਯਮਤ ਨਾ ਰੱਖਣ ਨਾਲ ਬਹੁਤ ਅਸ਼ਾਂਤੀ ਹੋ ਸਕਦੀ ਹੈ, ਇਹ ਅਸਾਂਤੀ ਫੇਰ ਬਾਕੀ ਦੀਆਂ ਪ੍ਰਾਰੰਭਿਕ ਜ਼ਰੂਰਤਾਂ ਦੀ ਨਿਅੰਤਰਣ ਵਿਗਾੜ ਦਿੰਦੀ ਹੈ ਜਿਵੇਂ ਕਿ ਫੇਰ ਬਹੁਤ ਖਾਣਾ। ਤੁਹਾਨੂੰ ਆਪਣੀਆਂ ਇਛਾਵਾਂ ਦਾ ਵਿਸ਼ਲੇਸ਼ਨ ਕਰ ਲੈਣਾ ਚਾਹੀਦਾ ਹੈ, ਉਸ ਦੇ ਅਨੁਸਾਰ ਹੀ ਫੇਰ ਆਪਣੀ ਸਮਰੱਥਾ ਅਨੁਸਾਰ ਜੀਵਨ ਦੇ ਅਨੁਸਾਰ ਹੀ ਉਨ੍ਹਾਂ ਨੂੰ ਨਿਯਮਤ ਕਰਨਾ ਚਾਹੀਦਾ ਹੈ।

ਜੇਕਰ ਇਹ ਚਾਰ ਪ੍ਰਾਰੰਭਿਕ ਪੁਰਾਤਨ ਸਰੋਤ ਕਾਬੂ ਕਰ ਲਏ ਜਾਣ ਤਾਂ ਤੁਹਾਡੀ ਸਿਹਤ ਠੀਕ ਰਹਿ ਸਕਦੀ ਹੈ, ਤੁਹਾਡੀ ਆਯੂ ਲੰਮੀ ਹੋ ਸਕਦੀ ਹੈ, ਅੰਤ ਵਿਚ ਤੁਸੀਂ ਆਪਣੀ ਸੋਚ ਤੇ ਸੰਵੇਗ ਪੂਰੀ ਤਰ੍ਹਾਂ ਨਾਲ ਨਿਯਮਤ ਕਰ ਸਕਦੇ ਹੋ। ਜੇ ਇਨ੍ਹਾਂ ਨੂੰ ਨਿਯਮਤ ਨਹੀਂ ਕਰੋਗੇ ਇਹ ਸਰੋਤ ਤੁਹਾਡੇ ਲਈ ਸਮੱਸਿਆ ਬਣ ਜਾਣਗੇ, ਹਰ ਤਰ੍ਹਾਂ ਦੀਆਂ ਬਿਮਾਰੀਆਂ ਤੁਹਾਨੂੰ ਲਗ ਜਾਣਗੀਆਂ।

ਸੌਣ ਤੋਂ ਪਹਿਲਾਂ ਤੁਹਾਨੂੰ ਪੂਰੀ ਤਰ੍ਹਾਂ ਨਾਲ ਸ਼ਾਂਤ ਹੋਣਾ ਚਾਹੀਦਾ ਹੈ, ਰੋਟੀ ਖਾਂਦੇ ਸਮੇਂ ਖੁਸ਼ ਹੋਣਾ ਚਾਹੀਦਾ ਹੈ। ਜੋ ਵੀ ਕਰੋ ਸ਼ਾਂਤ ਹੋ ਕੇ ਪੂਰਾ-ਪੂਰਾ ਧਿਆਨ ਦੇ ਕੇ ਕਰੋ ਨਹੀਂ

ਤਾਂ ਸਮੱਸਿਆ ਖੜ੍ਹੀ ਹੋ ਸਕਦੀ ਹੈ, ਜੇ ਤੁਸੀਂ ਜੀਵਨ ਵਿਚ ਸੁਖੀ ਰਹਿਣਾ ਚਾਹੁੰਦੇ ਹੋ ਤਾਂ ਇਨ੍ਹਾਂ ਮੂਲ ਲੋੜਾਂ ਨੂੰ ਨਿਯਮ ਰੱਖੋ, ਜੇ ਤੁਹਾਡੀ ਕੋਈ ਸੰਵੇਗਕ ਸਮੱਸਿਆ ਹੈ ਤਾਂ ਤੁਸੀਂ ਕਿਤੇ ਨਾ ਕਿਤੇ ਕੋਈ ਗਲਤੀ ਕਰ ਰਹੇ ਹੋ, ਇਨ੍ਹਾਂ ਨੂੰ ਕੰਟਰੋਲ ਕਰਨ ਵਿਚ ਗਲਤੀ ਕਰ ਰਹੇ ਹੋ, ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹੋ ਹੀ ਹਨ। ਸਮੱਸਿਆ ਦੀ ਜੜ੍ਹ, ਕਾਰਣ ਲੱਭਣਾ ਕੋਈ ਔਖਾ ਨਹੀਂ, ਜੇ ਤੁਸੀਂ ਇਨ੍ਹਾਂ ਚਾਰਾਂ ਨੂੰ ਚੰਗੀ ਤਰ੍ਹਾਂ ਨਾਲ ਦੇਖੋਗੇ, ਘੋਖੋਗੇ। ਜਿਨ੍ਹਾਂ ਨੇ ਵੀ ਇਨ੍ਹਾਂ ਚਾਰ ਮੂਲ ਲੋੜਾਂ ਨੂੰ ਨਿਯਮਬੱਧ ਕਰ ਲਿਆ ਹੈ, ਜਿਹੜੇ ਸੰਵੇਗਕ ਪੱਖੋਂ ਪੂਰੀ ਤਰ੍ਹਾਂ ਨਾਲ ਪਰਪੱਕ ਹਨ, ਉਹ ਸੰਸਾਰ ਵਿਚ ਪੂਰੀ ਤਰ੍ਹਾਂ ਨਾਲ ਸਫਲ ਹਨ, ਉਹ ਹੀ ਪੂਰੀ ਤਰ੍ਹਾਂ ਨਾਲ ਪ੍ਰਬੋਧ ਹਨ, ਗਿਆਨ ਪ੍ਰਕਾਸ਼ਤ ਹਨ, ਉਹ ਹੀ ਜੀਵਨ ਮਨੋਰਥ ਪ੍ਰਾਪਤ ਕਰ ਸਕਦੇ ਹਨ, ਜੀਵਨ ਮਨੋਰਥ ਹੈ ਸਵੈ ਪੂਰਨਤਾ।

ਤੁਹਾਨੂੰ ਆਪਣੀ ਸਮਰਥਾ ਜਾਂਚਣੀ ਚਾਹੀਦੀ ਹੈ, ਤੁਹਾਨੂੰ ਇਕ ਸਿਧਾਂਤ ਤੋਂ ਪੂਰੀ ਤਰ੍ਹਾਂ ਨਾਲ ਜਾਣੂ ਹੋਣਾ ਚਾਹੀਦਾ ਹੈ ਉਹ ਹੈ ਕਿਸੇ ਵੀ ਚੀਜ਼ ਦੀ ਅਤਿ ਤਕ ਪਹੁੰਚਣਾ ਚਰਮਸੀਮਾ ਤਕ ਪਹੁੰਚਣ। ਜਿਹੜੇ ਅੰਤਹਾ ਪਸੰਦ ਹੁੰਦੇ ਹਨ, ਚਰਮਸੀਮਾ ਤਕ ਪਹੁੰਚਣ ਵਾਲੇ ਹੁੰਦੇ ਹਨ ਉਹ ਆਪਣੀ ਕਿਸੇ ਵੀ ਭੁੱਖ ਤੇ ਕੰਟਰੋਲ ਨਹੀਂ ਰੱਖ ਸਕਦੇ ਚਾਹੇ ਉਹ ਕਿਸੇ ਵੀ ਚੀਜ਼ ਦੀ ਕਿਉਂ ਨਾ ਹੋਵੇ, ਜੇ ਤੁਸੀਂ ਆਪਣੀ ਇਹ ਚਾਰ ਮੂਲ ਲੋੜਾਂ ਨੂੰ ਨਿਯਮਤ ਕਰ ਲਵੋ ਤੁਸੀਂ ਅਰੋਗ ਜੀਵਨ ਜੀ ਸਕਦੇ ਹੋ। ਨਿਯਮਤ ਕਰਨ ਨਾਲ ਪੂਰਾ ਸਿਸਟਮ ਇਕ ਸੁਰ, ਇਕ ਸਾਰ ਹੋ ਕੇ ਇਕ ਨਿਯਮ ਵਿਚ ਬੱਝ ਜਾਂਦਾ ਹੈ। ਨਿਯਮਤ ਹੋਣ ਤੋਂ ਭਾਵ ਤਿਆਗ ਨਹੀਂ, ਨਿਯਮਤ ਹੋਣ ਤੋਂ ਭਾਵ ਹੈ ਆਪਣੀ ਸਮਰਥਾ ਨੂੰ ਜਾਣ ਕੇ ਉਸ ਦੇ ਅਨੁਸਾਰ ਚੱਲਣਾ, ਬਹੁਤਾ ਸੌਣਾ, ਥੋੜਾ ਸੌਣਾ, ਬਹੁਤਾ ਕਾਮ ਜਾਂ ਕਾਮ ਨੂੰ ਦਬਾਉਣਾ, ਬਹੁਤਾ ਖਾਣਾ, ਜਾਂ ਭੁੱਖੇ ਰਹਿਣਾ, ਵਰਤ ਰੱਖਣੇ, ਇਹ ਸਭ ਕੁਝ ਹਾਨੀਕਾਰਕ ਹੈ, ਤੁਹਾਡੀ ਸਿਹਤ ਲਈ ਸਰੀਰ ਲਈ ਆਤਮ ਮਾਰਗ ਲਈ, ਇਸ ਤਰ੍ਹਾਂ ਕਰਨ ਨਾਲ ਮਨ ਕਮਜ਼ੋਰ ਹੁੰਦਾ ਹੈ, ਤੁਸੀਂ ਪਾਪੀ ਮਹਿਸੂਸ ਕਰਦੇ ਹੋ, ਤੁਹਾਡਾ ਮਨੋਬਲ ਜਾਂਦਾ ਰਹਿੰਦਾ ਹੈ।

ਜਦੋਂ ਤੁਸੀਂ ਭਾਵਨਾਵਾਂ ਨੂੰ ਦੇਖਦੇ ਹੋ, ਸੰਵੇਗਾਂ ਨੂੰ ਦੇਖਦੇ ਹੋ ਤੁਸੀਂ ਦੇਖੋਗੇ ਚਾਰ ਮੁਢ ਦੇ ਸਰੋਤਾਂ ਵਿਚੋਂ, ਚਾਰ ਮੁੱਢ ਦੀਆਂ ਲੋੜਾਂ ਵਿਚੋਂ ਸੱਤ ਨਖੇਦੀਆਂ ਭਾਵਨਾਵਾਂ ਨਿਕਲਦੀਆਂ ਹਨ, ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਹੈ ਕਾਮ ਦੀ ਇੱਛਾ, ਅਸੀਂ ਉਪਰ ਇਸ ਦੇ ਬਾਰੇ ਦੱਸ ਆਏ ਹਾਂ, ਇਹ ਇਕ ਤਰ੍ਹਾਂ ਦੀਆਂ ਭਾਵਨਾਵਾਂ ਦਾ ਸੰਵੇਗਾਂ ਦਾ ਮੁੱਢ ਹੈ ਉਨ੍ਹਾਂ ਦਾ ਸਰੋਤ ਹੈ।

ਦੂਸਰੀ ਪ੍ਰਕਾਰ ਵਿਚ ਗੁੱਸਾ ਆਉਂਦਾ ਹੈ, ਗੁੱਸਾ ਵਾਸਤਵ ਵਿਚ ਨਿਰਾਸਤਾ ਹੈ, ਕਿਸੇ ਗੱਲ ਤੋਂ ਜਦੋਂ ਬੰਦਾ ਡੋਲ ਜਾਂਦਾ ਹੈ ਉਹ ਹੈ ਜਦੋਂ ਤੁਹਾਡੀ ਕੋਈ ਇੱਛਾ ਪੂਰਣ ਨਹੀਂ ਹੁੰਦੀ। ਜਦੋਂ ਤੁਸੀਂ ਗੁੱਸੇ ਵਿਚ ਹੋਵੋ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਜੋ ਅੱਜ ਦੇ ਚਿਕਿਤਸਕ ਦਸਦੇ ਹਨ ਉਹ ਗੁੱਸਾ ਫਰਕ ਹੈ, ਉਹ ਤਾਂ ਕਹਿੰਦੇ ਹਨ, ਆਓ ਆਪਣੇ ਗੁੱਸੇ ਨੂੰ ਕੱਢੋ, ਆਪਣੇ ਅੰਦਰ ਨਾ ਰੱਖੋ, ਇਹ ਗੱਲ ਠੀਕ ਹੈ ਜੇ ਤੁਸੀਂ ਆਪਣੇ ਗੁੱਸੇ ਨੂੰ ਬਾਹਰ ਨਹੀਂ ਕੱਢਦੇ ਤਾਂ ਉਹ ਕਿਸੇ ਦੂਸਰੇ ਪਾਸੇ ਤਬਾਹੀ ਕਰੇਗਾ, ਸੋ ਤੁਹਾਡੀ ਸਿਹਤ ਲਈ ਠੀਕ ਹੈ ਕਿ ਤੁਸੀਂ ਗੁੱਸੇ ਨੂੰ ਨਿਕਲਣ ਦਿਓ। ਪਰ ਯਾਦ ਰੱਖੋ ਜਦੋਂ ਤੁਸੀਂ ਗੁੱਸੇ ਵਿਚ ਹੁੰਦੇ ਹੋ ਤੁਹਾਡਾ ਨਾੜੀ ਤੰਤੂ ਗਤੀਸ਼ੀਲ ਹੋ ਜਾਂਦਾ ਹੈ, ਗੁੱਸੇ ਦੇ ਉਸ ਹਾਲ ਵਿਚ ਤੁਸੀਂ ਇਕ ਜਾਨਵਰ ਬਣ ਜਾਂਦੇ ਹੋ। ਜੇ ਤੁਸੀਂ ਹਰ ਸਮੇਂ ਗੁੱਸੇ ਵਿਚ ਹੁੰਦੇ ਹੋ, ਫੇਰ ਤੁਸੀਂ ਹਰ ਵੇਲੇ ਗੁੱਸਾ ਕਰਨਾ ਚਾਹੋਗੇ, ਗੁੱਸਾ ਬਾਹਰ ਕੱਢਣਾ ਚਾਹੋਗੇ, ਇਸ ਦਾ ਕੋਈ ਫੇਰ ਅੰਤ ਨਹੀਂ ਹੋਵੇਗਾ, ਤੁਹਾਡੀ ਮਾੜੀ ਆਦਤ ਬਣ ਜਾਏਗੀ, ਗੁੱਸਾ ਇਕ ਬਹੁਤ ਹੀ ਭਿਆਨਕ ਇਕ ਤਰ੍ਹਾਂ ਨਾਲ ਅੰਨਾ ਸੰਵੇਗ ਹੈ, ਗੁੱਸੇ ਵਿਚ ਕੋਈ ਵੀ ਆਤਮ ਹੱਤਿਆ ਵੀ ਕਰ ਸਕਦਾ ਹੈ, ਦੂਸਰੇ ਨੂੰ ਵੀ ਮਾਰ ਸਕਦਾ ਹੈ, ਜੇ ਤੁਸੀਂ ਹਰ ਵੇਲੇ ਗੁੱਸਾ ਕੱਢਦੇ ਰਹੋਗੇ, ਮਾਰ ਕੁਟਾਈ ਕਰਦੇ ਰਹੋਗੇ ਛੇਤੀ ਹੀ ਜੇਲ੍ਹ ਪਹੁੰਚ ਜਾਓਗੇ। ਸਾਰੀਆਂ ਨਕਾਰਾਤਮਕ ਭਾਵਨਾਵਾਂ ਸੰਵੇਗ ਅੰਨ੍ਹੀਆਂ ਹੁੰਦੀਆਂ ਹਨ, ਇਨ੍ਹਾਂ ਵਿਚੋਂ ਸਭ ਤੋਂ ਵੱਧ ਵਿਨਾਸ਼ਕਾਰੀ ਹੁੰਦਾ ਹੈ ਗੁੱਸਾ।

ਏਸੇ ਕਰਕੇ ਇਹ ਬਹੁਤ ਜ਼ਰੂਰੀ ਹੈ, ਵਾਸਤਵ ਵਿਚ ਇਹ ਜਾਣ ਲੈਣਾ ਬਹੁਤ ਅਵਸ਼ਕ ਹੈ ਕਿ ਗੁੱਸੇ ਨੂੰ ਕਿਸ ਤਰ੍ਹਾਂ ਸਾਧਿਆ ਜਾਵੇ, ਆਪਣੇ ਆਪ ਨੂੰ ਇਹ ਕਿਸ ਤਰ੍ਹਾਂ ਸਿਖਾਇਆ ਜਾਵੇ ਕਿ ਗੁੱਸਾ ਨਹੀਂ ਕਰਨਾ ਇਹ ਜ਼ਰੂਰ ਹੋ ਸਕਦਾ ਹੈ ਇਹ ਕੀਤਾ ਜਾ ਸਕਦਾ ਹੈ, ਇਹ ਉਸ ਸਮੇਂ ਕੀਤਾ ਜਾ ਸਕਦਾ ਹੈ ਜਦੋਂ ਤੁਸੀਂ ਇਛਾਵਾਂ ਨੂੰ ਕਾਬੂ ਕਰ ਲੈਂਦੇ ਹੋ। ਤੁਹਾਨੂੰ ਇਹ ਦੇਖ ਲੈਣਾ ਚਾਹੀਦਾ ਹੈ ਤੁਹਾਡੇ ਵਿਕਾਸ ਲਈ ਕਿਹੜੀਆਂ ਇਛਾਵਾਂ ਸਹਾਇਕ ਹਨ, ਕਿਹੜੀਆਂ ਇਹੋ ਜਿਹੀਆਂ ਇਛਾਵਾਂ ਹਨ ਜਿਹੜੀਆਂ ਤੁਹਾਡੇ ਵਿਕਾਸ ਲਈ ਬਾਧਾ ਬਣਦੀਆਂ ਹਨ। ਆਪਣੀ ਬੁੱਧੀ ਨੂੰ ਸਾਧਣਾ ਇਸ ਲਈ ਬਹੁਤ ਲਾਭਕਾਰੀ ਹੋਵੇਗਾ। ਜਦੋਂ ਤੁਸੀਂ ਗੁੱਸੇ ਹੋਵੋ, ਤੁਸੀਂ ਨਿਰਾਸਤਾ ਦੇ ਸਰੋਤ ਤੇ ਪਹੁੰਚੋ, ਗੁੱਸੇ ਦੀ ਜੜ੍ਹ ਤੇ ਪਹੁੰਚੋ, ਬੈਠੋ, ਬੈਠ ਕੇ ਵਿਸ਼ਲੇਸ਼ਨ ਕਰੋ ਤੁਸੀਂ ਕਿਉਂ ਗੁੱਸੇ ਹੋਏ, ਦੇਖੋ ਕਿਹੜੀ ਇੱਛਾ ਹੈ ਜਿਹੜੀ ਪੂਰਨ ਨਹੀਂ ਹੋਈ।

ਤੀਸਰੀ ਨਕਾਰਾਤਮਕ ਸੰਵੇਗ ਪ੍ਰਣਾਲੀ ਹੈ ਅਹੰਕਾਰ, ਜਿਹੜਾ ਤੁਹਾਡੇ ਵਿਕਾਸ ਲਈ ਅਤਿ ਹਾਨੀਕਾਰਕ ਹੈ। ਅਹੰਕਾਰ ਉਸ ਸਮੇਂ ਹੁੰਦਾ ਹੈ ਜਦੋਂ ਤੁਹਾਡੀਆਂ ਇਛਾਵਾਂ ਦੀ ਪੂਰਤੀ ਹੋ ਜਾਂਦੀ ਹੈ, ਤੁਸੀਂ ਮਹਿਸੂਸ ਕਰਦੇ ਹੋ, ਦੇਖਿਆ ਮੈਂ

ਕਿੰਨਾ ਵੱਡਾ ਹਾਂ, ਮੇਰੀ ਇੱਛਾ ਪੂਰਤੀ ਹੋ ਗਈ ਹੈ ਹੋਰ ਕਿਸੇ ਦੀ ਨਹੀਂ ਹੋਈ। ਅਹੰਕਾਰ ਉਦੋਂ ਹੀ ਹੁੰਦਾ ਹੈ, ਜਦੋਂ ਤੁਹਾਡੇ ਕੋਲ ਕੁਝ ਹੋਵੇ, ਦੂਸਰਿਆਂ ਕੋਲ ਨਾ ਹੋਵੇ, ਤੁਸੀਂ ਹਰ ਸਮੇਂ ਲਈ ਚੇਤਨ ਹੋਵੋ ਕਿ ਤੁਹਾਡੇ ਕੋਲ ਇਹ ਹੈ।

ਚੌਥਾ ਨਕਾਰਾਤਮਕ ਸੰਵੇਗ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਕੋਈ ਦੂਸਰਾ ਤੁਹਾਡੀ ਇੱਛਾ ਅਨੁਸਾਰ ਪ੍ਰਾਪਤੀ ਕਰ ਲੈਂਦਾ ਹੈ ਜੋ ਤੁਸੀਂ ਚਾਹੁੰਦੇ ਹੋ, ਉਹ ਉਸ ਨੂੰ ਮਿਲ ਜਾਂਦਾ ਹੈ। ਜਾਂ ਤੁਹਾਡੇ ਤੋਂ ਵੀ ਚੰਗਾ ਉਸ ਨੂੰ ਮਿਲ ਜਾਂਦਾ ਹੈ, ਚੰਗੀ ਪ੍ਰਾਪਤੀ ਹੋ ਜਾਂਦੀ ਹੈ, ਤੁਸੀਂ ਆਪਣੇ ਆਪ ਨੂੰ ਨਿਕੰਮਾ, ਨਖਿੱਧ ਮਹਿਸੂਸ ਕਰਨ ਲਗ ਪੈਂਦੇ ਹੋ, ਤੁਹਾਨੂੰ ਲਗਣ ਲਗ ਪੈਂਦਾ ਹੈ ਕਿ ਦੂਸਰਿਆਂ ਨੂੰ ਪ੍ਰਾਪਤੀਆਂ ਹੋ ਰਹੀਆਂ ਹਨ, ਤੁਸੀਂ ਨਹੀਂ ਕਰ ਸਕੇ। ਜਦੋਂ ਤੁਸੀਂ ਈਰਖਾ ਕਰਦੇ ਹੋ ਤੁਸੀਂ ਆਪਣੇ ਆਪ ਨੂੰ ਨਿਖੇਦਣ ਲਗ ਪੈਂਦੇ ਹੋ, ਆਪਣੇ ਆਪ ਨੂੰ ਅਸਮਰੱਥ ਸਮਝਣ ਲਗ ਪੈਂਦੇ ਹੋ, ਜਿਸ ਤੋਂ ਭਾਵ ਹੈ ਤੁਸੀਂ ਹਾਰ ਮੰਨ ਲਈ ਹੈ ਤੁਸੀਂ ਮੈਦਾਨ ਛੱਡ ਕੇ ਬੈਠ ਗਏ ਹੋ।

ਪੰਜਵਾਂ ਸੰਵੇਗ ਉਸ ਸਮੇਂ ਜਨਮ ਲੈਂਦਾ ਹੈ ਜਦੋਂ ਤੁਹਾਡੇ ਕੋਲ ਕੁਛ ਹੋਵੇ ਤੇ ਤੁਸੀਂ ਉਸ ਨਾਲ ਜੁੜ ਜਾਓ, ਤੁਸੀਂ ਉਸਨੂੰ ਆਪਣਾ ਕਹਿਣ ਲਗ ਪਵੋ, ਤੁਸੀਂ ਉਸ ਨੂੰ ਪਛਾਣੋ ਹੀ ਨਾ, ਤੁਸੀਂ ਇਹ ਸਮਝੋ ਹੀ ਨਾ ਕਿ ਇਹ ਨਾਸ਼ਵਤ ਹੈ, ਇਹ ਇਕ ਦਿਨ ਨਹੀਂ ਰਹਿਣੀ, ਤੁਸੀਂ ਤਾਂ ਪੂਰਾ ਜੀਵਨ ਹੀ ਉਸ ਨਾਲ ਜੋੜ ਬੈਠਦੇ ਹੋ ਸੋਚਦੇ ਹੀ ਨਹੀਂ। ਮਿਸਾਲ ਵਜੋਂ ਪਤੀ ਪਤਨੀ ਹਨ ਜਦੋਂ ਤੱਕ ਪਤਨੀ ਪਤੀ ਦੀਆਂ ਜ਼ਰੂਰਤਾਂ ਇਛਾਵਾਂ ਪੂਰੀਆਂ ਕਰਦੀ ਰਹੇ, ਉਹ ਖੁਸ਼ ਹੈ। ਜਦੋਂ ਉਹ ਢਲ ਜਾਏ ਉਸ ਦੀ ਜਵਾਨੀ ਨਾ ਰਹੇ, ਉਹ ਪਰੇਸ਼ਾਨ ਹੋ ਜਾਂਦਾ ਹੈ। ਇਸਨੂੰ ਮੋਹ ਕਹਿੰਦੇ ਹਨ, ਅੱਜ ਦੇ ਸਮੇਂ ਲੋਕਾਂ ਨੂੰ ਮੋਹ ਤੇ ਪਿਆਰ ਦਾ ਅੰਤਰ ਹੀ ਨਹੀਂ ਪਤਾ। ਮੋਹ ਸੁਆਰਥੀ ਹੁੰਦਾ ਹੈ, ਪਿਆਰ ਨਿਰਸੁਆਰਥੀ ਹੁੰਦਾ ਹੈ। ਮੋਹ ਇਕ ਬੰਧਨ ਹੈ, ਪਿਆਰ ਸੁਤੰਤਰ ਹੈ, ਮੋਹ ਤੁਹਾਡੀ ਚੇਤਨਾ ਨੂੰ ਸਮੇਟ ਦਿੰਦਾ ਹੈ, ਪਿਆਰ ਚੇਤਨਾ ਨੂੰ ਵਿਸ਼ਾਲਤਾ ਦਿੰਦਾ ਹੈ। ਮੋਹ ਸੰਤਾਪ ਦਿੰਦਾ ਹੈ, ਪਿਆਰ ਮੁਕਤੀ ਦਾ ਸਾਧਨ ਬਣਦਾ ਹੈ।

ਜਦੋਂ ਦੋ ਜਾਨਾਂ ਮਿਲਦੀਆਂ ਹਨ, ਉਨ੍ਹਾਂ ਨੂੰ ਸੁਤੰਤਰ ਹੋ ਕੇ ਅਨੰਦ ਵਿਚ ਆ ਕੇ ਮਿਲਣਾ ਚਾਹੀਦਾ ਹੈ, ਉਨ੍ਹਾਂ ਨੂੰ ਬੰਧਨ ਵਿਚ ਨਹੀਂ ਮਿਲਣਾ ਚਾਹੀਦਾ, ਨਾ ਹੀ ਮੋਹ ਵਿਚ ਬੱਝਣਾ ਚਾਹੀਦਾ ਹੈ, ਜੇ ਮੋਹ ਹੋਵੇ ਬੰਧਨ ਹੋਵੇ ਫੇਰ ਦੇਣ ਦਾ ਰਿਸਤਾ ਨਹੀਂ ਬਣਦਾ। ਸਭ ਤੋਂ ਵੱਧ ਪ੍ਰਸੰਨਤਾ ਤੇ ਸੁਖ ਦੇਣ ਵਿਚ ਹੈ। ਸਭ ਤੋਂ ਵੱਧ ਖਲਬਲੀ ਉਦੋਂ ਪੈਂਦੀ ਹੈ ਜਦੋਂ ਦੋ ਜਾਨਾਂ ਇਹ ਦਾਅਵਾ ਕਰਦੀਆਂ ਹਨ ਵਾਸਤਵ ਵਿਚ ਉਹ ਮੋਹ ਵਿਚ ਫਸੀਆਂ ਹੋਈਆਂ ਹਨ। ਜਿਹੜਾ ਰਿਸ਼ਤਾ ਆਸਾਂ ਉਮੀਦਾਂ ਨਾਲ ਬੱਝਿਆ ਹੋਵੇ ਉਹ ਤਾਂ ਤੁਹਾਨੂੰ ਸੰਤਾਪ ਹੀ ਦੇ ਸਕਦਾ ਹੈ। ਜਦੋਂ ਤੁਸੀਂ ਕਿਸੇ ਨੂੰ ਸੱਚਾ ਪਿਆਰ ਕਰਦੇ ਹੋ ਫੇਰ ਤੁਸੀਂ ਉਹਦੇ ਲਈ ਨਿਰਸੁਆਰਥ ਹੋ ਕੇ ਸਭ ਕੁਝ ਕਰੋਗੇ, ਮਨੋਂ ਕਰੋਗੇ ਕਿਉਂਕਿ ਸੱਚਾ ਪਿਆਰ ਤਾਂ ਦੇਣ ਵਿਚ ਹੈ ਆਪਾ ਸਮਰਪਣ ਕਰਨ ਵਿਚ ਹੈ, ਬਦਲੇ ਵਿਚ ਕੁਛ ਲੈਣ ਦੀ ਭਾਵਨਾ ਸੱਚੇ ਪਿਆਰ ਨੂੰ ਨਹੀਂ ਹੁੰਦੀ, ਇਹ ਹੀ ਸੁਤੰਤਰਤਾ ਹੈ।

ਛੇਵਾਂ ਮਨੋਭਾਵ, ਸੰਵੇਗ ਦੀ ਜੜ੍ਹ ਹੈ ਮੋਹ। ਇਹ ਤੁਹਾਨੂੰ ਹੋਰ-ਹੋਰ ਲੈਣ ਤੇ ਅੱਗੇ-ਅੱਗੇ ਕਰਦੀ ਹੈ, ਤੁਹਾਨੂੰ ਪ੍ਰੇਰਦੀ ਹੈ ਹੋਰ ਇਕੱਠਾ ਕਰ, ਹੋਰ ਲੈ। ਇਕ ਤਰ੍ਹਾਂ ਨਾਲ ਸੰਸਕ੍ਰਿਤੀ ਨੂੰ ਗਲਤ ਸਮਝ ਕੇ ਚਲਣਾ ਹੈ, ਗਲਤ ਇਛਾਵਾਂ ਨੂੰ ਅੱਗੇ ਰੱਖ ਕੇ ਆਪਣੇ ਆਪ ਨੂੰ ਦੂਸਰਿਆਂ ਨਾਲ ਮੁਕਾਬਲੇ ਤੇ ਖੜ੍ਹਾ ਕਰਨਾ, ਆਪਣੇ ਆਪ ਨੂੰ ਅਸੁਰਖਿਅਤ ਮਹਿਸੂਸ ਕਰਨਾ। ਇਸ ਤਰ੍ਹਾਂ ਨਾਲ ਤੁਸੀਂ ਸੁਆਰਥੀ ਬਣਦੇ ਹੋ, ਆਪਣੇ ਆਪ ਵਿਚ ਉਲਝ ਜਾਂਦੇ ਹੋ, ਦਿਲ ਦਿਮਾਗ ਦੋਨੋਂ ਹੀ ਛੋਟੇ ਹੋ ਜਾਂਦੇ ਹਨ, ਇਸ ਨੂੰ ਲੋਭ ਕਹਿੰਦੇ ਹਨ। ਲੋਭੀ ਮਨੁੱਖ ਕਿਸੇ ਨਾਲ ਵੀ ਕੁਝ ਵੰਡਣਾ ਨਹੀਂ ਚਾਹੁੰਦਾ, ਕੁਝ ਵੀ ਸਾਂਝਾ ਨਹੀਂ ਕਰਨਾ ਚਾਹੁੰਦਾ, ਖਾਸ ਕਰਕੇ ਜਿਨ੍ਹਾਂ ਚੀਜ਼ਾਂ ਨਾਲ ਜਾਂ ਜਿਸ ਵੀ ਕਿਸੇ ਨਾਲ ਉਸ ਦਾ ਮੋਹ ਹੈ, ਲੋਭੀ ਤਾਂ ਆਪਣੇ ਮੋਹ ਦੀ ਚੀਜ਼ ਨੂੰ ਆਪਣੇ ਕਬਜ਼ੇ ਵਿਚ ਰੱਖਣੀ ਚਾਹੁੰਦਾ ਹੈ।

ਸੱਤਵਾਂ ਸੰਵੇਗ ਬਹੁਤ ਹੀ ਸ਼ਕਤੀਸ਼ਾਲ ਹੈ ਇਹ ਹੈ ਅਹੰਕਾਰ, ਅਹੰਕਾਰ ਉਹ ਭਾਵਨਾ ਹੈ ਜਿਹੜੀ ਤੁਹਾਨੂੰ ਦੂਸਰਿਆਂ ਨਾਲੋਂ ਵੱਖ ਕਰਦੀ ਹੈ, ਤੁਸੀਂ ਆਪਣੇ ਆਪ ਨੂੰ ਦੂਸਰਿਆਂ ਨਾਲ ਤੁਲਨਾ ਕਰਦੇ ਹੋ। ਬਹੁਤ ਵਾਰੀ ਇਸਦੀ ਝੂਠੀ ਆਕੜ ਹੀ ਹੁੰਦੀ ਹੈ, ਝੂਠਾ ਅਭਿਮਾਨ ਹੀ ਇਸ ਦੀ ਜੜ੍ਹ ਹੁੰਦੀ ਹੈ, ਤੁਹਾਨੂੰ ਡਰ ਹੁੰਦਾ ਹੈ ਕਿ ਤੁਹਾਡੇ ਤੋਂ ਚੰਗਾ ਵੀ ਕੋਈ ਹੋ ਸਕਦਾ ਹੈ। ਜਿਨ੍ਹਾਂ ਲੋਕਾਂ ਕੋਲ ਵਾਸਤਵ ਵਿਚ ਕੁਝ ਨਹੀਂ ਹੁੰਦਾ, ਉਹੀ ਬਹੁਤ ਵਾਰੀ ਅਹੰਕਾਰ ਕਰਕੇ ਆਪਣੀ ਭਾਵਨਾ ਨੂੰ ਪੂਰਨਾ ਚਾਹੁੰਦੇ ਹਨ।

ਜਦੋਂ ਤੁਸੀਂ ਏਨਾ ਸੱਤ ਨਖੇਦੀ ਦੀਆਂ ਭਾਵਨਾਵਾਂ ਦਾ ਵਿਸ਼ਲੇਸ਼ਨ ਕਰ ਲੈਂਦੇ ਹੋ - ਇੱਛਾ, ਗੁੱਸਾ, ਅਭਿਮਾਨ, ਮੋਹ, ਈਰਖਾ ਅਤੇ ਅਹੰਕਾਰ ਤਾਂ ਫੇਰ ਤੁਸੀਂ ਆਪਣਾ ਵਿਸ਼ਲੇਸ਼ਨ ਕਰ ਸਕਦੇ ਹੋ। ਆਪਣੇ ਵਿਚਾਰਾਂ ਨੂੰ ਦੇਖ ਕੇ, ਬੋਲਣ ਨੂੰ ਦੇਖ ਕੇ ਘੋਖ ਕੇ, ਆਪਣੇ ਕੰਮ ਕਰਮਾਂ ਨੂੰ ਦੇਖ ਕੇ, ਤੁਸੀਂ ਇਹ ਦੇਖ ਸਕਦੇ ਹੋ ਕਿ ਤੁਸੀਂ ਸੰਵੇਗਕ ਪੱਖੋਂ ਕਿੰਨੇ ਕੁ ਪਰਪੱਕ ਹੋ, ਵਾਸਤਵ ਵਿਚ ਸਾਰਾ ਕੰਟਰੋਲ ਭਾਵਨਾ ਦਾ ਹੈ, ਜੇਕਰ ਭਾਵਨਾਵਾਂ ਨੂੰ ਨਾ ਵਸ ਵਿਚ ਕੀਤਾ ਜਾਵੇ ਤਾਂ ਕੁਝ ਵੀ ਵੱਸ ਵਿਚ ਨਹੀਂ ਹੈ। ਕੰਟਰੋਲ ਤੋਂ ਭਾਵ ਦਬਾਣਾ ਨਹੀਂ ਹੈ, ਪ੍ਰਗਟ ਨਹੀਂ ਹੋਣ ਦੇਣਾ, ਇਸ ਤੋਂ ਭਾਵ ਹੈ, ਨਿਅੰਤਰਣ

ਵਿਚ ਕਰਕੇ ਆਪਣੀ ਸਮਰਥਾ ਅਨੁਸਾਰ ਉਨ੍ਹਾਂ ਪ੍ਰਗਟਾਵਾਂ ਦੇ ਵਹਿਣ ਤੋਂ ਦੂਰ ਰਹਿ ਸਕਦੇ ਹੋ।

ਤੁਹਾਨੂੰ ਸੰਵੇਗਕ ਪਰਪੱਕਤਾ ਲਿਆਉਣੀ ਚਾਹੀਦੀ ਹੈ ਸਿੱਖਣੀ ਚਾਹੀਦੀ ਹੈ, ਤਾਂ ਜੋ ਤੁਹਾਨੂੰ ਭਾਵਨਾਵਾਂ ਦੀ ਵਰਤੋਂ ਆ ਸਕੇ, ਤੁਸੀਂ ਇਨ੍ਹਾਂ ਦੀ ਚੰਗੀ ਵਰਤੋਂ ਕਰ ਸਕੋ। ਤੁਹਾਡੀਆਂ ਭਾਵਨਾਵਾਂ ਸਕਾਰਾਤਮਕ ਬਣ ਸਕਣ, ਸਕਾਰਤਮਕ ਭਾਵਨਾਵਾਂ ਤੁਹਾਨੂੰ ਸਵੈ ਨਿਰਭਰ ਬਣਾਉਂਦੀਆਂ ਹਨ, ਤੁਹਾਨੂੰ ਆਤਮ ਬਲ ਦਿੰਦੀਆਂ ਹਨ, ਤੁਹਾਡੇ ਮਨ ਨੂੰ ਪ੍ਰੇਰਤ ਕਰਦੀਆਂ ਹਨ, ਤੁਹਾਡੇ ਕੰਮ ਨੂੰ ਕਰਮਾਂ ਨੂੰ ਪ੍ਰੇਰਤ ਕਰਦੀਆਂ ਹਨ, ਤੁਹਾਡੇ ਬੋਲਣ ਨੂੰ ਪ੍ਰੇਰਨਾ ਦਿੰਦੀਆਂ ਹਨ, ਉਨ੍ਹਾਂ ਨੂੰ ਰਚਨਾਤਕ ਬਣਾਉਂਦੀਆਂ ਹਨ। ਨਿਸ਼ਕਾਮ ਪਿਆਰ ਸਭ ਤੋਂ ਵੱਡੀ ਸਕਾਰਾਤਮਕ ਭਾਵਨਾ ਹੈ ਇਸ ਤੋਂ ਸ਼ਰਧਾ ਪੈਦਾ ਹੁੰਦੀ ਹੈ। ਜਦੋਂ ਤੁਸੀਂ ਦੂਸਰਿਆਂ ਨੂੰ ਪਿਆਰ ਕਰਦੇ ਹੋ, ਉਦੋਂ ਤੁਸੀਂ ਦੂਸਰੇ ਨੂੰ ਦੇਣਾ ਚਾਹੁੰਦੇ ਹੋ ਉਸ ਦੀ ਸੇਵਾ ਕਰਨਾ ਚਾਹੁੰਦੇ ਹੋ। ਜਿਸਨੂੰ ਤੁਸੀਂ ਪਿਆਰ ਕਰਦੇ ਹੋ ਉਸ ਨੂੰ ਤੁਸੀਂ ਕੁਝ ਵੀ ਦੇਣਾ ਚਾਹੁੰਦੇ ਹੋ ਭਾਵ ਸਾਰਾ ਕੁਝ ਹੀ ਦੇਣਾ ਚਾਹੁੰਦੇ ਹੋ। ਇਹੋ ਜਿਹੀ ਖੁਸ਼ੀ ਸਕਾਰਾਤਮਕ ਹੈ, ਇਹ ਤੁਹਾਨੂੰ ਰਚਨਾਤਮਕ ਬਣਾਉਂਦੀ ਹੈ, ਜੀਵਨ ਵਿਚ ਸਫਲਤਾ ਲਿਆਉਂਦੀ ਹੈ। ਇਸ ਨਾਲ ਸ਼ਾਂਤੀ ਆਉਂਦੀ ਹੈ ਸਥਿਰਤਾ ਮਿਲਦੀ ਹੈ, ਸੰਤੁਲਨ ਆਉਂਦਾ ਹੈ।

ਸਕਾਰਾਤਮਕ ਭਾਵਨਾਵਾਂ ਸਾਡੇ ਵਿਕਾਸ ਲਈ ਬਹੁਤ ਲਾਭਕਾਰੀ ਹਨ। ਸਕਾਰਾਤਮਕ ਭਾਵਨਾਵਾਂ ਦੀ ਜੜ੍ਹ ਨਿਸ਼ਕਾਮ ਸੇਵਾ ਹੈ, ਦੂਸਰਿਆਂ ਲਈ ਪਿਆਰ ਹੈ ਇਸ ਤਰ੍ਹਾਂ ਕਰਨ ਨਾਲ ਮਨੁੱਖ ਦੀ ਚੇਤਨਾ ਦਾ ਵਿਸਤਾਰ ਹੁੰਦਾ ਹੈ। ਜਦੋਂ ਮਨ ਵਿਸ਼ਲੇਸ਼ਨ ਕਰਕੇ ਥੱਕ ਜਾਂਦਾ ਹੈ। ਪ੍ਰਸ਼ਨਾਂ ਦੇ ਉਤਰ ਲੱਭਦਾ ਥਕ ਜਾਂਦਾ ਹੈ, ਸਕਾਰਾਤਮਕ ਭਾਵਨਾਵਾਂ ਮਨ ਨੂੰ ਇਕ ਮੰਜ਼ਲ ਤੱਕ ਪਹੁੰਚਾ ਦਿੰਦੀਆਂ ਹਨ। ਜਿਹੜੇ ਆਪਣੇ ਅੰਦਰ ਗਏ ਹਨ ਉਹ ਜਾਣਦੇ ਹਨ ਜੀਵਨ ਕੀ ਹੈ ਜੀਵਨ ਦੀ ਕੀ ਕੀਮਤ ਹੈ, ਜੀਵਨ ਦੇ ਕੀ ਉਤਾਰ ਚੜ੍ਹਾਅ ਹਨ, ਉਹ ਜਾਣਦੇ ਹਨ ਕਿ ਅੰਦਰ ਦਾ ਜੀਵਨ ਕਿੰਨਾ ਭਰਪੂਰ ਹੈ, ਜਿੰਨਾ ਡੂੰਘਾ ਉਹ ਅੰਦਰ ਜਾਂਦੇ ਹਨ, ਓਨਾਂ ਹੀ ਖਜ਼ਾਨਾ ਭਰਪੂਰ ਮਿਲਦਾ ਹੈ। ਜਦੋਂ ਇਹ ਚਾਰੋਂ ਮੁੱਢਲੀਆਂ ਮਨੁੱਖੀ ਲੋੜਾਂ ਨਿਯਮਤ ਹੋ ਜਾਂਦੀਆਂ ਹਨ, ਸਤੋ ਭਾਵਨਾਵਾਂ ਦੀ ਧਾਰਾ ਕੰਟਰੋਲ ਹੋ ਜਾਵੇ, ਤਾਂ ਸਕਾਰਾਤਮਕ ਭਾਵਨਾਵਾਂ ਉਤੇ ਆਉਂਦੀਆਂ ਹਨ। ਜਦੋਂ ਇਹ ਸਭ ਹੋ ਜਾਏ ਤਾਂ ਤੁਸੀਂ ਸੰਵੇਗਾਂ ਦੀ ਸ਼ਕਤੀ ਦੀ ਪੂਰੀ-ਪੂਰੀ ਵਰਤੋਂ ਕਰ ਸਕਦੇ ਹੋ, ਜਿਹੜੀ ਕਿ ਸਾਰੀਆਂ ਸ਼ਕਤੀਆਂ ਤੋਂ ਉਤਮ ਸ਼ਕਤੀ ਹੈ, ਇਸ ਨਾਲ ਗਿਆਨ ਪ੍ਰਾਪਤ ਹੋ ਸਕਦਾ ਹੈ, ਤੁਹਾਨੂੰ ਭਾਵਨਾਤਮਕ ਪਰਪੱਕਤਾ ਸਿੱਖਣੀ ਚਾਹੀਦੀ ਹੈ, ਜਿਸ ਨਾਲ ਤੁਹਾਨੂੰ ਇਹ ਪਤਾ ਲੱਗ ਜਾਵੇ ਕਿ ਤੁਸੀਂ ਆਪਣੀਆਂ ਭਾਵਨਾਵਾਂ ਨੂੰ ਸਕਾਰਾਤਮਕ ਤਰ੍ਹਾਂ ਕਿਸ ਤਰ੍ਹਾਂ ਵਰਤਣਾ ਹੈ।

ਜਦੋਂ ਤੁਸੀਂ ਆਪਣੀਆਂ ਇਛਾਵਾਂ ਨੂੰ ਕਾਬੂ ਕਰ ਲੈਂਦੇ ਹੋ, ਤੁਸੀਂ ਆਪਣੇ ਅੰਦਰ ਜਾ ਸਕਦੇ ਹੋ। ਜਦੋਂ ਤੁਸੀਂ ਆਪਣੇ ਅੰਦਰ ਜਾਂਦੇ ਹੋ, ਤੁਸੀਂ ਆਪਣੀ ਚੇਤਨਾ ਤੋਂ ਜਾਣੂ ਹੋ ਜਾਂਦੇ ਹੋ। ਜਦੋਂ ਤੁਸੀਂ ਆਪਣੇ ਅੰਤਹਕਰਣ ਤੋਂ ਜਾਣੂ ਹੋ ਜਾਂਦੇ ਹੋ, ਤੁਸੀਂ ਦੇਖੋਗੇ ਤੁਹਾਡੇ ਅੰਦਰ ਇਕ ਸਾਫ ਸ਼ੀਸ਼ੇ ਦੀ ਤਰ੍ਹਾਂ ਹੈ, ਉਹ ਸ਼ੀਸ਼ਾ ਜਿਹੜਾ ਕਦੇ ਗਲਤ ਨਹੀਂ ਹੋ ਸਕਦਾ, ਝੂਠ ਨਹੀਂ ਬੋਲ ਸਕਦਾ। ਜੇ ਤੁਸੀਂ ਆਪਣੇ ਅੰਤਹਕਰਣ ਨੂੰ ਦੱਸੋਗੇ, ਮੈਂ ਝੂਠਾ ਹਾਂ ਪਰ ਤੂੰ ਇਹ ਕਹਿ ਕੇ ਮੈਂ ਝੂਠਾ ਨਹੀਂ, ਇਹ ਨਹੀਂ ਹੋ ਸਕੇਗਾ, ਤੁਹਾਡਾ ਅੰਤਰ ਕਦੀ ਨਹੀਂ ਕਹੇਗਾ ਕਿ ਤੂੰ ਝੂਠਾ ਨਹੀਂ। ਜੇ ਤੁਸੀਂ ਆਪਣੇ ਮੂੰਹ ਤੇ ਰੰਗ ਮਲਦੇ ਹੋ, ਸ਼ੀਸ਼ਾ ਤੁਹਾਨੂੰ ਦੱਸ ਦੇਵੇਗਾ ਤੁਸੀਂ ਕਿਹੜਾ ਰੰਗ ਮਲਿਆ ਹੈ। ਸਾਰਾ ਸੰਸਾਰ ਭਾਵੇਂ ਤੁਹਾਨੂੰ ਕਹੇ ਤੁਸੀਂ ਬਹੁਤ ਚੰਗੇ ਹੋ, ਤੁਹਾਡੀ ਅੰਤਰ ਆਤਮਾ ਜਾਣਦੀ ਹੈ, ਤੁਸੀਂ ਕੀ ਹੋ, ਤੁਸੀਂ ਐਵੇਂ ਹੋ, ਤੁਸੀਂ ਕਿੰਨਾ ਵੀ ਚੰਗਾ ਬਣਨ ਦੀ ਕੋਸ਼ਿਸ਼ ਕਰੋ, ਤੁਸੀਂ ਜੋ ਹੋ ਉਹ ਹੀ ਹੋ, ਤੁਹਾਡੀ ਅੰਤਰ ਆਤਮਾ ਉਹ ਹੀ ਕਰੇਗੀ ਜੋ ਤੁਸੀਂ ਹੋ ਉਹ ਸੱਚ ਹੈ, ਸੱਚ ਹੀ ਦੱਸੇਗੀ।

ਅੱਜ ਦਾ ਮਨੁੱਖ ਆਪਣੀ ਅੰਤਰ ਆਤਮਾ ਨੂੰ ਖਤਮ ਕਰਨ ਵਿਚ ਲੱਗਾ ਹੋਇਆ ਹੈ, ਮਾਰਨ ਵਿਚ ਲੱਗਾ ਹੋਇਆ ਹੈ ਕਿਉਂਕਿ ਅਸੀਂ ਤਾਂ ਸਭ ਕੁਝ ਬਾਹਰ ਕਰ ਲਿਆ ਹੈ ਜੋ ਕੁਝ ਵੀ ਬਾਹਰੋਂ ਕਿਹਾ ਜਾਂਦਾ ਹੈ, ਦੱਸਿਆ ਜਾਂਦਾ ਹੈ ਉਸ ਉਤੇ ਹੀ ਵਿਸ਼ਵਾਸ਼ ਕੀਤਾ ਜਾਂਦਾ ਹੈ। ਅਸੀਂ ਜੋ ਹਾਂ ਜਿਵੇਂ ਹਾਂ ਉਸ ਨੂੰ ਅਸੀਂ ਜਾਨਣਾ ਨਹੀਂ ਚਾਹੁੰਦੇ, ਅਸੀਂ ਨਹੀਂ ਜਾਨਣਾ ਚਾਹੁੰਦੇ ਵਾਸਤਵ ਵਿਚ ਅਸੀਂ ਕੀ ਹਾਂ, ਸਾਨੂੰ ਡਰ ਲਗਦਾ ਹੈ। ਇਸ ਤਰ੍ਹਾਂ ਕਰਕੇ ਹੈ ਕਿ ਜਦੋਂ ਅਸੀਂ ਆਪਣੇ ਆਪ ਨੂੰ ਅੰਦਰੋਂ ਜਾਨਣਾ ਚਾਹੁੰਦੇ ਹਾਂ, ਸਭ ਤੋਂ ਪਹਿਲਾਂ ਸਾਡੇ ਸਾਮ੍ਹਣੇ ਸਾਡੇ ਵਿਅਕਤੀਤ੍ਵ ਦਾ ਉਹ ਪਾਸਾ ਸਾਮ੍ਹਣੇ ਆਉਂਦਾ ਹੈ ਜਿਹੜਾ ਅਸੀਂ ਨਖੇਦਦੇ ਰਹੇ ਹਾਂ, ਫੇਰ ਅਸੀਂ ਇਨ੍ਹਾਂ ਨਖੇਦੀ ਦੇ ਵਿਚਾਰਾਂ ਨਾਲ ਆਪਣੇ ਆਪ ਨੂੰ ਜੋੜ ਲੈਂਦੇ ਹਾਂ। ਫੇਰ ਇਹ ਨਕਾਰਾਤਮਕ ਵਿਚਾਰ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੇ ਹਨ। ਹਰ ਸਮੇਂ ਆਪਣੇ ਆਪ ਨੂੰ ਨਖੇਦਦੇ ਰਹਿਣਾ ਕਹਿੰਦੇ ਰਹਿਣਾ, I am soorry ਮੈਂ ਪਛਤਾ ਰਿਹਾ ਹਾਂ, ਇਸ ਤਰ੍ਹਾਂ ਕਹਿਣ ਨਾਲ ਪਛਤਾਵੇ ਵਾਲਾ ਵਿਅਕਤੀਤ੍ਵ ਬਣ ਜਾਂਦਾ ਹੈ, ਉਸੇ ਤਰ੍ਹਾਂ ਦੀ ਤੁਹਾਡੀ ਸਿਹਤ ਹੋ ਜਾਂਦੀ ਹੈ। ਜਦੋਂ ਵੀ ਤੁਹਾਨੂੰ ਕੁਝ ਬੁਰਾ ਲੱਗੇ ਤੁਹਾਨੂੰ ਆਪਣੇ ਅੰਦਰ ਦੀ ਸਮਰੱਥਾ ਦਾ ਪਤਾ ਹੋਣਾ ਚਾਹੀਦਾ ਹੈ, ਤੁਹਾਨੂੰ ਚਾਹੀਦਾ ਹੈ ਤੁਸੀਂ ਉਸ ਨੂੰ ਮੰਨ ਲਵੋ। ਤੁਹਾਡੇ ਅੰਦਰ ਦੇ ਦਵੰਦ ਤੁਹਾਨੂੰ ਕਮਜ਼ੋਰ ਕਰ ਦਿੰਦੇ ਹਨ, ਤੁਹਾਨੂੰ ਆਪਣੇ ਅੰਦਰ ਆਪਣੇ ਗੁਣਾਂ ਦਾ ਪਤਾ ਹੋਣਾ ਚਾਹੀਦਾ ਹੈ, ਤੁਹਾਡੇ ਅੰਦਰ ਜੋ ਸਕਾਰਾਤਮਕ ਗੁਣ ਹਨ, ਤੁਹਾਨੂੰ ਚਾਹੀਦਾ ਹੈ ਤੁਸੀਂ ਉਨ੍ਹਾਂ ਦਾ ਅਨੰਦ ਮਾਣੋ।

ਤੁਹਾਨੂੰ ਕਦੀ ਵੀ ਆਪਣੇ ਆਪ ਨੂੰ ਨਖੇਦਣਾ ਨਹੀਂ

ਚਾਹੀਦਾ, ਜੇ ਕਦੀ ਕੋਈ ਨਖੇਦੀ ਵਾਲਾ ਵਿਚਾਰ ਆਵੇ ਵੀ ਤਾਂ ਵੀ ਉਹਦੇ ਲਈ ਆਪਣੇ ਆਪ ਨੂੰ ਨਹੀਂ ਦੁਰਕਾਰਨਾ ਚਾਹੀਦਾ। ਜੇ ਤੁਸੀਂ ਕਿਸੇ ਨੂੰ ਮਾਰਨ ਦਾ ਵਿਚਾਰ ਕੀਤਾ ਹੈ, ਤੁਹਾਡੇ ਮਨ ਵਿਚ ਇਹ ਸੋਚ ਆਈ ਹੈ, ਤੁਸੀਂ ਇਹ ਗੱਲ ਯਾਦ ਰੱਖੋ ਤੁਸੀਂ ਕਿਸੇ ਨੂੰ ਮਾਰਿਆ ਨਹੀਂ ਹੈ ਨਾ ਹੀ ਕਿਸੇ ਨੂੰ ਮਾਰਨ ਜਾ ਰਹੇ ਹੋ, ਇਹ ਤਾਂ ਤੁਹਾਡੇ ਮਨ ਦੇ ਅੰਦਰ ਇਕ ਵਿਚਾਰ ਆਇਆ ਹੈ, ਤੁਸੀਂ ਇਸਨੂੰ ਜਾਣ ਦਿਓ ਇਸਨੂੰ ਲੰਘ ਲੈਣ ਦਿਓ। ਤੁਹਾਨੂੰ ਆਪਣੇ ਆਪ ਨੂੰ ਇਸ ਵਿਚਾਰ ਨਾਲ ਜੋੜਨਾ ਨਹੀਂ ਚਾਹੀਦਾ, ਕਿਸੇ ਵੀ ਵਿਚਾਰ ਨਾਲ ਨਹੀਂ ਜੋੜਨਾ ਚਾਹੀਦਾ। ਤੁਸੀਂ ਕੋਈ ਅਪਰਾਧੀ ਤਾਂ ਹੋ ਨਹੀਂ ਜਿਹੜੇ ਤੁਹਾਡੇ ਮਨ ਵਿਚ ਮਾੜੇ ਵਿਚਾਰ ਹੀ ਆਉਂਦੇ ਹਨ। ਹਾਂ, ਜੇ ਤੁਸੀਂ ਆਪਣਏ ਆਪ ਨੂੰ ਮਾੜੇ ਵਿਚਾਰਾਂ ਨਾਲ ਜੋੜ ਲੈਂਦੇ ਹੋ, ਤਾਂ ਤੁਸੀਂ ਅਪਰਾਧੀ ਬਣ ਜਾਂਦੇ ਹੋ, ਉਨ੍ਹਾਂ ਵਿਚਾਰਾਂ ਅਨੁਸਾਰ ਕੰਮ ਕਰਨ ਲੱਗ ਪੈਂਦੇ ਹੋ, ਉਸ ਤੋਂ ਪਹਿਲਾਂ ਤੁਸੀਂ ਅਪਰਾਧੀ ਨਹੀਂ ਹੋ। ਜੇਕਰ ਤੁਸੀਂ ਵਿਚਾਰਾਂ ਨੂੰ ਲੰਘ ਲੈਣ ਦਿਓ, ਜਾਣ ਦਿਓ, ਉਹ ਨਿਕਲ ਜਾਂਦੇ ਹਨ। ਇਸ ਕਰਕੇ ਜਿਸ ਗੱਲ ਲਈ ਤੁਸੀਂ ਆਪਣੇ ਆਪ ਨੂੰ ਨਖੇਦ ਰਹੇ ਹੋ ਉਹ ਵਾਸਤਵ ਵਿਚ ਕੁਝ ਵੀ ਨਹੀਂ। ਆਪਣੇ ਆਪ ਨੂੰ ਨਖੇਦੀ ਤੋਂ ਬਚਾਉਣ ਦਾ ਕੋਈ ਤਰੀਕਾ ਨਹੀਂ, ਹਾਂ ਇਕ ਤਰੀਕਾ ਹੈ ਉਹ ਹੈ ਕਿ ਤੁਸੀਂ ਆਪਣੇ ਅੰਤਰ ਆਤਮਾ ਨੂੰ ਦੇਖੋ ਤੁਹਾਡੇ ਅੰਦਰ ਦਾ ਸ਼ੀਸ਼ਾ ਉਹ ਹੀ ਹੈ। ਆਪਣੀ ਅੰਤਰ ਆਤਮਾ ਦੇ ਵਿਪਰੀਤ ਜਾਣਾ ਆਤਮਘਾਤ ਹੈ।

ਕੋਈ ਇਕ ਵੀ ਇਹੋ ਜਿਹੀ ਭਾਵਨਾ ਨਹੀਂ ਜਿਹੜੀ ਕਿ ਕਿਸੇ ਦੂਸਰੀ ਗੱਲ ਨਾਲ ਨਾ ਜੁੜੀ ਹੋਵੇ। ਹਰ ਭਾਵਨਾ ਵਿਚ ਕੋਈ ਨਾ ਕੋਈ ਬਾਹਰੀ ਚੀਜ਼ ਜੁੜੀ ਹੁੰਦੀ ਹੈ। ਕੋਈ ਇਕ ਵੀ ਭਾਵਨਾ ਤੁਹਾਡੀ ਆਪਣੀ ਨਹੀਂ ਹੁੰਦੀ। ਜਦੋਂ ਕੋਈ ਵੀ ਝਰਨਾਟ ਹੁੰਦੀ ਹੈ, ਮਨੋਵੇਗ ਆਉਂਦਾ ਹੈ ਉਹ ਅੰਤ ਵਿਚ ਭਾਵਨਾ ਵਿਚ ਬਦਲ ਜਾਂਦਾ ਹੈ। ਸੰਵੇਗ ਵਿਚ ਬਦਲ ਜਾਂਦਾ ਹੈ। ਭਾਵਨਾ ਦਾ ਅਰਥ ਰਿਸ਼ਤੇ, ਰਿਸ਼ਤੇ ਜੀਵਨ ਹਨ। ਜਦੋਂ ਤੱਕ ਤੁਸੀਂ ਜੀਵਨ ਨਹੀਂ ਜੀਉਂਦੇ ਰਿਸ਼ਤੇ ਨਹੀਂ ਰੱਖਦੇ ਤੁਸੀਂ ਇਕੱਲੇ ਹੋ ਜਾਂਦੇ ਹੋ, ਇਕੱਲਾਪਣ ਜਾਂ ਇਕੱਲੇ ਹੋਣਾ ਬਹੁਤ ਸਾਰੀਆਂ ਬਿਮਾਰੀਆਂ ਦੀ ਜੜ੍ਹ ਹੈ। ਇਕ ਤਰ੍ਹਾਂ ਨਾਲ ਤਾਂ ਸਾਰੇ ਹੀ ਇਕੱਲੇ ਹਨ। ਭਾਵੇਂ ਹਰ ਕੋਈ ਇਕ ਦੂਸਰੇ ਨੂੰ ਜੱਫੀ ਪਾਉਂਦਾ ਹੈ, ਇਕ ਦੂਸਰੇ ਨੂੰ ਕਹਿੰਦੇ ਹਨ ਮੈਂ ਤੈਨੂੰ ਪਿਆਰ ਕਰਦਾ ਹਾਂ ਪਰ ਵਾਸਤਵ ਵਿਚ ਲੋਕੀ ਇਕੱਲੇ ਹੀ ਹਨ। ਜੇਕਰ ਤੁਸੀਂ ਇਕੱਲੇਪਨ ਦਾ ਵਿਸ਼ਲੇਸ਼ਨ ਕਰੋਗੇ ਤੁਸੀਂ ਦੇਖੋਗੇ, ਦੇਖ ਕੇ ਹੈਰਾਨ ਹੋ ਜਾਓਗੇ, ਜਿਹੜੇ ਤੁਹਾਨੂੰ ਪਿਆਰ ਕਰਦੇ ਹਨ ਉਹ ਹੀ ਤੁਹਾਨੂੰ ਇਕੱਲਾਪਨ ਦਿੰਦੇ ਹਨ। ਕੋਈ ਬਾਹਰ ਦਾ ਬੰਦਾ ਤੁਹਾਨੂੰ ਇਕੱਲਾਪਨ ਮਹਿਸੂਸ ਨਹੀਂ ਕਰਾ ਸਕਦਾ। ਜਦੋਂ ਤੁਸੀਂ ਇਕੱਲੇ ਮਹਿਸੂਸ ਕਰਦੇ ਹੋ ਉਸ ਤੋਂ ਭਾਵ ਹੈ ਕਿ ਤੁਹਾਡੀਆਂ ਭਾਵਨਾਵਾਂ ਤੁਹਾਡੇ ਕੰਟਰੋਲ ਵਿਚ ਨਹੀਂ, ਦੂਸਰੀ ਗੱਲ ਤੁਹਾਡੇ ਰਿਸ਼ਤਿਆਂ ਵਿਚ ਤੁਹਾਡੇ ਸਬੰਧਾਂ ਵਿਚ ਕੋਈ ਸਮੱਸਿਆ ਹੈ। ਤੁਹਾਨੂੰ ਆਪਣੇ ਆਪ ਨੂੰ ਸ਼ਕਤੀਸ਼ਾਲ ਕਰਨਾ ਚਾਹੀਦਾ ਹੈ। ਸ਼ਕਤੀਸ਼ਾਲ ਤੋਂ ਭਾਵ ਹੈ ਕਿ ਮਾਨਸਿਕ ਪੱਖੋਂ ਤੁਹਾਨੂੰ ਅੰਦਰੋਂ ਪੱਕੇ ਹੋਣਾ ਚਾਹੀਦਾ ਹੈ ਕਿਸੇ ਦੀ ਸਲਾਹ


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
*Monthly Magazine* ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ..........................................

ਪਤਾ/Address ..........................................

..........................................

..........................................

..........................Pin Code..........................

Phone.................... E-mail :..........................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ......................ਮਿਤੀ......................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ..............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

ਤੋਂ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ, ਕਿਸੇ ਵੀ ਮਨੁੱਖ ਦੇ ਪ੍ਰਭਾਵ ਥੱਲੇ ਨਹੀਂ ਆਉਣਾ ਚਾਹੀਦਾ, ਖਾਸ ਕਰਕੇ ਕਿਸੇ ਵੀ ਨਕਾਰਾਤਮਕ ਸੁਝਾਅ ਤੋਂ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ। ਸਕਾਰਤਮਕ ਸੁਝਾਅ ਸਿੱਖਣ ਦਾ ਇਕ ਸਾਧਨ ਹਨ, ਨਕਾਰਾਤਮਕ ਸੁਝਅ ਦਾ ਸਵੈ ਨਾਸ਼ਿਕ ਹੁੰਦਾ ਹੈ।

ਕਿਸੇ ਦੀ ਭਾਵਨਾ ਦਾ ਵਿਸ਼ਲੇਸ਼ਨ ਤੁਸੀਂ ਕਰ ਸਕਦੇ ਹੋ, ਪਰ ਵਿਸ਼ਲੇਸ਼ਨ ਕਰਨ ਨਾਲ ਉਸ ਦਾ ਸਮਾਧਾਨ ਨਹੀਂ ਹੋ ਜਾਂਦਾ ਉਸ ਦਾ ਹੱਲ ਨਹੀਂ ਹੋ ਜਾਂਦਾ, ਨਾ ਹੀ ਵਿਸ਼ਲੇਸ਼ਨ ਨਾਲ ਤੁਹਾਡਾ ਵਿਅਕਤੀਤਵ ਬਦਲਿਆ ਜਾਵੇਗਾ, ਵਿਅਕਤੀਤਵ ਤਾਂ ਉਦੋਂ ਬਦਲੇਗਾ ਜਦੋਂ ਤੁਸੀਂ ਆਪਣੇ ਆਪ ਨੂੰ ਸਿਖਿਆ ਦੇਓਗੇ, ਆਪਣੇ ਆਪ ਨੂੰ ਸੋਧੋਗੇ। ਜਦੋਂ ਤੁਸੀਂ ਆਪਣੀ ਅੰਤਰ ਆਤਮਾ ਦੇ ਪਿੱਛੇ ਲੱਗੋਗੇ ਉਸ ਦੀ ਆਵਾਜ਼ ਸੁਣੋਗੇ, ਆਪਣੇ ਆਪ ਨੂੰ ਜਾਣੋਗੇ, ਆਪਣੇ ਗੁਣਾਂ ਨੂੰ ਜਾਣੋਗੇ, ਆਪਣੀ ਪ੍ਰਸੰਸਾ ਕਰੋਗੇ, ਅੱਗੇ ਤੋਂ ਆਪਣੇ ਆਪ ਨੂੰ ਨਹੀਂ ਨਖੇਦੋਗੇ ਫੇਰ ਤੁਹਾਡਾ ਵਿਅਕਤੀਤੂ ਅੱਗੇ ਤੋਂ ਢਹਿੰਦੀ ਕਲਾ ਵਲ ਨਹੀਂ ਜਾਵੇਗਾ। ਇਹ ਇਕ ਬਹੁਤ ਹੀ ਸੋਹਣਾ ਸ਼ੁਰੂਆਤ ਹੈ, ਪਰ ਇਸ ਨਾਲ ਤੁਹਾਡੀ ਆਦਤ ਖਤਮ ਨਹੀਂ ਹੋਣ ਲੱਗੀ ਜਿਹੜੀ ਪੈ ਚੁੱਕੀ ਹੈ ਪੱਕ ਚੁੱਕੀ ਹੈ। ਤੁਹਾਨੂੰ ਆਪਣੇ ਆਪ ਨੂੰ ਸੋਧਣ ਦਾ ਪੂਰਾ-ਪੂਰਾ ਯਤਨ ਕਰਨਾ ਪਵੇਗਾ, ਪੂਰਾ ਪ੍ਰੋਗਰਾਮ ਚਲਾਉਣਾ ਪਵੇਗਾ, ਜੇਕਰ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ ਤੁਹਾਨੂੰ ਆਪਣੀ ਸਮੱਸਿਆ ਤਾਂ ਪਤਾ ਲਗ ਜਾਏਗੀ ਜਾਂ ਲੱਗ ਗਈ ਹੈ ਪਰ ਤੁਸੀਂ ਉਸ ਸਮੱਸਿਆ ਤੋਂ ਛੁਟਕਾਰਾ ਨਹੀਂ ਪਾ ਸਕਦੇ। ਉਦਾਹਰਣ ਵਜੋਂ ਤੁਹਾਨੂੰ ਪਤਾ ਹੈ ਕਿ ਦਰਦ ਇਕ ਖਾਸ ਜਗ੍ਹਾ ਤੇ ਹੈ ਇਹ ਜਾਣ ਲੈਣ ਨਾਲ ਤੁਹਾਡੀ ਦਰਦ ਤਾਂ ਨਹੀਂ ਘਟਣ ਲੱਗੀ, ਤੁਹਾਨੂੰ ਇਹ ਜਾਨਣ ਦੀ ਲੋੜ ਹੈ ਕਿ ਦਰਦ ਕਿਵੇਂ ਹਟੇਗੀ, ਕਿਵੇਂ ਇਸਨੂੰ ਦੂਰ ਕੀਤਾ ਜਾ ਸਕਦਾ ਹੈ। ਸਾਰਿਆਂ ਕੋਲ ਸਮਰੱਥਾ ਹੈ, ਸਭ ਆਪਣੇ ਅੰਦਰ ਜਾਣਦੇ ਹਨ, ਲੋੜ ਹੈ, ਉਸ ਤੋਂ ਜਾਣੂ ਹੋਣ ਦੀ ਉਸ ਲਈ ਸੁਚੇਤ ਹੋਣ ਦੀ ਸੁਚੇਤ ਹੋ ਕੇ ਉਨ੍ਹਾਂ ਗੁਣਾਂ ਦੀ ਵਰਤੋਂ ਕਰਕੇ ਸਥਾਈ ਅਨੰਦ ਪ੍ਰਾਪਤ ਕਰਨ ਦੀ। ਸਭ ਕੁਝ ਤੁਹਾਡੇ ਅੰਦਰ ਹੈ, ਲੋੜ ਹੈ ਉਸ ਨੂੰ ਖੋਜ ਕੇ ਉਸ ਤੋਂ ਜਾਣੂ ਹੋ ਕੇ ਉਸਦੀ ਵਰਤੋਂ ਕਰਕੇ ਖੁਸ਼ੀ ਪ੍ਰਾਪਤ ਕਰਨੀ, ਅਨੰਦ ਪ੍ਰਾਪਤ ਕਰਨਾ।

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 02, 09, 16, 23, 30 ਦਸੰਬਰ

**ਸੰਗਰਾਂਦ** - 16 ਦਸੰਬਰ, ਦਿਨ ਐਤਵਾਰ।

**ਪੂਰਨਮਾਸ਼ੀ** - 23 ਦਸੰਬਰ, ਦਿਨ ਐਤਵਾਰ।
(ਸਮਾਂ ਦੁਪਹਿਰ 1 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਮਹੀਨੇ ਦੇ ਆਖਰੀ ਸ਼ਨਿੱਚਰਵਾਰ 29 ਦਸੰਬਰ 2007, ਸਮਾਂ ਦਿਨ ਦੇ - 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜਦਾ ਹੈ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 160/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| **16.** | **Divine Word Contemplation Path**', | 70/- |


ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।